ਸੰਪੂਰਨਤਾ ਦਿਵਸ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ 'ਤੇ ਵਿਸ਼ੇਸ਼ ਲੇਖ ਦੇਖੋ ਸਫਾ 19 'ਤੇ

13ਵਾਂ ਸਾਲ


# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 21
August 28, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਗੁਰੂ ਨਾਨਕ ਬਾਣੀ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਦੀ ਸੂਝ। ਪ੍ਰੋ. (ਡਾ.) ਰੌਣਕੀ ਰਾਮ ਦਾ ਵਿਸ਼ੇਸ਼ ਲੇਖ ਦੇਖੋ ਸਫਾ 6 'ਤੇ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

## ਪੈਰਿਸ ਪੈਰਾਲੰਪਿਕਸ ਖੇਡਾਂ ਹੋਈਆਂ ਆਰੰਭ



**ਨਵੀਂ ਦਿੱਲੀ (ਬਿਊਰੋ)** ਪੈਰਿਸ ਓਲੰਪਿਕ 2024 ਤੋਂ ਬਾਅਦ ਹੁਣ ਪੈਰਿਸ ਪੈਰਾਲੰਪਿਕ 2024 ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਪੈਰਾਲੰਪਿਕ 2024 ਅੱਜ ਯਾਨੀ 28 ਅਗਸਤ ਤੋਂ ਸ਼ੁਰੂ ਹੋ ਰਿਹਾ ਹੈ। ਇਹ ਸਮਾਗਮ 8 ਸਤੰਬਰ ਤੱਕ ਚੱਲੇਗਾ। ਇਸ ਈਵੈਂਟ 'ਚ ਭਾਰਤੀ ਐਥਲੀਟ ਵੀ ਹਿੱਸਾ ਲੈਣ ਜਾ ਰਹੇ ਹਨ। ਨਵੀਂ ਦਿੱਲੀ : ਪੈਰਿਸ ਓਲੰਪਿਕ 2024 ਤੋਂ ਬਾਅਦ ਹੁਣ ਪੈਰਿਸ ਪੈਰਾਲੰਪਿਕ 2024 ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਪੈਰਾਲੰਪਿਕ 2024 ਅੱਜ ਯਾਨੀ 28 ਅਗਸਤ ਤੋਂ ਸ਼ੁਰੂ ਹੋ ਰਿਹਾ ਹੈ। ਇਹ ਸਮਾਗਮ 8 ਸਤੰਬਰ ਤੱਕ ਚੱਲੇਗਾ। ਇਸ ਈਵੈਂਟ 'ਚ ਭਾਰਤੀ ਐਥਲੀਟ ਵੀ ਹਿੱਸਾ ਲੈਣ ਜਾ ਰਹੇ ਹਨ। ਇਸ ਲੜੀ 'ਚ ਗੂਗਲ (google) ਨੇ ਪੈਰਾਲੰਪਿਕ ਲਈ ਅੱਜ ਦਾ ਡੂਡਲ (doodle) ਤਿਆਰ ਕੀਤਾ ਹੈ।

## ਰੂਸ-ਯੂਕਰੇਨ ਜੰਗ ਖਤਮ ਕਰਵਾਉਣ ਦੀਆਂ ਤਿਆਰੀਆਂ ਆਰੰਭ



**ਨਵੀਂ ਦਿੱਲੀ (ਬਿਊਰੋ)-** ਯੂਕਰੇਨ ਦਾ ਦੌਰਾ ਕਰਨ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਫ਼ੋਨ 'ਤੇ ਗੱਲਬਾਤ ਕੀਤੀ ਹੈ। ਉਨ੍ਹਾਂ ਨੇ ਰਾਸ਼ਟਰਪਤੀ ਪੁਤਿਨ ਨਾਲ ਆਪਣੀ ਯੂਕਰੇਨ ਯਾਤਰਾ ਦਾ ਅਨੁਭਵ ਸਾਂਝਾ ਕੀਤਾ। ਅਜਿਹੀ ਵੀ ਚਰਚਾ ਹੈ ਕਿ ਰੂਸ ਅਤੇ ਯੂਕਰੇਨ ਭਾਰਤ ਦੀ ਵਿਚੋਲਗੀ ਵਿਚ ਗੱਲਬਾਤ ਕਰਨ ਲਈ ਸਹਿਮਤ ਹੋ ਗਏ ਹਨ। ਇਸ ਤੋਂ ਇਲਾਵਾ ਰੂਸ-ਯੂਕਰੇਨ ਜੰਗ ਨੂੰ ਲੈ ਕੇ ਦੋਹਾਂ ਨੇਤਾਵਾਂ ਵਿਚਾਲੇ ਗੱਲਬਾਤ ਹੋਈ। ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨੇ ਯੂਕਰੇਨ ਦਾ ਦੌਰਾ ਕੀਤਾ। ਪੀਐਮ ਮੋਦੀ ਨੇ ਕਿਹਾ ਕਿ ਦੋਵਾਂ ਨੇਤਾਵਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਵਿਸ਼ੇਸ਼ ਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੇ ਉਪਾਵਾਂ 'ਤੇ ਵੀ ਚਰਚਾ ਕੀਤੀ। ਉਸ ਨੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਮੁਲਾਕਾਤ ਕੀਤੀ ਤੇ ਯੂਕਰੇਨ ਨੂੰ ਹਰ ਸੰਭਵ ਮਦਦ ਪ੍ਰਦਾਨ ਕਰਨ ਬਾਰੇ ਗੱਲ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਵੱਖ-ਵੱਖ ਮੰਚਾਂ ਤੋਂ ਦੁਹਰਾਇਆ ਹੈ ਕਿ ਟਕਰਾਅ ਦਾ ਹੱਲ ਗੱਲਬਾਤ ਰਾਹੀਂ ਹੀ ਲੱਭਿਆ ਜਾ ਸਕਦਾ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਦੂਜੇ ਯੂਕਰੇਨ ਸ਼ਾਂਤੀ ਸੰਮੇਲਨ ਦੀ ਮੇਜ਼ਬਾਨੀ ਲਈ ਭਾਰਤ ਦੇ ਨਾਮ ਦਾ ਪ੍ਰਸਤਾਵ ਰੱਖਿਆ ਹੈ। ਜ਼ੇਲੇਂਸਕੀ ਨੇ ਪੀਐਮ ਮੋਦੀ ਦੇ ਯੂਕਰੇਨ ਦੌਰੇ ਦੌਰਾਨ ਵੀ ਪੀਐਮ ਮੋਦੀ ਦੇ ਸਾਹਮਣੇ ਇਹ ਪ੍ਰਸਤਾਵ ਰੱਖਿਆ ਸੀ। ਜ਼ੇਲੇਂਸਕੀ ਚਾਹੁੰਦੇ ਹਨ ਕਿ ਭਾਰਤ ਸ਼ਾਂਤੀ ਸੰਮੇਲਨ ਦੀ ਮੇਜ਼ਬਾਨੀ ਕਰੇ। ਜ਼ੇਲੇਂਸਕੀ ਦੇ ਇਸ ਬਿਆਨ ਨੂੰ ਕੂਟਨੀਤਕ ਤੌਰ 'ਤੇ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਪਹਿਲੀ ਯੂਕਰੇਨ ਸ਼ਾਂਤੀ ਸੰਮੇਲਨ ਜੂਨ ਵਿੱਚ ਸਵਿਟਜ਼ਰਲੈਂਡ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ 90 ਤੋਂ ਵੱਧ ਦੇਸ਼ਾਂ ਨੇ ਭਾਗ ਲਿਆ ਸੀ।

## ਹੁਣ ਬਹੁਤ ਹੋ ਗਿਆ, ਔਰਤਾਂ ਖਿਲਾਫ ਅਪਰਾਧ ਬੰਦ ਕਰੋ-ਰਾਸ਼ਟਰਪਤੀ ਮੁਰਮੂ



**ਨਵੀਂ ਦਿੱਲੀ (ਬਿਊਰੋ)-** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕੋਲਕਾਤਾ ਵਿੱਚ ਡਾਕਟਰ ਦੇ ਬਲਾਤਕਾਰ ਅਤੇ ਕਤਲ 'ਤੇ ਪਹਿਲੀ ਵਾਰ ਬੋਲਦਿਆਂ ਔਰਤਾਂ ਖ਼ਿਲਾਫ਼ ਲਗਾਤਾਰ ਹੋ ਰਹੇ ਅਪਰਾਧਾਂ 'ਤੇ ਆਪਣਾ ਗੁੱਸਾ ਜ਼ਾਹਰ ਕੀਤਾ ਹੈ। ਉਨ੍ਹਾਂ ਆਪਣੇ ਲੇਖ ਵਿੱਚ ਕਿਹਾ, 'ਸਾਨੂੰ ਔਰਤਾਂ ਵਿਰੁੱਧ ਅਪਰਾਧਾਂ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਬਾਰੇ ਇਮਾਨਦਾਰੀ ਨਾਲ ਆਤਮ-ਪੜਚੋਲ ਕਰਨ ਅਤੇ ਇਸ ਬਿਮਾਰੀ ਨੂੰ ਜੜ੍ਹੋਂ ਪੁੱਟਣ ਦੀ ਲੋੜ ਹੈ। ਕੋਲਕਾਤਾ ਵਿੱਚ ਡਾਕਟਰ ਦੇ ਬਲਾਤਕਾਰ ਅਤੇ ਕਤਲ ਦੀ ਘਿਨਾਉਣੀ ਘਟਨਾ ਨੇ ਦੇਸ਼ ਨੂੰ ਹਿਲਾ ਦਿੱਤਾ ਹੈ। ਜਦੋਂ ਮੈਂ ਇਹ ਖ਼ਬਰ ਸੁਣੀ ਤਾਂ ਮੈਂ ਬਹੁਤ ਦੁਖੀ ਹੋਈ। ਸਭ ਤੋਂ ਨਿਰਾਸ਼ਾਜਨਕ ਗੱਲ ਇਹ ਹੈ ਕਿ ਇਹ ਕੋਈ ਵੱਖਰਾ ਮਾਮਲਾ ਨਹੀਂ ਹੈ, ਇਹ ਔਰਤਾਂ ਵਿਰੁੱਧ ਅਪਰਾਧਾਂ ਦੀ ਲੜੀ ਦਾ ਹਿੱਸਾ ਹੈ। ਇਥੋਂ ਤੱਕ ਕਿ ਜਦੋਂ ਕੋਲਕਾਤਾ ਵਿੱਚ ਵਿਦਿਆਰਥੀ, ਡਾਕਟਰ ਅਤੇ ਨਾਗਰਿਕ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ, ਅਪਰਾਧੀ ਸ਼ਿਕਾਰੀਆਂ ਵਾਂਗ ਕਿਤੇ ਹੋਰ ਲੁਕੇ ਹੋਏ ਹਨ। ਇੱਥੋਂ ਤੱਕ ਕਿ ਸਕੂਲ ਦੀਆਂ ਛੋਟੀਆਂ ਕੁੜੀਆਂ ਵੀ ਪੀੜਤਾਂ ਵਿੱਚ ਸ਼ਾਮਲ ਹਨ। ਕੋਈ ਵੀ ਸੱਭਿਅਕ ਸਮਾਜ ਧੀਆਂ-ਭੈਣਾਂ ਨਾਲ ਅਜਿਹਾ ਸਲੂਕ ਬਰਦਾਸ਼ਤ ਨਹੀਂ ਕਰ ਸਕਦਾ। ਦੇਸ਼ 'ਚ ਰੋਸ ਹੋਣਾ ਸੁਭਾਵਿਕ ਹੈ ਤੇ ਮੈਂ ਵੀ ਗੁੱਸੇ ਵਿੱਚ ਹਾਂ।' ਉਨ੍ਹਾਂ ਕਿਹਾ ਕਿ ਸਾਡੀਆਂ ਧੀਆਂ ਪ੍ਰਤੀ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਦੀ ਆਜ਼ਾਦੀ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰੀਏ, ਤਾਂ ਹੀ ਅਸੀਂ ਸਾਰੇ ਮਿਲ ਕੇ ਅਗਲੀ ਰੱਖੜੀ 'ਤੇ ਉਨ੍ਹਾਂ ਬੱਚਿਆਂ ਦੇ ਮਾਸੂਮ ਸਵਾਲਾਂ ਦਾ ਦ੍ਰਿੜਤਾ ਨਾਲ ਜਵਾਬ ਦੇ ਸਕਾਂਗੇ। ਆਓ! ਆਪਾਂ ਸਾਰੇ ਮਿਲ ਕੇ ਕਹੀਏ ਕਿ ਬਹੁਤ ਹੋ ਗਿਆ!

## ਬਲੋਚਿਸਤਾਨ 'ਚ ਹੋਏ ਅੱਤਵਾਦੀ ਹਮਲਿਆਂ ਦੀ ਅਮਰੀਕਾ ਨੇ ਕੀਤੀ ਨਿੰਦਾ



**ਵਾਸ਼ਿੰਗਟਨ-)-** ਅਮਰੀਕਾ ਨੇ ਮੰਗਲਵਾਰ ਨੂੰ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ 'ਚ ਹਾਲ ਹੀ 'ਚ ਹੋਏ ਅੱਤਵਾਦੀ ਹਮਲਿਆਂ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਉਹ ਅੱਤਵਾਦ ਖਿਲਾਫ ਲੜਾਈ 'ਚ ਇਸਲਾਮਾਬਾਦ ਦੇ ਨਾਲ ਖੜ੍ਹਾ ਹੈ। ਦੱਸ ਦੇਈਏ ਕਿ ਅੱਤਵਾਦੀ ਹਮਲੇ 'ਚ ਵੱਡੀ ਗਿਣਤੀ 'ਚ ਲੋਕਾਂ ਦੀ ਜਾਨ ਚਲੀ ਗਈ ਸੀ। ਅਮਰੀਕੀ ਵਿਦੇਸ਼ ਵਿਭਾਗ ਦੇ ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਦੇ ਬਿਊਰੋ ਨੇ ਟਵਿੱਟਰ 'ਤੇ ਇਕ ਪੋਸਟ ਸ਼ੇਅਰ ਕਰਦੇ ਹੋਏ ਕਿਹਾ ਕਿ ਸੰਯੁਕਤ ਰਾਜ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿਚ ਕਈ ਹਮਲਿਆਂ ਦੀ ਸਖਤ ਨਿੰਦਾ ਕਰਦਾ ਹੈ, ਜਿਸ ਵਿਚ ਕਈ ਲੋਕਾਂ ਦੀ ਮੌਤ ਹੋ ਗਈ ਸੀ। ਹਮਲਿਆਂ ਵਿੱਚ ਜਾਨਾਂ ਗੁਆਉਣ ਵਾਲਿਆਂ ਪ੍ਰਤੀ ਹਮਦਰਦੀ ਪ੍ਰਗਟ ਕਰਦੇ ਹੋਏ, ਇਸ ਨੇ ਅੱਗੇ ਕਿਹਾ ਕਿ ਸ਼ਾਂਤੀ ਤੇ ਸਥਿਰਤਾ ਨੂੰ ਭੰਗ ਕਰਨ ਵਾਲੀ ਕਿਸੇ ਵੀ ਹਿੰਸਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਸੀਂ ਅੱਤਵਾਦ ਵਿਰੁੱਧ ਲੜਾਈ ਵਿੱਚ ਪਾਕਿਸਤਾਨ ਦੇ ਨਾਲ ਖੜ੍ਹੇ ਹਾਂ ਤੇ ਉਨ੍ਹਾਂ ਲੋਕਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ। ਪਾਕਿਸਤਾਨ ਦੇ ਅਸ਼ਾਂਤ ਸੂਬੇ ਬਲੋਚਿਸਤਾਨ 'ਚ ਅੱਤਵਾਦ ਰੁਕਣ ਦਾ ਕੋਈ ਸੰਕੇਤ ਨਹੀਂ ਦੇ ਰਿਹਾ ਹੈ। ਹਾਲ ਹੀ ਵਿੱਚ ਬਲੋਚ ਲਿਬਰੇਸ਼ਨ ਆਰਮੀ (ਬੀਐਲਏ) ਨੇ ਬਲੋਚਿਸਤਾਨ ਵਿੱਚ 130 ਪਾਕਿਸਤਾਨੀ ਸੈਨਿਕਾਂ ਨੂੰ ਮਾਰਨ ਦਾ ਦਾਅਵਾ ਕੀਤਾ ਹੈ। ਪਾਕਿਸਤਾਨ ਦੇ ਅਸ਼ਾਂਤ ਸੂਬੇ ਬਲੋਚਿਸਤਾਨ 'ਚ ਸੋਮਵਾਰ ਨੂੰ ਵਿਦਰੋਹੀਆਂ ਨੇ ਹਾਈਵੇਅ, ਰੇਲਵੇ ਪੁਲਾਂ ਅਤੇ ਪੁਲਿਸ ਸਟੇਸ਼ਨਾਂ 'ਤੇ ਹਮਲਾ ਕੀਤਾ। ਸਰੋਤਾਂ ਨਾਲ ਭਰਪੂਰ ਸੂਬੇ 'ਤੇ ਕੰਟਰੋਲ ਲਈ ਦਹਾਕਿਆਂ ਤੋਂ ਚੱਲੀ ਬਗਾਵਤ ਦੇ ਹਿੱਸੇ ਵਜੋਂ ਇਹ ਹਮਲਾ ਸਾਲਾਂ ਦਾ ਸਭ ਤੋਂ ਵੱਡਾ ਹਮਲਾ ਹੈ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RAMESH SUMAN
Broker Realtor
RCS-D
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

# ਸ੍ਰੀ ਗੁਰੂ ਰਵਿਦਾਸ ਗੁਰੂਘਰ ਫਰਿਜ਼ਨੋ ਵਿਖੇ ਹਫਤਾਵਾਰੀ ਦੀਵਾਨਾਂ ਦੌਰਾਨ ਭੰਗੂ-ਧਾਲੀਵਾਲ ਪਰਿਵਾਰਾਂ ਨੇ ਬੱਚੀ ਦੇ ਜਨਮ ਦਿਨ ’ਤੇ ਸੇਵਾ ਨਿਭਾਈ

**ਫਰਿਜ਼ਨੋ (ਡੀ. ਡੀ. ਬੀ.)–** ਬੀਤੇ ਐਤਵਾਰ (ਅਗਸਤ 25, 2024) ਨੂੰ ਸ੍ਰੀ ਗੁਰੂ ਰਵਿਦਾਸ ਗੁਰੂਘਰ ਫਰਿਜ਼ਨੋ (ਕੈ-ਲੇਫੋਰਨੀਆ) ਵਿਖੇ ਹਫਤਾਵਾਰੀ ਦੀਵਾਨ ਸਜਾਏ ਗਏ, ਜਿਸ ਦੌਰਾਨ ਦੂਰ-ਦੁਰਾਡਿਆਂ ਤੋਂ ਸੰਗਤਾਂ ਨੇ ਹਾਜ਼ਰੀ ਲਗਾਈ।

ਇਸ ਮੌਕੇ ਨਾਮਵਰ ਰਾਗੀ ਜਥਾ ਭਾਈ ਸਾਹਿਬ ਭਾਈ ਹਰਵਿੰਦਰ ਸਿੰਘ ਰਸੀਆ ਤੇ ਉਹਨਾਂ ਦੇ ਜਥੇ ਤੋਂ ਇਲਾਵਾ ਭਾਈ ਭੁਪਿੰਦਰ ਸਿੰਘ ਅਤੇ ਭਾਈ ਰਾਜ ਬਰਾੜ ਆਦਿ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇੱਥੇ ਜ਼ਿਕਰਯੋਗ ਹੈ ਕਿ ਅੱਜ ਦੇ ਹਫਤਾਵਾਰੀ ਦੀਵਾਨਾਂ ਦੇ ਸ਼ੁਭ ਅਵਸਰ ਤੇ ਹੋਣਹਾਰ ਪ੍ਰਤਿਭਾਸ਼ਾਲੀ ਬੱਚੀ ਸੀਰਤਦੀਪ ਕੌਰ ਭੰਗੂ ਦਾ ਜਨਮ ਦਿਨ ਉਸਦੇ ਮਾਤਾ-ਪਿਤਾ ਭੰਗੂ ਪਰਿਵਾਰ ਅਤੇ ਨਾਨਕੇ ਧਾਲੀਵਾਲ ਸਮੂਹ ਪਰਿਵਾਰ ਵੱਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਦਿਆਂ ਕਿਸੇ ਹੋਰ ਵੱਡੇ ਬੈਂਕੁਟ ਹਾਲ ਦੀ ਜਗ੍ਹਾ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਸਮੂਹ ਸੰਗਤ ਦਾ ਜਿੱਥੇ ਪਿਆਰ ਪਾਇਆ, ਉਥੇ ਬੱਚੀ ਸੀਰਤਦੀਪ ਕੌਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਨਾ ਵੀ ਮਿਲੀ।

ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੇ ਜਿੱਥੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ, ਉਥੇ ਉਹਨਾਂ ਬੱਚੀ ਸੀਰਤਦੀਪ ਕੌਰ ਦੇ ਜਨਮ ਦਿਨ ਦੀ ਸਮੂਹ ਭੰਗੂ ਅਤੇ ਧਾਲੀਵਾਲ ਪਰਿਵਾਰਾਂ ਨੂੰ ਵਧਾਈ ਦਿੰਦਿਆਂ ਬੱਚੀ ਦੀ ਸਿਹਤਯਾਬੀ, ਉੱਚ ਵਿੱਦਿਆ ਅਤੇ ਚੰਗੇ ਭਵਿੱਖ ਦੀ ਸ਼ੁਭ ਕਾਮਨਾਵਾਂ ਕਰਦਿਆਂ ਇਸੇ ਤਰ੍ਹਾਂ ਗੁਰੂ ਘਰ ਆਉਂਦੇ ਰਹਿਣ ਤੇ ਗੁਰਬਾਣੀ ਦਾ ਜਾਪ ਕਰਕੇ ਆਪਣਾ ਜੀਵਨ ਸਫਲਾ ਕਰਨ।

ਪ੍ਰਧਾਨ ਸ੍ਰੀ ਅਮਰ ਦੜੌਚ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਭਰਵੀਂ ਹਾਜ਼ਰੀ ਭਰਨ ਲਈ ਧੰਨਵਾਦ ਕਰਦਿਆਂ ਪ੍ਰਬੰਧਕ ਕਮੇਟੀ ਵੱਲੋਂ ਬੱਚੀ ਸੀਰਤਦੀਪ ਕੌਰ ਦਾ ਜਨਮ ਦਿਨ ਉਸਦੇ ਮਾਤਾ-ਪਿਤਾ ਭੰਗੂ ਪਰਿਵਾਰ ਅਤੇ ਨਾਨਕੇ, ਧਾਲੀਵਾਲ ਪਰਿਵਾਰ ਵੱਲੋਂ ਗੁਰੂਘਰ ਵਿਖੇ ਮਨਾਏ ਜਾਣ ’ਤੇ ਵਧਾਈ ਦਿੰਦਿਆਂ ਧੰਨਵਾਦ ਕੀਤਾ। ਭੰਗੂ-ਧਾਲੀਵਾਲ ਪਰਿਵਾਰਾਂ ਨੇ ਪਾਠ-ਲੰਗਰਾਂ ਦੀ ਸੇਵਾ ਨਿਭਾਈ।

ਅੱਜ ਦੇ ਹਫਤਾਵਾਰੀ ਦੀਵਾਨਾਂ ਤੋਂ ਬਾਅਦ ਸੁਪਰੀਮ ਕੌਂਸਲ ਸ੍ਰੀ ਗੁਰੂ ਰਵਿਦਾਸ ਸਭਾਵਾਂ (ਕੈਲੇਫੋਰਨੀਆ) ਦੀ ਗੁਰੂ ਘਰ ਵਿਖੇ ਬੈਠਕ ਕੀਤੀ ਗਈ, ਜਿਸ ਦੌਰਾਨ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਨੁਮਾਇੰਦਿਆਂ ਅਤੇ ਸੁਪਰੀਮ ਕੌਂਸਲ ਸ੍ਰੀ ਗੁਰੂ ਰਵਿਦਾਸ ਸਭਾਵਾਂ (ਕੈਲੇਫੋਰਨੀਆ) ਦੇ ਮੈਂਬਰਾਂ ਨੇ ਸ਼ਮੂਲੀਅਤ ਕਰਕੇ, ਸਮਾਜ ਦੀਆਂ ਦੁੱਖ-ਤਕਲੀਫਾਂ ਅਤੇ ਚੜ੍ਹਦੀਕਲਾ ਲਈ ਵਿਚਾਰਾਂ ਕੀਤੀਆਂ। ਇਸ ਤੋਂ ਪਹਿਲਾਂ ਸ੍ਰੀ ਰਮੇਸ਼ ਸੁੰਮਨ ਨੇ ਗੁਰੂ ਘਰ ਦੇ ਦੀਵਾਨਾਂ ਦੌਰਾਨ ਸੰਗਤਾਂ ਨਾਲ ਇਸ ਸਬੰਧਤ ਜਾਣਕਾਰੀ ਸਾਂਝੀ ਕੀਤੀ।

ਹਫਤਾਵਾਰੀ ਦੀਵਾਨਾਂ ਦੀ ਸਮਾਪਤੀ ਤੇ ਸਟੇਜ ਦੀ ਬਾਖੂਬੀ ਨਾਲ ਸੇਵਾ ਨਿਭਾਉਂਦਿਆਂ ਸ੍ਰੀ ਕੁਲਦੀਪ ਸਿੰਘ ਬੰਗੜ ਸਮੂਹ ਗੁਰੂ ਪਿਆਰੀ ਸੰਗਤ ਦਾ ਧੰਨਵਾਦ ਕੀਤਾ ਤੇ ਸਮੂਹ ਭੰਗੂ-ਧਾਲੀਵਾਲ ਪਰਿਵਾਰਾਂ ਨੂੰ ਬੱਚੀ ਸੀਰਤਦੀਪ ਕੌਰ ਦੇ ਹੈਪੀ ਬਰਥਡੇ ਗੁਰੂ ਘਰ ਵਿਖੇ ਮਨਾਏ ਜਾਣ ਦੀ ਵਧਾਈ ਸਾਂਝੀ ਕੀਤੀ ਤੇ ਇਸਦੇ ਨਾਲ ਹੀ ਉਹਨਾਂ ਸ੍ਰੀ ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ ਹਫਤਾਵਾਰੀ ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਨਾਲ ਸ੍ਰੀ ਪਾਮਸ ਭੱਟੀ ਦਾ ਅੱਜ ਦੇ ਪ੍ਰੋਗਰਾਮ ਦੀ ਕਵਰੇਜ ਕਰਨ ਲਈ ਧੰਨਵਾਦ ਕੀਤਾ।

****



















ਰਿਪੋਰਟ ਅਤੇ ਤਸਵੀਰਾਂ–
ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'


# ਟੈਕਸਾਸ ਵਿਚ ਮੰਦਿਰ 'ਚ ਸ਼ਾਨਦਾਰ ਸਮਾਗਮ ਦੌਰਾਨ ਹਨੂਮਾਨ ਦੀ 90 ਫੁੱਟ ਉੱਚੀ ਮੂਰਤੀ ਕੀਤੀ ਸਥਾਪਿਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸੂਗਰ ਲੈਂਡ, ਟੈਕਸਾਸ ਵਿਖੇ ਸ੍ਰੀ ਅਸ਼ਟ-ਲਕਸ਼ਮੀ ਮੰਦਿਰ ਵਿਚ ਇਕ ਸ਼ਾਨਦਾਰ ਸਮਾਗਮ ਦੌਰਾਨ ਹਨੂਮਾਨ ਜੀ ਦੀ 90 ਫੁੱਟ ਉੱਚੀ ਕਾਂਸੀ ਦੀ ਮੂਰਤੀ ਸਥਾਪਿਤ ਕੀਤੀ ਗਈ। ਮੰਦਿਰ ਦੇ ਪ੍ਰਬੰਧਕਾਂ ਦੁਆਰਾ ਜਾਰੀ ਬਿਆਨ ਅਨੁਸਾਰ 'ਸਟੈਚੂ ਆਫ ਯੂਨੀਅਨ'; ਦੇ ਨਾਂ 'ਤੇ ਸਥਾਪਿਤ ਇਹ ਵਿਸ਼ਾਲ ਮੂਰਤੀ ਭਾਰਤ ਤੋਂ ਬਾਹਰ ਕਿਸੇ ਵੀ ਮੰਦਿਰ ਵਿਚ ਸਥਾਪਿਤ ਇਹ ਸਭ ਤੋਂ ਉੱਚੀ ਮੂਰਤੀ ਹੈ। ਅਮਰੀਕਾ ਵਿਚ ਸਥਾਪਿਤ ਇਹ ਤੀਸਰੀ ਵੱਡੀ ਮੂਰਤੀ ਹੈ। ਭਾਰਤ ਦੇ ਆਜ਼ਾਦੀ ਦਿਵਸ ਤੋਂ ਬਾਅਦ ਮੂਰਤੀ ਦੀ ਸਥਾਪਨਾ ਲਈ ਹੋਏ ਤਿੰਨ ਦਿਨਾ ਸਮਾਗਮਾਂ ਦੌਰਾਨ ਹਜਾਰਾਂ ਭਗਤਾਂ ਨੇ ਹਾਜਰੀ ਲਵਾਈ ਤੇ ਮੂਰਤੀ ਸਥਾਪਨਾ ਨੂੰ ਵੇਖਿਆ। ਪ੍ਰਬੰਧਕਾਂ ਅਨੁਸਾਰ ਇਹ ਮੂਰਤੀ ਨਿਰਸਵਾਰਥ, ਸ਼ਰਧਾ ਤੇ ਏਕਤਾ ਦੀ ਪ੍ਰਤੀਕ ਹੈ। ਪਦਮ ਭੂਸ਼ਣ ਵਿਜੇਤਾ ਸ੍ਰੀ ਚਿਨਾ ਜੀਯਰ ਸਵਾਮੀ ਤੇ ਹੋਰ ਪੁਜਾਰੀਆਂ ਨੇ ਸਮਾਗਮ ਦੀ ਅਗਵਾਈ ਕੀਤੀ। ਇਸ ਮੌਕੇ ਸ੍ਰੀ ਚਿਨਾ ਸਵਾਮੀ ਨੇ ਸਮੁੱਚੇ ਮਹਾਂਦੀਪ ਵਿਚ ਏਕਤਾ ਤੇ ਸ਼ਰਧਾ ਦੇ ਮਹੱਤਵ ਨੂੰ ਪ੍ਰਚਾਰਨ 'ਤੇ ਜੋਰ ਦਿੱਤਾ। ਮੂਰਤੀ ਸਥਾਪਨਾ ਦੌਰਾਨ ਹੈਲੀਕਾਪਟਰ ਨੇ ਮੂਰਤੀ ਉਪਰ ਫੱਲਾਂ ਦੀ ਵਰਖਾ ਕੀਤੀ ਤੇ ਸ਼ਰਧਾਲੂਆਂ ਨੇ ਜੈ ਸ੍ਰੀ ਹਨੂਮਾਨ ਦੇ ਜੈਕਾਰੇ ਛੱਡੇ।

## ਪੱਤਰਕਾਰ ਜੈਫ ਜਰਮਨ ਦੀ ਹੱਤਿਆ ਦਾ ਮਾਮਲਾ

# ਜੇਕਰ ਮੇਰੇ ਬਾਰੇ ਹਾਨੀਕਾਰਕ ਲੇਖ ਨਾ ਲਿਖੇ ਜਾਂਦੇ ਤਾਂ ਮੈ ਚੋਣ ਜਿੱਤ ਜਾਣੀ ਸੀ-ਰਾਬਰਟ ਟੈਲਸ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਨੇਵਾਡਾ ਦੇ ਸਾਬਕਾ ਰਾਜਸੀ ਆਗੂ ਰਾਬਰਟ ਟੈਲਸ (47) ਜਿਸ ਉਪਰ ਲਾਸ ਵੇਗਾਸ ਦੇ ਖੋਜ਼ੀ ਪੱਤਰਕਾਰ ਜੈਫ ਜਰਮਨ ਦੀ ਹੱਤਿਆ ਦਾ ਦੋਸ਼ ਹੈ, ਨੇ ਅਦਾਲਤ ਵਿਚ ਕਿਹਾ ਕਿ ਉਹ ਨਿਰਦੋਸ਼ ਹੈ ਪਰੰਤੂ ਇਸ ਦੇ ਨਾਲ ਹੀ ਉਸ ਨੇ ਮੰਨਿਆ ਕਿ ਜੇਕਰ ਜੈਫ ਉਸ ਬਾਰੇ ਹਾਨੀਕਾਰਕ ਲੇਖ ਨਾ ਲਿਖਦਾ ਤਾਂ ਉਹ ਕਲਾਰਕ ਕਾਊਂਟੀ ਪਬਲਿਕ ਐਡਮਨਿਸਟ੍ਰੇਟਰ ਦੀ ਮੁੱਢਲੀ ਚੋਣ ਜਿੱਤ ਜਾਂਦਾ। ਲਾਸ ਵੇਗਾਸ ਰੀਵਿਊ ਜਰਨਲ ਦੇ ਰਿਪੋਰਟਰ ਜੈਫ ਜਰਮਨ ਦੀ ਸਤੰਬਰ 2022 ਵਿਚ ਛੁਰਾ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਟੈਲਸ ਨੇ ਕਿਹਾ ਕਿ ਉਹ ਅਜਿਹਾ ਨਹੀਂ ਕਰ ਸਕਦਾ। ਬਚਾਅ ਪੱਖ ਦੇ ਵਕੀਲ ਨੇ ਕਿਹਾ ਕਿ ਟੈਲਸ ਨੂੰ ਫਸਾਇਆ ਗਿਆ ਹੈ। ਦੂਸਰੇ ਪਾਸੇ ਮੁਦਈ ਪੱਖ ਦੇ ਵਕੀਲਾਂ ਨੇ ਦੋਸ਼ ਲਾਇਆ ਕਿ ਟੈਲਸ ਜਰਮਨ ਵੱਲੋਂ ਲਿਖੇ ਲੇਖਾਂ ਤੋਂ ਨਰਾਜ਼ ਸੀ ਜਿਨਾਂ ਲੇਖਾਂ ਵਿਚ ਉਸ ਦੇ ਰਾਜਸੀ ਦਫਤਰ ਵਿਚ ਚਲ ਰਹੀ ਗੜਬੜ ਨੂੰ ਨੰਗਾ ਕੀਤਾ ਗਿਆ ਸੀ। ਵਕੀਲ ਕ੍ਰਿਸਟੋਫਰ ਹੈਮਨਰ ਨੇ ਟੈਲਸ ਨੂੰ ਪੁੱਛਿਆ ਕਿ ਕੀ ਉਹ ਵਿਸ਼ਵਾਸ਼ ਰਖਦਾ ਹੈ ਕਿ ਜੇਕਰ ਜੈਫ ਜਰਮਨ ਉਸ ਬਾਰੇ 4 ਲੇਖ ਨਾ ਲਿਖਦਾ ਤਾਂ ਉਹ ਚੋਣ ਜਿੱਤ ਜਾਂਦਾ? ਇਸ 'ਤੇ ਟੈਲਸ ਨੇ ਕਿਹਾ ਹਾਂ ਮੇਰਾ ਅਜਿਹਾ ਹੀ ਯਕੀਨ ਹੈ। ਹੈਮਨਰ ਨੇ ਟੈਲਸ ਤੇ ਇਕ ਸਹਿ ਕਰਮਚਾਰੀ ਵਿਚਾਲੇ ਹੋਏ ਟੈਕਸਟ ਸੁਨੇਹਿਆਂ ਦਾ ਜਿਕਰ ਕੀਤਾ ਜਿਨਾਂ ਵਿਚ ਟੈਲਸ ਨੇ ਕਿਹਾ ਕਿ ਉਹ ਲੇਖਾਂ ਤੋਂ ਫਿਕਰਮੰਦ ਹੈ ਜੋ ਲੇਖ ਸਾਲਾਂ ਤੱਕ ਉਸ ਦਾ ਪਿੱਛਾ ਕਰਨਗੇ ਤੇ ਉਸ ਦੇ ਕਰੀਅਰ ਤੇ ਭਵਿੱਖ ਨੂੰ ਖਤਰੇ ਵਿਚ ਪਾ ਦੇਣਗੇ। ਟੈਲਸ ਨੇ ਕਿਹਾ ਕਿ 'ਮੈ ਕਿਸੇ ਨੂੰ ਨਹੀਂ ਮਾਰਿਆ, ਮੈ ਜਰਮਨ ਨੂੰ ਨਹੀਂ ਮਾਰਿਆ, ਇਹ ਹੀ ਮੇਰਾ ਸੱਚ ਹੈ।'' ਟੈਲਸ ਨੇ ਕਿਹਾ ਜਰਮਨ ਦੀ ਹੱਤਿਆ ਵਾਲੇ ਦਿਨ ਸੈਰ ਤੇ ਜਿਮ ਜਾਣ ਤੋਂ ਪਹਿਲਾਂ ਉਸ ਨੇ ਕੁਝ ਸਮਾਂ ਟੀ ਵੀ ਵੇਖਿਆ ਸੀ। ਉਸ ਨੇ ਦਿਨ ਭਰ ਦੀਆਂ ਸਰਗਰਮੀਆਂ ਬਾਰੇ ਆਪਣਾ ਫੋਨ ਲਾਗ ਵਖ-ਾਉਂਦਿਆਂ ਕਿਹਾ ਕਿ ਇਸ ਵਿਚ ਕੁਝ ਵੀ ਸੰਦੇਹਪੂਰਨ ਨਹੀਂ ਹੈ। ਦੂਸਰੇ ਪਾਸੇ ਹੈਮਨਰ ਨੇ ਟੈਲਸ ਤੇ ਉਸ ਦੀ ਪਤਨੀ ਵਿਚਾਲੇ ਹੋਏ ਇਕ ਸੁਨੇਹੇ ਦੇ ਵਟਾਂਦਰੇ ਦਾ ਜਿਕਰ ਕੀਤਾ ਜਿਸ ਵਿਚ ਉਸ ਦੀ ਪਤਨੀ ਪੁੱਛਦੀ ਹੈ, ਤੁਸੀਂ ਕਿਥੇ ਹੋ?

# ਅਮਰੀਕਾ ਵਿਚ ਭਾਰਤੀ ਮੂਲ ਦੇ ਡਾਕਟਰ ਦੀ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ



**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਅਲਾਬਾਮਾ ਰਾਜ ਦੇ ਟਸਕਾਲੋਸਾ ਸ਼ਹਿਰ ਵਿਚ ਅਣਪਛਾਤੇ ਹਮਲਾਵਰਾਂ ਵੱਲੋਂ ਭਾਰਤੀ ਮੂਲ ਦੇ ਡਾਕਟਰ ਪੇਰਮਸੈਟੀ ਰਮੇਸ਼ ਬਾਬੂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ।

ਡਾ ਬਾਬੂ ਕ੍ਰਿਮਸਨ ਕੇਅਰ ਨੈੱਟਵਰਕ ਦੇ ਸੰਸਥਾਪਕ ਤੇ ਮੈਡੀਕਲ ਡਾਇਰੈਕਟਰ ਸਨ ਜਿਸ ਨੈੱਟਵਰਕ ਤਹਿਤ ਅਨੇਕਾਂ ਸਥਾਨਕ ਕਲੀਨਿਕਾਂ ਦਾ ਪ੍ਰਬੰਧ ਚਲਾਇਆ ਜਾਂਦਾ ਹੈ। ਡਾਕਟਰੀ ਭਾਈਚਾਰੇ ਵਿਚ ਜਾਣੇ ਪਛਾਣੇ ਡਾ ਬਾਬੂ ਨੂੰ ਗੋਲੀਆਂ ਵੱਜਣ ਉਪਰੰਤ ਘਟਨਾ ਸਥਾਨ 'ਤੇ ਪੁੱਜੇ ਪੁਲਸ ਅਫਸਰ ਤੇ ਡਾਕਟਰੀ ਅਮਲੇ ਵੱਲੋਂ ਉਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਹੈ ਕਿ ਘਟਨਾ ਸਬੰਧੀ ਹੋਰ ਵੇਰਵਾ ਜਾਂਚ ਉਪਰੰਤ ਹੀ ਜਾਰੀ ਕੀਤਾ ਜਾਵੇਗਾ। ਡਾ ਬਾਬੂ ਦਾ ਪਿਛੋਕੜ ਤਿਰੂਪਤੀ (ਆਂਧਰਾ ਪ੍ਰਦੇਸ਼) ਨਾਲ ਜੁੜਿਆ ਹੋਇਆ ਹੈ। ਉਨਾਂ ਨੂੰ ਡਾਕਟਰੀ ਖੇਤਰ ਵਿਚ ਤਕਰੀਬਨ 4 ਦਹਾਕਿਆਂ ਦਾ ਤਜ਼ਰਬਾ ਸੀ।

ਡਾ ਬਾਬੂ ਦੀ ਮੌਤ ਉਪਰੰਤ ਭਾਰਤੀ ਭਾਈਚਾਰੇ ਵਿਚ ਡਰ ਤੇ ਰੋਸ ਦੀ ਭਾਵਨਾ ਪਾਈ ਜਾ ਰਹੀ ਹੈ। 1986 ਵਿਚ ਸ੍ਰੀ ਵੈਂਕਟੇਸਵਾੜਾ ਮੈਡੀਕਲ ਕਾਲਜ ਤੋਂ ਗਰੈਜੂਏਟ ਦੀ ਡਿਗਰੀ ਕਰਨ ਵਾਲੇ ਡਾ ਬਾਬੂ ਆਪਣੇ ਪਿੱਛੇ ਦੋ ਪੁੱਤਰ ਤੇ ਦੋ ਧੀਆਂ ਛੱਡ ਗਏ ਹਨ। ਟਸਕਾਲੋਸਾ ਸਿਟੀ ਕੌਂਸਲ ਦੇ ਪ੍ਰਧਾਨ ਕਿਪ ਟਾਇਨਰ ਨੇ ਡਾਕਟਰ ਦੀ ਮੌਤ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਹ ਇਕ ਬਹੁਤ ਪਿਆਰੇ ਤੇ ਨਜਦੀਕੀ ਮਿੱਤਰ ਸਨ ਤੇ ਉਹ ਪੂਰੀ ਤਰਾਂ ਅਮਰੀਕੀ ਲੋਕਾਂ ਨੂੰ ਸਮਰਪਿਤ ਸਨ। ਡਾਕਰ ਪੇਰਮਸੈਟੀ ਤੇਲਗੂ ਦੇਸਮ ਪਾਰਟੀ ਦੇ ਆਗੂ ਪੇਰਮਸੈਟੀ ਰਮਈਆਹ ਦੇ ਭਰਾ ਸਨ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਫਰਿਜ਼ਨੋ ਦੇ ਉਮੀਦਵਾਰ ਜਸਪ੍ਰੀਤ ਸਿੱਧੂ ਲਈ ਚੋਣ ਮੁਹਿੰਮ ਦੀ ਸ਼ੁਰੂਆਤ ਸਮੇਂ ਕੀਤੀ ਫੰਡ ਇਕੱਤਰਤਾ



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਭਾਈਚਾਰੇ ਨੇ ਫਰਿਜ਼ਨੋ, ਕੈਲੀਫੋਰਨੀਆਂ ਵਿਖੇ ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਦੇ ਉਮੀਦਵਾਰ ਜਸਪ੍ਰੀਤ ਸਿੱਧੂ ਦੀ ਚੋਣ ਮੁਹਿੰਮ ਦੀ ਸੁਰੂਆਤ ਇੱਕ ਵੱਡੇ ਫੰਡ ਇਕੱਤਰਤਾ ਸਮਾਗਮ ਨਾਲ ਸ਼ੁਰੂ ਕਰ ਦਿੱਤੀ ਗਈ ਹੈ। ਜਿਸ ਨੂੰ ਸਮੂੰਹ ਪੰਜਾਬੀ ਭਾਈਚਾਰੇ ਵੱਲੋਂ ਭਰਵਾ ਹੁੰਗਾਰਾ ਮਿਲਿਆ। ਇਸ ਫੰਡ ਇਕੱਤਰਤਾ ਵਿੱਚ ਜੈਕਾਰਾ ਮੂਵਮੈਂਟ, ਜੀ।ਐਚ।ਜੀ। ਅਕੈਡਮੀਂ, ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ, ਧਾਲੀਆਂ ਐਂਡ ਮਾਛੀਕੇ ਮੀਡੀਆਂ ਅਮਰੀਕਾ, ਸੈਂਟਰਲ ਸਕੂਲ ਬੋਰਡ ਮੈਂਬਰ ਅਤੇ ਹੋਰ ਇਲਾਕੇ ਭਰ ਤੋਂ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਅਤੇ ਹੋਰ ਲੋਕਾਂ ਵੱਲੋਂ ਵੱਧ-ਚੜ ਕੇ ਹਿੱਸਾ ਪਾਇਆ ਗਿਆ।

ਸ਼ੈਂਟਰਲ ਯੂਨੀਫਾਈਡ ਸਕੂਲ ਫਰਿਜ਼ਨੋ, ਕੈਲੇਫੋਰਨੀਆਂ ਵਿੱਚੋਂ ਪੜ੍ਹਿਆਂ ਅਤੇ ਬਤੌਰ ਰਜਿਸਟਰਡ ਨਰਸ ਸੇਵਾਵਾ ਨਿਭਾ ਰਹੇ ਜਸਪ੍ਰੀਤ ਸਿੰਘ ਸਿੱਧੂ ਹੁਣ ਆਪਣੇ ਅਗਲੇਰੇ ਭਵਿੱਖ ਅਤੇ ਸਮੁੱਚੇ ਭਾਈਚਾਰੇ ਦੀ ਅਵਾਜ਼ ਬਣ ਅੱਗੇ ਆ ਰਹੇ ਹਨ। ਉਹ ਸਮਾਜਿਕ ਸੇਵਾਵਾਂ ਨਿਭਾ ਰਹੇ ਸ। ਉਦੈਦੀਪ ਸਿੰਘ ਸਿੰਘ ਸਿੱਧੂ ਦੇ ਹੋਣਹਾਰ ਪੁੱਤਰ ਹਨ। ਸਮੁੱਚੇ ਸਿੱਧੂ ਪਰਿਵਾਰ ਨੂੰ ਮੈਂ ਦੋ ਦਹਾਕਿਆਂ ਤੋਂ ਵਧੀਕ ਸਮੇਂ ਤੋਂ ਜਾਣਦਾ ਹਾਂ। ਜਸਪ੍ਰੀਤ ਸਿੱਧੂ ਹਮੇਸ਼ਾ ਬੱਚਿਆਂ ਦੇ ਚੰਗੇਰੇ ਭਵਿੱਖ ਦੀ ਗੱਲ ਕਰਦਾ ਹੈ ਅਤੇ ਸਮਾਜ ਸੇਵਾ ਅਤੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਸਰਗਰਮ ਰਹਿੰਦਾ ਹੈ। ਇੰਨ੍ਹਾਂ ਸੇਵਾਵਾ ਕਰਕੇ ਉਹ ਆਪਣੀ ਵੱਖਰੀ ਪਹਿਚਾਣ ਬਣਾ ਚੁੱਕਾ ਹੈ। ਹੁਣ ਉਹ ਆਪਣੇ ਸੈਂਟਰਲ ਯੂਨੀਫਾਈਡ ਸਕੂਲ ਦੇ ਬੋਰਡ ਟਰੱਸਟੀ ਦੀ ਚੋਣ ਲੜਨ ਜਾ ਰਹਾ ਹੈ। ਉਸ ਨੇ ਬੋਲਦਿਆਂ ਕਿਹਾ ਕਿ, "ਮੈਂ ਆਪਣੇ ਵਿਦਿਆਰਥੀਆਂ ਲਈ ਵਿਦਿਅਕ ਮੌਕਿਆਂ ਨੂੰ ਵਧਾਉਣ ਲਈ ਭਾਵੁਕ ਹਾਂ, ਖਾਸ ਕਰਕੇ ਸਿਹਤ ਸੰਭਾਲ ਖੇਤਰ ਵਿੱਚ। ਮੈਂ ਇਹ ਯਕੀਨੀ ਬਣਾਉਣ ਲਈ ਵੀ ਵਚਨਬੱਧ ਹਾਂ ਕਿ ਸਾਡੇ ਅਧਿਆਪਕਾਂ ਕੋਲ ਸੈਂਟਰਲ ਯੂਨੀਫਾਈਡ ਵਿਦਿਆਰਥੀਆਂ ਨੂੰ ਆਪਣੀ ਪੂਰੀ ਸਮਰੱਥਾ ਪ੍ਰਾਪਤ ਕਰਨ ਲਈ ਲੋੜੀਂਦੇ ਸਰੋਤ ਹੋਣ। ਪੰਜਾਬੀ ਭਾਈਚਾਰੇ ਦੇ ਨਵੇਂ ਵਿਦਿਆਰਥੀਆਂ ਲਈ ਯੋਗ ਅਗਵਾਈ ਅਤੇ ਸਮੂੰਹ ਬੱਚਿਆਂ ਨੂੰ ਆ ਰਹੀਆਂ ਸਮੱਸਿਆਵਾ ਨਾਲ ਨਜਿੱਠਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਆਉ ਇਕੱਠੇ ਮਿਲ ਕੇ, ਅਸੀਂ ਆਪਣੇ ਵਿਦਿਆਰਥੀਆਂ ਅਤੇ ਸਾਡੇ ਭਾਈਚਾਰੇ ਲਈ ਉੱਜਲ ਭਵਿੱਖ ਬਣਾ ਸਕਦੇ ਹਾਂ। ਮੈਨੂੰ ਤੁਹਾਡੇ ਸਮਰਥਨ ਦੀ ਉਮੀਦ ਹੈ ਕਿਉਂਕਿ ਅਸੀਂ ਇਹਨਾਂ ਟੀਚਿਆਂ ਲਈ ਕੰਮ ਕਰਦੇ ਹਾਂ।"




ਇਸ ਸਮੇਂ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਬੋਲਦੇ ਹੋਏ ਜਸਪ੍ਰੀਤ ਸਿੱਧੂ ਦੀਆਂ ਪੰਜਾਬੀਤ ਪ੍ਰਤੀ ਸੇਵਾਵਾ ਦਾ ਜ਼ਿਕਰ ਕਰਦੇ ਹੋਏ ਸਮੁੱਚੇ ਭਾਈਚਾਰੇ ਤੋਂ ਸਹਿਯੋਗ ਦੀ ਮੰਗ ਕੀਤੀ। ਇਸ ਸਮੇਂ ਫਰਿਜ਼ਨੋ ਸਿਟੀ ਦੇ ਕੁਝ ਅਧਿਕਾਰੀ ਵੀ ਸ਼ਾਮਲ ਸਨ। ਸਟੇਜ਼ ਸੰਚਾਲਨ ਗੁਰਦੀਪ ਸਿੰਘ ਸ਼ੇਰਗਿੱਲ ਨੇ ਬਾਖ਼ੂਬੀ ਕੀਤਾ। ਆਓ ਸਭ ਆਪਾਂ ਇਸ ਹੋਣਹਾਰ ਨੌਜਵਾਨ ਨੂੰ ਆਪਣੀ ਵੋਟ ਪਾ ਆਪਣਾ ਸਹਿਯੋਗ ਦੇ ਸੈਂਟਰਲ ਯੂਨੀਫਾਈਡ ਦੇ ਬਤੌਰ ਟਰੱਸਟੀ ਬਣਾ ਆਪਣੀ ਅਵਾਜ਼ ਨੂੰ ਅੱਗੇ ਲੈ ਕੇ ਆਈਏ। ਜਸਪ੍ਰੀਤ ਸਿੰਘ ਸਿੱਧੂ ਦੀ ਜਿੱਤ, ਤੁਹਾਡਾ ਆਪਣਾ ਮਾਣ ਹੋਵੇਗਾ।



# ’ਖੇਡਾਂ ਵਤਨ ਪੰਜਾਬ ਦੀਆਂ-2024’ ਦੀ ਮਸ਼ਾਲ ਦਾ ਹੁਸ਼ਿਆਰਪੁਰ ਪਹੁੰਚਣ ’ਤੇ ਹੋਇਆ ਸ਼ਾਨਦਾਰ ਸਵਾਗਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿਹਤਮੰਦ ਤੇ ਰੰਗਲੇ ਪੰਜਾਬ ਦੀ ਸਿਰਜਣਾ ਅਤੇ ਸੂਬੇ ਨੂੰ ਖੇਡਾਂ ਵਿਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਤੇ ਸ਼ੁਰੂ ਕੀਤੀਆਂ ਗਈਆਂ ’ਖੇਡਾਂ ਵਤਨ ਪੰਜਾਬ ਦੀਆਂ-2024’ ਸੀਜਨ-3 ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੱਢੀ ਗਈ ਮਸ਼ਾਲ ਦਾ ਅੱਜ ਹੁਸ਼ਿਆਰਪੁਰ ਪਹੁੰਚਣ ’ਤੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਮੇਅਰ ਸੁਰਿੰਦਰ ਕੁਮਾਰ ਸਮੇਤ ਹੋਰ ਪਤਵੰਤਿਆਂ ਅਤੇ ਅੰਤਰਰਾਸ਼ਟਰੀ ਖਿਡਾਰੀਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਹ ਮਸ਼ਾਲ ਲਾਜਵੰਤੀ ਸਟੇਡੀਅਮ, ਰਾਮਗੜ੍ਹੀਆ ਚੌਕ, ਮਹਾਰਾਣਾ ਪ੍ਰਤਾਪ ਚੌਕ ਤੋਂ ਹੁੰਦੇ ਹੋਏ ਜਲੰਧਰ ਲਈ ਰਵਾਨਾ ਕਰ ਦਿੱਤੀ ਗਈ। ਇਸ ਮੌਕੇ ਪਦਮਸ਼੍ਰੀ ਪ੍ਰੇਮ ਨਾਥ ਡੋਗਰਾ, ਅਰਜੁਨ ਅਵਾਰਡੀ ਸਰੋਜ ਬਾਲਾ, ਅੰਤਰਰਾਸ਼ਟਰੀ ਫੁੱਟਬਾਲ ਖਿਡਾਰੀ ਹਰਮਨਜੋਤ ਸਿੰਘ ਖਾਂਬੜਾ, ਏਸ਼ੀਅਨ ਮੈਡਲਿਸਟ ਪ੍ਰਦੀਪ ਡੋਗਰਾ, ਐਸ.ਪੀ ਮਨੋਜ ਠਾਕੁਰ, ਐਸ.ਡੀ.ਐਮ ਸੰਜੀਵ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਹੁਸ਼ਿਆਰਪੁਰ ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਵੀ ਮੌਜੂਦ ਸਨ। ਲੋਕ ਸਭਾ ਮੈਂਬਰ ਡਾ। ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਹ ਮਸ਼ਾਲ ਮਾਰਚ ਨੌਜਵਾਨਾਂ ਨੂੰ ’ਖੇਡਾਂ ਵਤਨ ਪੰਜਾਬ ਦੀਆਂ’ ਨਾਲ ਜੋੜਨ ਵਿਚ ਸਫ਼ਲ ਹੋਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿਚ ਬਲਾਕ, ਜ਼ਿਲ੍ਹਾ ਅਤੇ ਸੂਬਾ ਪੱਧਰ ਤੱਕ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ ਅਤੇ ਖਿਡਾਰੀਆਂ ਨੂੰ ਨਕਦ ਇਨਾਮ ਵੀ ਦਿੱਤੇ ਜਾਣਗੇ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਖਿਡਾਰੀਆਂ ਨੂੰ ’ਖੇਡਾਂ ਵਤਨ ਪੰਜਾਬ ਦੀਆਂ’ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਨੌਜਵਾਨਾਂ ਵਿਚ ਨਵੀਂ ਉਮੀਦ ਜਗਾਈ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਖੇਡਾਂ ਵਰਗਾ ਮਾਹੌਲ ਬਣਾਉਣ ਲਈ ਖੇਡ ਨਰਸਰੀਆਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ ਅਤੇ ਹੁਣ ਤੱਕ ਕਰੀਬ 1000 ਖੇਡ ਨਰਸਰੀਆਂ ਨੂੰ ਮਨਜ਼ੂਰੀ ਵੀ ਮਿਲ ਚੁੱਕੀ ਹੈ।




ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਇਹ ਮਸ਼ਾਲ ਮਾਰਚ ਅੱਜ ਜਲੰਧਰ ਅਤੇ ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, 25 ਅਗਸਤ ਨੂੰ ਰੂਪਨਗਰ, ਐਸ।ਏ।ਐਸ। ਨਗਰ, ਫਤਹਿਗੜ੍ਹ ਸਾਹਿਬ, 26 ਅਗਸਤ ਨੂੰ ਪਟਿਆਲਾ, ਮਾਲੇਰਕੋਟਲਾ, ਬਰਨਾਲਾ, 27 ਅਗਸਤ ਨੂੰ ਫ਼ਰੀਦਕੋਟ, ਫਾਜ਼ਿਲਕਾ, 28 ਅਗਸਤ ਨੂੰ ਸ਼੍ਰੀ ਮੁਕਤਸਰ ਸਾਹਿਬ, ਬਠਿੰਡਾ ਅਤੇ 29 ਅਗਸਤ ਨੂੰ ਮਾਨਸਾ ਅਤੇ ਸੰਗਰੂਰ ਪਹੁੰਚੇਗਾ। 29 ਅਗਸਤ ਨੂੰ ਸੰਗਰੂਰ ਵਿਚ ਖੇਡਾਂ ਦੇ ਤੀਸਰੇ ਸੀਜ਼ਨ ਦਾ ਉਦਘਾਟਨ ਹੋਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 3 ਸਤੰਬਰ ਤੋਂ 7 ਸਤੰਬਰ ਤੱਕ ਬਲਾਕ ਪੱਧਰੀ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਖੇਡ ਮੁਕਾਬਲਿਆਂ ਵਿਚ ਰਜਿਸਟਰੇਸ਼ਨ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਪੋਰਟਲ ਓਸਇਰਵਿਚਇਸ।ਪੁਨਜਅਬ।ਗੋਵ।ਨ ਸਥਾਪਿਤ ਕੀਤਾ ਗਿਆ ਹੈ, ਜਿਥੇ ਖਿਡਾਰੀ 28 ਅਗਸਤ ਤੱਕ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ’ਖੇਡਾਂ ਵਤਨ ਪੰਜਾਬ ਦੀਆਂ’ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਅਤੇ ਜ਼ਿਲ੍ਹਾ ਪੱਧਰ ’ਤੇ ਖੇਡ ਮੁਕਾਬਲਿਆਂ ਵਿਚ ਅੰਡਰ 14, ਅੰਡਰ-17, ਅੰਡਰ-21 ਤੋਂ ਇਲਾਵਾ ਵੱਖ-ਵੱਖ ਉਮਰ ਵਰਗ 21-30, 31-40, 41-50, 51-60, 61-70 ਅਤੇ 70 ਤੋਂ ਵੱਧ ਉਮਰ ਵਰਗ ਦੇ ਵਿਅਕਤੀ ਹਿੱਸਾ ਲੈ ਸਕਦੇ ਹਨ।

# ਰਾਏਪੁਰ ਡੱਬਾ ਅਕੈਡਮੀ ਫਗਵਾੜਾ ਦੇ ਪਹਿਲਵਾਨ ਵਿਸ਼ਾਲ ਨੇ ਨੈਸ਼ਨਲ ਪੱਧਰ ‘ਤੇ ਜਿੱਤਿਆ ਸਿਲਵਰ ਮੈਡਲ

## ਪਰਵਿੰਦਰ ਸਿੰਘ ਕੰਗ ਸਰਹਾਲੀ ਨੇ 8 ਕਿੱਲੋ ਬਦਾਮ ਕੀਤੇ ਭੇਂਟ

**ਫਗਵਾੜਾ (ਬੀ.ਕੇ. ਰੱਤੂ)** ਰੋਹਤਕ ਵਿਖੇ ਹੋਈ ਰਾਸ਼ਟਰੀ ਰੈਸਲਿੰਗ ਚੈਂਪੀਅਨਸ਼ਿਪ ਲਈ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਫਗਵਾੜਾ ਦੇ ਪਹਿਲਵਾਨ ਵਿਸ਼ਾਲ ਕੁਮਾਰ ਨੇ ਸਿਲਵਰ ਮੈਡਲ ਹਾਸਲ ਕੀਤਾ ਹੈ। ਜਿਸ ਨੂੰ ਪਹਿਲਵਾਨ ਪਰਵਿੰਦਰ ਸਿੰਘ ਕੰਗ ਸਰਹਾਲੀ ਵਲੋਂ ਚਾਰ ਕਿੱਲੋ ਬਦਾਮ ਬਤੌਰ ਇਨਾਮ ਭੇਂਟ ਕਰਦੇ ਹੋਏ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਮੌਕੇ ਇੰਸਪੈਕਟਰ ਅਮਨਦੀਪ ਸੋਂਧੀ ਵਿਸ਼ੇਸ਼ ਤੌਰ ਤੇ ਮੋਜੂਦ ਰਹੇ। ਉਹਨਾਂ ਨੇ ਵੀ ਪਹਿਲਵਾਨ ਵਿਸ਼ਾਲ ਕੁਮਾਰ ਨੂੰ ਇਸ ਪ੍ਰਾਪਤੀ ਲਈ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਤੋਂ ਇਲਾਵਾ ਦੋ ਹੋਰ ਪਹਿਲਵਾਨਾਂ ਕਰਨਵੀਰ ਸਿੰਘ ਸੰਘਾ ਅਤੇ ਪਰਮਿੰਦਰ ਨੂੰ ਵੀ ਕੌਮੀ ਪੱਧਰ ‘ਤੇ ਵੱਧੀਆ ਪ੍ਰਦਰਸ਼ਨ ਲਈ ਦੋ-ਦੋ ਕਿੱਲੋ ਬਦਾਮ ਭੇਂਟ ਕਰਕੇ ਹੌਸਲਾ ਅਫਜਾਈ ਕੀਤੀ ਗਈ। ਵਧੇਰੇ ਜਾਣਕਾਰੀ ਦਿੰਦਿਆਂ ਅਕੈਡਮੀ ਦੇ ਸੰਚਾਲਕ ਅਤੇ ਸਾਬਕਾ ਅੰਤਰਰਾਸ਼ਟਰੀ ਕੁਸ਼ਤੀ ਕੋਚ ਪੀ।ਆਰ। ਸੌਂਧੀ ਨੇ ਦੱਸਿਆ ਕਿ ਅਕੈਡਮੀ ਦੇ ਪੰਜ ਪਹਿਲਵਾਨਾਂ ਦੀ ਨੈਸ਼ਨਲ ਚੈਂਪੀਅਨਸ਼ਿਪ ਲਈ ਚੋਣ ਹੋਈ ਸੀ। ਜਿਹਨਾਂ ਵਿਚੋਂ ਵਿਸ਼ਾਲ ਕੁਮਾਰ ਨੇ 79 ਕਿੱਲੋ ਭਾਰ ਵਰਗ ਦੇ ਮੁਕਾਬਲੇ ਵਿਚ ਸਿਲਵਰ ਮੈਡਲ ਹਾਸਲ ਕਰਕੇ ਅਕੈਡਮੀ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਕਿਹਾ ਕਿ ਬੇਸ਼ਕ ਵਿਸ਼ਾਲ ਕੁਮਾਰ ਦੇ ਰੂਪ ਵਿਚ ਇਕ ਹੀ ਪਹਿਲਵਾਨ ਨੂੰ ਮੈਡਲ ਮਿਲਿਆ ਪਰ ਖੁਸ਼ੀ ਦੀ ਗੱਲ ਹੈ ਕਿ ਪਹਿਲੀ ਵਾਰ ਉਹਨਾਂ ਦੀ ਅਕੈਡਮੀ ਦੇ ਪੰਜ ਪਹਿਲਵਾਨ ਨੈਸ਼ਨਲ ਚੈਂਪੀਅਨਸ਼ਿਪ ਲਈ ਚੁਣੇ ਗਏ। ਅਕੈਡਮੀ ਵਲੋਂ ਪਹਿਲਵਾਨ ਪਰਵਿੰਦਰ ਸਿੰਘ ਕੰਗ ਸਰਹਾਲੀ ਨੂੰ ਵੀ ਯਾਦਗਾਰੀ ਚਿੰਨ੍ਹ ਅਤੇ ਲੋਈ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇੰਸਪੈਕਟਰ ਅਮਨਦੀਪ ਸੌਂਧੀ ਨੇ ਪਹਿਲਵਾਨ ਪਰਵਿੰਦਰ ਸਿੰਘ ਵਲੋਂ ਬਾਦਾਮ ਭੇਂਟ ਕਰਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਕ ਪਹਿਲਵਾਨ ਦਾ ਦੂਸਰੇ ਪਹਿਲਵਾਨਾਂ ਦੀ ਹੌਸਲਾ ਅਫਜਾਈ ਕਰਨਾ ਸ਼ਲਾਘਾਯੋਗ ਹੈ। ਜਿਹਨਾਂ ਨੂੰ ਨੈਸ਼ਨਲ ਚੈਂਪੀਅਨਸ਼ਿਪ ਵਿਚ ਘੁਲਣ ਦੇ ਤਜੁਰਬਾ ਮਿਲਿਆ ਹੈ। ਜੋ ਭਵਿੱਖ ਵਿਚ ਉਹਨਾਂ ਦੇ ਕੰਮ ਆਵੇਗਾ। ਇਸ ਮੌਕੇ ਅੰਤਰ-ਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ ਮੇਹਲੀ, ਕੋਚ ਸਾਜਨ ਰਾਜਪੂਤ, ਕੋਚ ਰਵਿੰਦਰ ਨਾਥ, ਬਲਵੀਰ ਕੁਮਾਰ, ਸਰਬਜੀਤ ਸਿੰਘ ਸੰਘਾ, ਆਰ.ਪੀ. ਸਿੰਘ ਆਦਿ ਹਾਜਰ ਸਨ।



Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

# ਗੁਰੂ ਨਾਨਕ ਬਾਣੀ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਦੀ ਸੂਝ



**Prof (Dr.) Ronki Ram**
Prof (Dr.) Ronki Ram
Shaheed Bhagat Singh Chair Professor
Panjab University, Chandigarh
E-mail: ronkiram @yahoo.co.in

ਗੁਰੂ ਨਾਨਕ ਦੀਆਂ ਸਿੱਖਿਆਵਾਂ ਸਮਝਣ ਲਈ ਸਾਨੂੰ ਪ੍ਰਾਚੀਨ ਤੇ ਮੱਧਕਾਲੀ ਭਾਰਤ ਦੇ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਸੰਦਰਭਾਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਘੋਖਣਾ ਚਾਹੀਦਾ ਹੈ। ਬਾਬਾ ਨਾਨਕ ਦੇ ਜੀਵਨ ਕਾਲ (1469-1539) ਤੋਂ ਤਕਰੀਬਨ 600 ਸਾਲ ਪਹਿਲਾਂ ਲਗਾਤਾਰ ਬਾਹਰੀ ਹਮਲਿਆਂ ਦਾ ਸਾਹਮਣਾ ਕਰਦਿਆਂ-ਕਰਦਿਆਂ ਭਾਰਤ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾਣ ਲੱਗਾ। ਮੁਹੰਮਦ ਬਿਨ ਕਾਸਿਮ ਦੇ ਹਮਲੇ ਦੌਰਾਨ ਬ੍ਰਾਹਮਣ ਵੰਸ਼ ਦੇ ਰਾਜਾ ਦਾਹਰ ਦੀ ਮੌਤ ਤੋਂ ਬਾਅਦ ਮੁਸਲਿਮ ਹਕੂਮਤ ਦਾ ਦੌਰ ਸ਼ੁਰੂ ਹੁੰਦਾ ਹੈ। ਇਹ ਕਾਲ ਕਾਫ਼ੀ ਲੰਮਾ ਸਮਾਂ ਚੱਲਦਾ ਹੈ। ਇਸੇ ਦੌਰਾਨ ਬਾਬਾ ਨਾਨਕ ਸੱਚ, ਬਰਾਬਰੀ ਤੇ ਨਿਆਂ 'ਤੇ ਆਧਾਰਿਤ ਨਵੇਂ ਧਰਮ ਦਾ ਮੁੱਢ ਬੰਨ੍ਹਦੇ ਹਨ, ਜੋ ਦਸਵੇਂ ਪਾਤਸ਼ਾਹ ਨੇ ਸ੍ਰੀ ਆਦਿ ਗ੍ਰੰਥ ਨੂੰ ਗੁਰਗੱਦੀ ਦੇ ਕੇ ਸੰਪੂਰਨ ਕੀਤਾ।

ਰਾਜਾ ਦਾਹਰ ਤੋਂ 600 ਸਾਲ ਭਾਰਤ ਦੁਨੀਆਂ ਦੇ ਅਮੀਰ ਦੇਸ਼ਾਂ ਦੀ ਮੋਹਰਲੀ ਕਤਾਰ ਵਿਚ ਖਲੋਤਾ ਦਿਖਾਈ ਦਿੰਦਾ ਹੈ। ਭਾਰਤ ਨੇ ਤਜਾਰਤ ਰਾਹੀਂ ਇਹ ਮੁਕਾਮ ਹਾਸਲ ਕੀਤਾ ਸੀ। ਗਰਮ ਮਸਾਲਿਆਂ ਨੂੰ ਰੋਮ ਤਕ ਪਹੁੰਚਾਉਣ ਤੇ ਉਸਦੇ ਬਦਲੇ ਸੋਨਾ ਪ੍ਰਾਪਤ ਕਰਨਾ ਇਸ ਵਪਾਰ ਦਾ ਮੁੱਖ ਰੂਪ ਸੀ। ਇਹ ਤਜਾਰਤ ਸਮੁੰਦਰੀ ਤੇ ਖ਼ੁਸ਼ਕ ਰਸਤੇ ਰਾਹੀਂ ਹੁੰਦੀ ਸੀ। ਇਹ ਗੱਲ ਲੁਕੀ ਹੋਈ ਨਹੀਂ ਕਿ ਭਾਰਤ ਪਾਸ ਕੋਲਾਰ ਵਾਲੀ ਸੋਨੇ ਦੀ ਕੇਵਲ ਇਕੋ ਖਾਣ ਸੀ, ਪਰ ਭਾਰਤ ਵਿਚ ਬਹੁਤ ਮਾਤਰਾ ਵਿਚ ਸੋਨੇ ਦੇ ਵਿਸ਼ਾਲ ਭੰਡਾਰਾਂ ਦਾ ਜਮ੍ਹਾਂ ਹੋਣਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਹ ਸਭ ਕੁਝ ਬਾਹਰੀ ਵਪਾਰ ਜ਼ਰੀਏ ਸੰਭਵ ਹੋ ਸਕਿਆ।

ਮੁਹੰਮਦ ਬਿਨ ਕਾਸਿਮ ਤੋਂ ਬਾਅਦ ਜਿਸ ਤਰ੍ਹਾਂ ਦੇ ਸਮਾਜਿਕ ਤੇ ਧਾਰਮਿਕ ਹਾਲਾਤ ਪੈਦਾ ਹੋਏ, ਉਨ੍ਹਾਂ ਦੇ ਚੱਲਦੇ-ਚੱਲਦੇ ਜੋ ਆਰਥਿਕ ਤੇ ਰਾਜਨੀਤਕ ਬਣਤਰ ਬਣੀ, ਉਸ ਨਾਲ ਸਮਾਜ ਵਿਚ ਬਹੁਤ ਹਲਚਲ ਪੈਦਾ ਹੋਣੀ ਸ਼ੁਰੂ ਹੋਈ। ਇਸੇ ਹਲਚਲ ਦੌਰਾਨ ਕੁਝ ਸਮਾਂ ਪਾ ਕੇ ਜੇ ਇਕ ਬੰਨੇ ਮੁਸਲਿਮ ਰਾਜ ਦੀ ਪਕੜ ਮਜ਼ਬੂਤ ਹੋਈ ਤਾਂ ਦੂਸਰੇ ਪਾਸੇ ਸਮਾਜਿਕ ਤੌਰ 'ਤੇ ਅੰਧਵਿਸ਼ਵਾਸ ਤੇ ਪਖੰਡਵਾਦ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਗਈਆਂ। ਜਿੱਥੇ ਜਾਤਪਾਤ ਕਰਕੇ ਵਖਰੇਵਾਂ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਲੱਗਿਆ, ਉੱਥੇ ਪਾਖੰਡਵਾਦ ਨੇ ਨਵੇਂ-ਨਵੇਂ ਰੂਪ ਧਾਰਨ ਕਰਕੇ ਲੋਕਾਈ ਨੂੰ ਉਸਦੇ ਸਹੀ ਰਾਹ ਤੋਂ ਭਟਕਣ ਵੱਲ ਧੱਕਿਆ। ਪਾਰੇ ਨੂੰ ਭਸਮ ਕਰਕੇ ਤੇ ਉਸਦੇ ਸੇਵਨ ਰਾਹੀਂ ਅਮਰ ਹੋਣ ਦਾ ਸਿੱਧਾਂ ਦਾ ਢੌਂਗ ਰਚਣਾ ਤੇ ਵੱਖ-ਵੱਖ ਧਾਤਾਂ ਦੇ ਮਿਸ਼ਰਣ ਨੂੰ ਪਿਘਲਾ ਕੇ ਉਸ ਵਿਚ ਜੜੀਆਂ ਬੂਟੀਆਂ ਮਿਲਾ ਕੇ ਸੋਨਾ ਬਣਾਉਣਾ ਇਸ ਪਾਖੰਡਵਾਦ ਦੇ ਬਦਲਵੇਂ ਰੂਪ ਸਨ। ਇਸ ਪਾਖੰਡਵਾਦ ਦਾ ਇਕ ਹੋਰ ਰੂਪ ਜੋ ਇਸ ਸਮੇਂ ਦੌਰਾਨ ਨਜ਼ਰ ਆਉਂਦਾ ਹੈ, ਉਹ ਘਰ ਪਰਿਵਾਰ ਤਿਆਗ ਕੇ ਜੰਗਲਾਂ ਤੇ ਪਹਾੜਾਂ ਦੀ ਕੰਦਰਾਂ ਵਿਚ ਲੁਕ ਕੇ ਸਿੱਧੀਆਂ ਪ੍ਰਾਪਤ ਕਰਨਾ ਤੇ ਉਨ੍ਹਾਂ ਜ਼ਰੀਏ ਤੁੱਛ ਦੁਨਿਆਵੀ ਉਪਲੱਬਧੀਆਂ ਪ੍ਰਾਪਤ ਕਰਨ ਦੀ ਡੀਂਗ ਮਾਰਨਾ ਹੈ। ਇਹ ਸਾਰਾ ਸਮਾਂ ਤਕਰੀਬਨ ਡੇਢ ਹਜ਼ਾਰ ਸਾਲ ਬਣਦਾ ਹੈ। ਜਿਸ ਸਮੇਂ ਬਾਬਾ ਨਾਨਕ ਇਸ ਜਗਤ ਵਿਚ ਪ੍ਰਗਟ ਹੁੰਦੇ ਹਨ, ਉਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣ ਹੋਆ॥

ਬਾਬਾ ਨਾਨਕ ਜੀ ਨੇ ਆਪਣੀ ਬਾਣੀ ਤੇ ਆਪਣੀ ਜੀਵਨ ਸ਼ੈਲੀ ਰਾਹੀਂ ਲੋਕਾਈ ਨੂੰ ਵਹਿਮਾਂ-ਭਰਮਾਂ ਤੋਂ ਨਿਜਾਤ ਦਿਵਾ ਕੇ ਇਕੋ ਏਕਮ ਪਰਮਾਤਮਾ ਦੀ ਪ੍ਰਾਪਤੀ ਦੇ ਸੱਚੇ ਸਾਧਨ ਤੇ ਮਾਰਗ ਦੇ ਪ੍ਰਚਾਰ ਹਿੱਤ ਆਪਣਾ ਸੰਪੂਰਨ ਜੀਵਨ ਸਮਰਪਿਤ ਕੀਤਾ। ਉਨ੍ਹਾਂ ਦਾ ਉਪਦੇਸ਼ ਅੱਜ ਦੀਆਂ ਕੌਮੀ ਹੱਦਾਂ ਵਿਚ ਸੀਮਤ ਨਹੀਂ ਸੀ। ਉਨ੍ਹਾਂ ਨੇ ਦੂਰ-ਦੁਰਾਡੇ ਦੇਸ਼ ਵਿਦੇਸ਼ ਵਿਚ ਆਪਣੇ ਗਿਆਨ ਰਾਹੀਂ ਸਮਾਜ ਨੂੰ ਨਿਆਂ ਤੇ ਬਰਾਬਰੀ ਦੇ ਰਾਹ ਪਾਇਆ। ਉਨ੍ਹਾਂ ਦੀਆਂ ਦੇਸ਼-ਵਿਦੇਸ਼ ਵਿਚ ਕੀਤੀਆਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂ ਦਿੱਤਾ ਜਾਂਦਾ ਹੈ, ਜਿਸ ਦੌਰਾਨ ਉਨ੍ਹਾਂ ਨੇ ਅਨੇਕ ਵਿਦਵਾਨਾਂ, ਵੱਖ-ਵੱਖ ਧਰਮਾਂ ਦੇ ਦਾਨਿਸ਼ਵਰਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਸੱਚੇ ਮਾਰਗ 'ਤੇ ਪਹਿਰਾ ਦਿੱਤਾ। ਦੇਸ਼-ਵਿਦੇਸ਼ ਦੇ ਤਜਰਬੇ ਤੇ ਉਥੋਂ ਦੇ ਵਿਦਵਾਨਾਂ ਤੇ ਨਾਮਵਰ ਹਸਤੀਆਂ ਨਾਲ ਗੱਲਬਾਤ ਦੌਰਾਨ ਜੋ ਵਾਰਤਾਲਾਪ ਰਚੇ, ਉਸ 'ਤੇ ਆਧਾਰਿਤ ਵਿਸ਼ਾਲ ਅਧਿਆਤਮਕ ਗਿਆਨ ਦਾ ਅਲੌਕਿਕ ਭੰਡਾਰ ਲੋਕਾਈ ਦੇ ਭਲੇ ਲਈ ਸਾਡੇ ਤਕ ਪਹੁੰਚਿਆ। ਇਹ ਵਿਸ਼ਾਲ ਅਧਿਆਤਮਕ ਗਿਆਨ ਵਿਚ ਮੁੱਖ ਰਚਨਾਵਾਂ ਜਪੁ, ਸਿਧ ਗੋਸਟਿ, ਦੱਖਣੀ ਓਅੰਕਾਰ, ਬਾਰਹਮਾਹਾ, ਪਟੀ, ਮਾਝ ਕੀ ਵਾਰ, ਆਸਾ ਕੀ ਵਾਰ ਤੇ ਮਲਾਰ ਕੀ ਵਾਰ ਆਦਿ ਹਨ। ਬਾਬੇ ਨਾਨਕ ਦੀ ਸੰਪੂਰਨ ਬਾਣੀ ਤੋਂ ਸਾਨੂੰ ਆਪਣੇ ਜੀਵਨ ਵਿਚ ਕਿਵੇਂ ਸਚਿਆਰਾ ਹੋਇਆ ਜਾਵੇ, ਉਸਦੀ ਸੂਝ ਤੇ ਸੇਧ ਮਿਲਦੀ ਹੈ। ਇਸ ਸੂਝ ਤੇ ਸੇਧ ਨੂੰ ਦੋ ਮੁੱਖ ਬਿੰਦੂਆਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ, ਜਿਸਨੂੰ ਸਿੱਖ ਧਰਮ ਦੇ ਪ੍ਰਮੁੱਖ ਥੰਮ੍ਹ ਵੀ ਕਿਹਾ ਜਾ ਸਕਦਾ ਹੈ। ਇਹ ਦੋ ਥੰਮ੍ਹ ਹਨ- ਜਾਤਪਾਤ ਦਾ ਮੁਕੰਮਲ ਖੰਡਨ ਅਤੇ ਔਰਤ ਦੀ ਮਰਦ ਨਾਲ ਬਰਾਬਰੀ ਦੀ ਹੈਸੀਅਤ ਤੇ ਸਮਾਨਤਾ।



ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜਾਤਪਾਤ ਦੇ ਮਾਰੂ ਪ੍ਰਭਾਵਾਂ ਬਾਰੇ ਤੇ ਇਸ ਤੋਂ ਨਿਜਾਤ ਹਾਸਲ ਕਰਨ ਲਈ ਤਥਾਗਤ ਬੁੱਧ ਤੇ ਉੱਤਰੀ ਭਾਰਤ ਦੀ ਭਗਤੀ ਲਹਿਰ ਦੌਰਾਨ ਕਾਫ਼ੀ ਕਦਮ ਪੁੱਟੇ ਗਏ ਸਨ, ਪਰ ਜਾਤਪਾਤ ਆਪਣੀ ਹੋਂਦ ਤੋਂ ਮੁਨਕਰ ਹੋਣ ਦਾ ਨਾਂ ਨਹੀਂ ਲੈ ਰਹੀ ਸੀ। ਗੁਰੂ ਜੀ ਨੇ ਜਾਤਪਾਤ ਵਾਲੀ ਮਨੁੱਖੀ ਵੰਡ ਨੂੰ ਸਮਾਜਿਕ ਤੇ ਅਧਿਆਤਮਕ ਰਾਹਾਂ ਵਿਚ ਰੋਕ ਦਾ ਮੁੱਖ ਕਾਰਨ ਦਰਸਾਇਆ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਜਿਨ੍ਹਾਂ ਨੂੰ ਸਮਾਜ ਵਿਚ ਅਖੌਤੀ ਨੀਚ ਕਹਿ ਕੇ ਨਿੰਦਿਆ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਪਸ਼ੂਆਂ ਤੋਂ ਵੀ ਮਾੜਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਦਾ ਜਾਤਪਾਤੀ ਵੰਡ 'ਤੇ ਆਧਾਰਿਤ ਸਮਾਜ ਤਰੱਕੀ ਕਿਵੇਂ ਕਰ ਸਕਦਾ ਹੈ ਤੇ ਗ਼ੁਲਾਮੀ ਦੀ ਜਕੜ ਤੋਂ ਕਿਵੇਂ ਬਾਹਰ ਆ ਸਕਦਾ ਹੈ? ਅਜਿਹਾ ਵਿਤਕਰੇ-ਭਰਪੂਰ ਸਮਾਜ ਅਧਿਆਤਮਕ ਪੱਧਰ 'ਤੇ ਉਸ ਇਕ ਪਰਮਾਤਮਾ ਦੀ ਬਖ਼ਸ਼ਿਸ਼ ਤੋਂ ਸੱਖਣਾ ਰਹਿ ਜਾਂਦਾ ਹੈ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਇਸ ਬਾਰੇ ਚਾਨਣਾ ਪਾਇਆ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਆਪ ਫ਼ਰਮਾਉਂਦੇ ਹਨ ਕਿ ਨੀਚਾਂ ਦੇ ਅੰਦਰ ਦੀ ਜੋ ਸਭ ਤੋਂ ਨੀਚੀ ਜਾਤ ਹੈ, ਉਸ ਨਾਲ ਜੋ ਵਸੇਵਾ ਕਰੇਗਾ; ਉੱਥੇ ਹੀ ਅਕਾਲ ਪੁਰਖ ਦੀ ਕਿਰਪਾ ਦੀ ਬਹਾਰ ਹੋਵੇਗੀ। ਉਨ੍ਹਾਂ ਨੇ ਭਾਈ ਲਾਲੋ ਦੀ ਰੁੱਖੀ-ਸੁੱਖੀ ਖਾ ਕੇ ਤੇ ਮਲਕ ਭਾਗੋ ਦੀ ਹਰਾਮ ਦੀ ਕਮਾਈ ਤੋਂ ਬਣਾਏ ਲਜ਼ੀਜ਼ ਖਾਣੇ ਤੋਂ ਇਨਕਾਰੀ ਹੋ ਕੇ ਇਸ ਨੂੰ ਅਮਲੀ ਜਾਮਾ ਪਹਿਨਾਇਆ।

ਬਾਬੇ ਨਾਨਕ ਦਾ ਸਮਾਜਿਕ ਨਿਆਂ ਪ੍ਰਤੀ ਇਹ ਪਹਿਲਾ ਸਾਕਾਰਾਤਮਕ ਕਦਮ ਸੀ, ਜਿਸਨੂੰ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਚ ਹੱਥੀ ਖੇਤੀ ਕਰਕੇ ਕਿਰਤ, ਸੰਗਤ, ਵੰਡ ਛਕਣ ਤੇ ਨਾਮ ਜਪਣ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ। ਉਨ੍ਹਾਂ ਨੇ ਗ੍ਰਹਿਸਥੀ ਜੀਵਨ ਵਿਚ ਵਾਸਾ ਕਰਕੇ ਹੱਥੀਂ ਕਿਰਤ ਕਰਕੇ ਉਸ ਘਾਲ ਵਿਚੋਂ ਕੁਝ ਦੇਣ ਦੀ ਪਿਰਤ ਤੋਰੀ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਨੂੰ ਇਕੋ ਲੜੀ ਵਿਚ ਪਰੋਇਆ। ਉਹ ਨਾਮ ਜਿਹੜਾ ਬਿਨਾਂ ਕਿਰਤ ਕੀਤੇ ਤੇ ਵੰਡ ਕੇ ਛਕੇ ਜਪਿਆ ਜਾਵੇ - ਜਿਵੇਂ ਕਿ ਸਿੱਧ ਤੇ ਨਾਥ ਕਰਦੇ ਸਨ - ਤੋਂ ਲੋਕਾਈ ਨੂੰ ਬਚਣ ਦੀ ਤਾਕੀਦ ਕੀਤੀ। ਕਿਰਤ ਵਰਣ ਵਿਵਸਥਾ ਅਨੁਸਾਰ ਚੌਥੇ ਵਰਣ ਵਿਚ ਕਿਰਤ ਕਰਨ ਵਾਲੇ ਨੂੰ ਸ਼ੂਦਰ ਦਾ ਲਕਬ ਦੇ ਕੇ ਉਸਨੂੰ ਨੀਵਾਂ ਹੋਣ ਦਾ ਦੰਡ ਭੋਗਣ ਲਈ ਮਜਬੂਰ ਕਰਨ ਵਜੋਂ ਸਾਹਮਣੇ ਆਉਂਦੀ ਹੈ। ਜਿਸ ਦਾ ਪੂਰਨ ਤੌਰ 'ਤੇ ਨਿੱਘਰਿਆ ਹੋਇਆ ਰੂਪ ਜਾਤੀ ਪ੍ਰਥਾ ਰਾਹੀਂ ਸਾਹਮਣੇ ਆਉਂਦਾ ਹੈ। ਇੱਥੇ ਜਾਤ ਸਿੱਧੇ ਤੌਰ 'ਤੇ ਕਿੱਤੇ ਨਾਲ ਜੁੜਦੀ ਹੈ ਅਤੇ ਉਹ ਕਿੱਤਾ ਜਿਸ ਨੂੰ ਕਰਦਿਆਂ ਹੱਥ ਮੈਲੇ ਹੁੰਦੇ ਹਨ, ਉਸਨੂੰ ਨੀਵੀਂ ਜਾਤ ਦਾ ਕਿੱਤਾ ਗਰਦਾਨ ਕੇ ਉਸ ਕਿੱਤੇ ਨੂੰ ਕਰਨ ਵਾਲਿਆਂ ਨੂੰ ਮੁੱਢਲੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਂਦਾ ਹੈ। ਬਾਬੇ ਨਾਨਕ ਨੇ ਆਪਣੀਆਂ ਸਿੱਖਿਆਵਾਂ ਤੇ ਕਰਨੀ ਨਾਲ ਸਦੀਆਂ ਤੋਂ ਮਨੁੱਖੀ ਅਧਿਕਾਰ ਤੋਂ ਵੰਚਿਤ ਉਨ੍ਹਾਂ ਸਭ ਅਖੌਤੀ ਕੰਮੀਆਂ-ਕਮੀਣਾਂ ਨੂੰ ਉਨ੍ਹਾਂ ਦੀ ਕਿਰਤ ਦੇ ਆਧਾਰ 'ਤੇ ਜੀਵਨ ਬਤੀਤ ਕਰਦਿਆਂ ਸਚਿਆਰਾ ਹੋਣ ਦਾ ਮਾਣ ਬਖ਼ਸ਼ਿਆ। ਕਿਰਤ ਤੇ ਨਾਮ ਜਪਣ ਦੇ ਸੁਮੇਲ ਨੂੰ ਵੰਡ ਕੇ ਖਾਣ ਨਾਲ ਜਾਤ ਦੇ ਵਿਤਕਰੇ ਤੋਂ ਉੱਪਰ ਉਠ ਕੇ ਉਸ ਇਕ ਨਿਰੰਕਾਰ ਦੀ ਸਿੱਖਿਆ ਦਿੱਤੀ।

ਗੁਰੂ ਨਾਨਕ ਜੀ ਨੇ ਤੇ ਉਨ੍ਹਾਂ ਤੋਂ ਅਗਾਂਹ ਨੌਂ ਗੁਰੂਆਂ ਨੇ ਜਿਸ ਸੁਚੱਜੇ ਢੰਗ ਨਾਲ ਜਾਤਪਾਤ ਤੋਂ ਨਿਜਾਤ ਪਾਉਣ ਦਾ ਕਾਰਜ ਆਰੰਭਿਆ, ਉਸਦੀ ਨਾ ਤਾਂ ਉਨ੍ਹਾਂ ਤੋਂ ਪਹਿਲਾਂ ਤੇ ਨਾ ਹੀ ਉਨ੍ਹਾਂ ਤੋਂ ਬਾਅਦ ਕੋਈ ਹੋਰ ਬਿਹਤਰੀਨ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ। ਜੇ ਅੱਜ ਦੇ ਸਮਾਜ ਵਿਚ ਜਾਤਪਾਤ ਦੇ ਨਿਜ਼ਾਮ ਦਾ ਪੂਰਨ ਖ਼ਾਤਮਾ ਨਹੀਂ ਹੋ ਸਕਿਆ ਤਾਂ ਉਸਦੀ ਸਾਰੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ। ਬਾਬੇ ਨਾਨਕ ਤੇ ਉਨ੍ਹਾਂ ਦੇ ਘਰ ਦੀ ਸੱਚੀ ਬਾਣੀ ਨੂੰ ਅਸੀਂ ਆਪਣੇ ਜੀਵਨ ਵਿਚ ਅਮਲੀ ਰੂਪ ਨਾ ਦੇਣ ਕਾਰਨ ਇਸ ਸਮਾਜਿਕ ਬੁਰਾਈ ਨੂੰ ਪੂਰਨ ਤੌਰ 'ਤੇ ਖ਼ਤਮ ਨਹੀਂ ਕਰ ਸਕੇ। ਹੋਰ ਤਾਂ ਹੋਰ ਜਾਤ ਨਾਮ 'ਤੇ ਗੁਰੂ ਘਰਾਂ ਦੀ ਉਸਾਰੀ ਬਾਬੇ ਨਾਨਕ ਦੇ ਦਰਸਾਏ ਤੇ ਸ਼ੁਰੂ ਕੀਤੇ ਜਾਤਪਾਤ ਵਾਲੇ ਸਮਾਜ ਤੋਂ ਨਿਜਾਤ ਦਿਵਾਉਣ ਦੇ ਉੱਦਮ ਨੂੰ ਢਾਅ ਲਾਉਂਦੀ ਹੈ।

ਬਾਬੇ ਨਾਨਕ ਦੇ ਸਮਾਜਿਕ ਸੁਧਾਰ ਤੇ ਅਰਥ-ਭਰਪੂਰ ਜੀਵਨ ਜਿਉਣ ਦਾ ਜਾਚ ਦੂਸਰਾ ਸਤੰਭ ਔਰਤ ਦੀ ਬਰਾਬਰੀ ਦੇ ਸਿਧਾਂਤ ਨੂੰ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਦੀ ਪਾਉੜੀ 19 ਵਿਚ ਉਹ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਮਨੁੱਖ ਦੀ ਉਪਜ ਇਸਤਰੀ ਦੀ ਕੁੱਖ ਤੋਂ ਹੁੰਦੀ ਹੈ ਤੇ ਇਸਤਰੀ ਹੀ ਉਸਦੀ ਪਾਲਣਹਾਰ ਬਣਦੀ ਹੈ। ਪਰਿਵਾਰ ਦਾ ਸੰਚਾਲਨ ਵੀ ਇਸਤਰੀ ਹੀ ਕਰਦੀ ਹੈ। ਇਸਤਰੀ ਹੀ ਭਾਈਚਾਰੇ ਤੇ ਸੱਭਿਅਤਾ ਦੀ ਨੀਂਹ ਰੱਖਦੀ ਹੈ ਅਤੇ ਉਸਨੂੰ ਅੱਗੇ ਵਧਾਉਂਦੀ ਹੈ। ਉਹ ਇਸਤਰੀ ਦੇ ਸਨਮਾਨ ਦੀ ਗੱਲ ਤੋਰਦੇ ਫਰਮਾਉਂਦੇ ਹਨ ਕਿ ਜਿਸ ਇਸਤਰੀ ਕੁੱਖੋਂ ਰਾਜੇ ਮਹਾਰਾਜੇ ਪੈਦਾ ਹੁੰਦੇ ਹੋਣ ਉਸ ਨੂੰ ਮੰਦਾ ਕਿਸ ਤਰ੍ਹਾਂ ਆਖਿਆ ਜਾ ਸਕਦਾ ਹੈ: ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥

ਉਨ੍ਹਾਂ ਨੇ ਇਸਤਰੀ ਨੂੰ ਇਸ ਸੰਸਾਰ ਦੀ ਉਤਪਤੀ ਦੇ ਸਰੋਤ ਵਜੋਂ ਸਲਾਹਉਂਦਿਆਂ ਇਸਤਰੀ ਤੋਂ ਇਸਤਰੀ ਦੀ ਉਪਜ ਨੂੰ ਵੀ ਬਿਆਨ ਕੀਤਾ ਹੈ। ਇਸਤਰੀ ਤੋਂ ਬਿਨਾਂ ਜਨਮ ਅਸੰਭਵ ਹੋਣ ਦੀ ਗੱਲ ਕੀਤੀ ਹੈ। ਸਿਰਫ਼ ਇਕ ਅਵਿਨਾਸ਼ੀ ਪਰਮੇਸ਼ਰ ਹੀ ਹੈ, ਜਿਸ ਦੀ ਹੋਂਦ ਇਸਤਰੀ ਤੋਂ ਬਿਨਾਂ ਆਪਣੇ ਆਪ (ਸੈਭੰ) ਹੈ।

ਸਮਾਜ ਵਿਚ ਜਿਵੇਂ ਕਿ ਜਾਤਪਾਤ ਦੇ ਆਧਾਰ 'ਤੇ ਨੀਵੀਂਆਂ ਜਾਤਾਂ ਨਾਲ ਸਬੰਧਿਤ ਇਨਸਾਨਾਂ ਨਾਲ ਮਤਭੇਦਾਂ ਜ਼ਰੀਏ ਅਨਿਆਂ ਕੀਤਾ ਜਾਂਦਾ ਰਿਹਾ ਹੈ, ਉਸੇ ਹੀ ਤਰ੍ਹਾਂ ਸਾਡੇ ਸਮਾਜ ਵਿਚ ਇਸਤਰੀ ਨੂੰ ਛੋਟੇ ਤੇ ਅਪਵਿੱਤਰ ਸਮਝਣ ਦੀ ਕੁਰੀਤੀ ਵੀ ਪ੍ਰਚੱਲਿਤ ਰਹੀ ਹੈ। ਗੁਰੂ ਸਾਹਿਬ ਨੇ ਇਸ ਨੂੰ ਕੋਰੀ ਅਗਿਆਨਤਾ ਤੇ ਮੂਰਖਤਾ ਦਰਸਾਇਆ ਹੈ। ਔਰਤ ਨੂੰ ਸਿਰਫ਼ ਔਰਤ ਹੋਣ ਦੇ ਨਾਤੇ ਹੀਣ ਮੰਨਣ ਨੂੰ ਗੁਰੂ ਸਾਹਿਬ ਨੇ ਉਪਰੋਕਤ ਅੰਕਿਤ ਸਲੋਕ ਵਿਚ ਤਰਕ-ਸਹਿਤ ਖੰਡਨ ਕੀਤਾ ਹੈ।

ਸਮੁੱਚੇ ਰੂਪ ਵਿਚ ਗੁਰੂ ਨਾਨਕ ਜੀ ਦਾ ਜੀਵਨ ਤੇ ਬਾਣੀ ਮੱਧਕਾਲੀ ਭਾਰਤੀ ਸਮਾਜ ਵਿਚਲੀਆਂ ਤਮਾਮ ਕੁਰੀਤੀਆਂ ਤੇ ਉਨ੍ਹਾਂ ਤੋਂ ਮੁਕਤੀ ਦੇ ਸਾਧਨ ਦਾ ਹੱਲ ਦਰਸਾਉਂਦੀਆਂ ਹਨ। ਉਨ੍ਹਾਂ ਦੀ ਬਾਣੀ ਤੇ ਕਰਨੀ ਦੇ ਸਿਧਾਂਤ ਦੀ ਵਿਲੱਖਣਤਾ ਇਨ੍ਹਾਂ ਦੇ ਆਰੰਭੇ ਸਮਾਜਿਕ ਇਨਕਲਾਬ ਦੀ ਅਦੁੱਤੀ ਮਿਸਾਲ ਹੈ, ਜਿਸ ਰਾਹੀਂ ਉਨ੍ਹਾਂ ਨੇ ਆਪਣੇ ਸਮਕਾਲੀ ਸਰੋਕਾਰਾਂ ਨਾਲ ਸਿੱਧੇ ਤੌਰ 'ਤੇ ਜੂਝਦਿਆਂ ਸੱਚ ਦੇ ਮਾਰਗ ਦੀ ਪੈਰਵੀ ਕੀਤੀ।

ਉਨ੍ਹਾਂ ਨੇ ਭਗਤੀ ਦੀ ਗੱਲ ਕੀਤੀ, ਪਰ ਉਹ ਭਗਤੀ ਕਿਸੇ ਵੀ ਪੱਖ ਤੋਂ ਸਮਾਜਿਕ, ਆਰਥਿਕ ਤੇ ਰਾਜਨੀਤਕ ਪਹਿਲੂਆਂ ਤੋਂ ਸੱਖਣੀ ਨਹੀਂ ਰੱਖੀ ਗਈ। ਭਗਤੀ ਨੂੰ ਜੀਵਨ ਵਿਚ ਰੱਖ ਕੇ ਪੇਸ਼ ਕੀਤਾ ਗਿਆ ਤੇ ਜੋ ਉਸਦਾ ਮਾਰਗ ਨਿਰਧਾਰਤ ਕੀਤਾ, ਉਹ ਸੰਸਾਰੀ ਵਿਹਾਰ ਨੂੰ ਉੱਤਮ ਤਰੀਕੇ ਨਾਲ ਚਲਾਉਂਦੇ ਹੋਏ 'ਕਿਛੁ ਸੁਣੀਐ ਕਿਛੁ ਕਹੀਐ' ਦੇ ਕਥਨ ਅਨੁਸਾਰ ਸੰਸਾਰ ਤੋਂ ਬੇਖ਼ਬਰ ਤੇ ਬੇਮੁਖ ਨਾ ਹੁੰਦੇ ਹੋਏ ਉਸਨੂੰ ਅਧਿਆਤਮਵਾਦ ਦੇ ਨਾਲ-ਨਾਲ ਜੀਵਨ ਪੱਧਤੀ ਦੇ ਉਥਾਨ ਦਾ ਮੁੱਖ ਕੇਂਦਰ ਬਣਾਇਆ। ਭਗਤੀ ਨੂੰ ਸਮਾਜਿਕ ਸੰਦਰਭ ਵਿਚ ਪੇਸ਼ ਕਰਕੇ ਲੋਕਪੱਖੀ ਰਾਜਨੀਤੀ ਤੇ ਅਰਥ-ਵਿਵਸਥਾ ਦੀ ਸਥਾਪਤੀ ਦਾ ਸਿਧਾਂਤ ਹੀ ਨਾਨਕਬਾਣੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਭਗਤੀ ਲਹਿਰ ਦੇ ਪ੍ਰਭੂ ਭਗਤੀ ਦੇ ਸਿਧਾਂਤ ਤੋਂ ਅਲੱਗ ਕਰਦਾ ਹੈ।

ਬਾਬਾ ਜੀ ਨੇ ਦੱਸਿਆ ਕਿ ਗੱਲੀਂ ਭੇਖੀਂ ਰੱਬ ਨਹੀਂ ਮਿਲਦਾ; ਗ੍ਰਹਿਸਥੀ ਵਿਚ ਰਹਿੰਦਿਆਂ ਸੱਚੇ ਮਾਰਗ ਚੱਲਦਿਆਂ ਚੰਗੇਰਾ ਜੀਵਨ ਨਿਰਬਾਹ ਹੁੰਦਾ ਹੈ, ਜਿਸਦੀ ਲੋਕ ਤੇ ਪਰਲੋਕ ਦੋਵਾਂ 'ਚ ਉਸਤਤ ਹੁੰਦੀ ਹੈ।

ਬਾਬਾ ਨਾਨਕ ਸੌੜੀ ਰਾਜਨੀਤੀ 'ਤੇ ਤਿੱਖਾ ਪ੍ਰਤੀਕਰਮ ਕਰਦੇ ਹੋਏ 'ਰਾਜੇ ਸੀਹ ਮੁਕਦਮ ਕੁਤੇ' ਰਾਹੀਂ ਭਗਤੀ ਤੇ ਰਾਜਨੀਤੀ ਨੂੰ ਸਹੀ ਮਾਅਨਿਆਂ ਵਿਚ ਸੱਚ ਦੀ ਲੋਅ ਵਿਚ ਪੇਸ਼ ਕਰਦੇ ਹਨ। ਬਾਬਾ ਨਾਨਕ ਦਾ ਪੂਰਾ ਜੀਵਨ ਤੇ ਸਿੱਖਿਆਵਾਂ ਸਮਾਜਿਕ ਨਿਆਂ ਤੇ ਔਰਤ ਦੀ ਬਰਾਬਰੀ ਨੂੰ ਮੁੱਖ ਰੱਖਦਿਆਂ ਰੂਹਾਨੀਅਤ ਦੀ ਪਿੱਠਭੂਮੀ ਵਜੋਂ ਇਨ੍ਹਾਂ ਦੀ ਅਹਿਮੀਅਤ ਦਰਸਾਉਂਦੀਆਂ ਹਨ।

**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਦਲੀਆਂ ਦੀ ਮੰਗ ਨੂੰ ਲੈ ਕੇ ਅਧਿਆਪਕਾਂ ਵੱਲੋਂ ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਕੋਠੀ ਵੱਲ ਰੋਸ ਮਾਰਚ

## 2392 ਅਧਿਆਪਕ ਯੂਨੀਅਨ, ਪੰਜਾਬ ਅਤੇ ਨਵਨਿਯੁਕਤ ਅਧਿਆਪਕ ਫਰੰਟ, ਪੰਜਾਬ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ 'ਚ ਰੋਸ ਪ੍ਰਦਰਸ਼ਨ

**ਗੰਭੀਰਪੁਰ, (ਦਲਜੀਤ ਕੌਰ)** ਨਵਨਿਯੁਕਤ ਅਧਿਆਪਕ ਫਰੰਟ ਪੰਜਾਬ ਅਤੇ 2392 ਅਧਿਆਪਕ ਯੂਨੀਅਨ ਪੰਜਾਬ ਵੱਲੋਂ ਸਾਂਝੇ ਰੂਪ ਵਿੱਚ ਸਾਰੇ ਅਧਿਆਪਕ ਤੇ ਲੈਕਚਰਾਰ ਨੂੰ ਸਟੇਸ਼ਨ ਚੁਆਇਸ ਦੇ ਜਨਰਲ ਰਾਊਂਡ ਵਿੱਚ ਮੌਕਾ ਨਾ ਦੇਣ ਦੇ ਰੋਸ ਵਜੋਂ ਸਮੂਹ ਅਧਿਆਪਕਾਂ ਅਤੇ ਲੈਕਚਰਾਰਾਂ ਨੇ ਪਿੰਡ ਢੇਰ ਵਿਖੇ ਸਵੇਰ ਤੋਂ ਰੋਸ ਰੈਲੀ ਕਰਨ ਉਪਰੰਤ ਇਕੱਠੇ ਹੋ ਕੇ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵੱਲ ਰੋਸ ਮਾਰਚ ਕੀਤਾ ਅਤੇ ਕੋਠੀ ਦਾ ਘਿਰਾਓ ਕਰਕੇ ਨਾਅਰੇਬਾਜ਼ੀ ਕੀਤੀ ਗਈ। ਇਸ ਉਪਰੰਤ ਜਿੱਥੇ ਸਿੱਖਿਆ ਮੰਤਰੀ ਨੇ ਫੋਨ ਰਾਹੀਂ ਗੱਲ ਕਰਕੇ ਭਰੋਸਾ ਦਿੱਤਾ ਉੱਥੇ ਹੀ ਆਨੰਦਪੁਰ ਪ੍ਰਸ਼ਾਸਨ ਦੇ ਡਿਊਟੀ ਮੈਜਿਸਟ੍ਰੇਟ ਤਹਿਸੀਲਦਾਰ ਨੇ ਅਧਿਆਪਕਾਂ ਦੇ ਇਕੱਠ ਵਿੱਚ ਆ ਕੇ ਮੰਗਲਵਾਰ ਨੂੰ ਸਿੱਖਿਆ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਵਾਅਦਾ ਕੀਤਾ।

ਇਸ ਮੌਕੇ 2392 ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਯੁੱਧਜੀਤ ਸਿੰਘ ਤੇ ਨਵ ਨਿਯੁਕਤ ਅਧਿਆਪਕ ਫਰੰਟ ਦੇ ਸੂਬਾ ਕਨਵੀਨਰ ਗੁਰਪ੍ਰੀਤ ਸਿੰਘ ਨਾਭਾ ਨੇ ਸਾਂਝੇ ਰੂਪ ਵਿੱਚ ਦੱਸਿਆ ਕਿ 9 ਅਗਸਤ,2024 ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਨਾਲ ਬਦਲੀਆਂ ਦੀ ਮੰਗ ਨੂੰ ਲੈ ਕੇ ਮੀਟਿੰਗ ਹੋਈ ਸੀ, ਮੀਟਿੰਗ ਦੌਰਾਨ ਸਿੱਖਿਆ ਮੰਤਰੀ ਨੇ ਦੋਨਾਂ ਜੱਥੇਬੰਦੀਆਂ ਨੂੰ ਵਿਸ਼ਵਾਸ ਦਵਾਇਆ ਸੀ ਕਿ




569 ਲੈਕਚਰਾਲ ਅਤੇ 2392 ਅਧਿਆਪਕਾਂ ਨੂੰ ਆਨਲਾਈਨ ਬਦਲੀਆਂ ਦੇ ਜਨਰਲ ਰਾਊਂਡ ਵਿੱਚ ਪ੍ਰੋਬੇਸ਼ਨ ਪੀਰੀਅਡ ਦੀ ਸ਼ਰਤ ਤੋਂ ਛੋਟ ਦਿੰਦਿਆਂ ਬਦਲੀ ਕਰਾਉਣ ਦਾ ਮੌਕਾ ਦਿੱਤਾ ਜਾਵੇਗਾ। ਮੀਤ ਪ੍ਰਧਾਨ ਵਿਸ਼ਵ ਭਾਨੂ, ਮਨਦੀਪ ਸਿੰਘ, ਕਿਰਨਦੀਪ ਕੋਰ, ਰਮਨਦੀਪ ਕੋਰ, ਰਾਜਿੰਦਰ ਕੋਰ, ਸੁਖਦੀਪ ਕੋਰ ਅਤੇ ਕੁਲਦੀਪ ਲੈਕਚਰਾਰ ਕੁਲਦੀਪ ਸਿੰਘ ਨੇ ਕਿਹਾ ਕਿ 24 ਅਗਸਤ ਸ਼ਾਮ ਨੂੰ ਜਦੋਂ ਸਿੱਖਿਆ ਵਿਭਾਗ ਵੱਲੋਂ ਆਨਲਾਈਨ ਬਦਲੀਆਂ ਦੇ ਸਟੇਸ਼ਨ ਚੁਆਇਸ ਲਈ ਪੋਰਟਲ ਖੋਲਿਆ ਤਾਂ ਲੈਕਚਰਾਰ ਤੇ ਅਧਿਆਪਕਾਂ ਨੂੰ ਉਸ ਵਿੱਚ ਮੌਕਾ ਨਹੀਂ ਦਿੱਤਾ ਗਿਆ। ਉਹਨਾਂ ਨੇ ਦੱਸਿਆ ਕਿ ਜਿੱਥੇ 2392 ਅਧਿਆਪਕਾਂ ਦਾ ਪ੍ਰੋਬੇਸ਼ਨ ਪੀਰੀਅਡ 25 ਅਗਸਤ ਨੂੰ ਪੂਰਾ ਹੋ ਰਿਹਾ ਹੈ, ਉੱਥੇ ਹੀ ਲੈਕਚਰਾਰ ਦਾ ਪ੍ਰੋਬੇਸ਼ਨ ਪੀਰੀਅਡ ਵੀ 30 ਅਗਸਤ ਤੋਂ ਸਤੰਬਰ ਦੇ ਪਹਿਲੇ ਹਫਤੇ ਤੱਕ ਪੂਰਾ ਹੋ ਜਾਣਾ ਹੈ। ਅਧਿਆਪਕ ਆਗੂ ਮਨਪ੍ਰੀਤ ਸ਼ਰਮਾ, ਗੁਰਸੇਵਕ ਸਿੰਘ, ਗੁਰਬਾਜ ਸਿੰਘ ਅਮਨਦੀਪ ਸਿੰਘ ਅਤੇ ਲੈਕਚਰਾਰ ਜਸਵਿੰਦਰ ਸਿੰਘ ਨੇ ਕਿਹਾ ਕਿ ਸਿੱਖਿਆ ਮੰਤਰੀ ਵੱਲੋਂ ਵਾਅਦਾ ਨਾ ਪੂਰਾ ਕਰਨ ਤੇ ਅਧਿਆਪਕ ਅਤੇ ਲੈਕਚਰਾਰਾਂ ਵਿਚ ਬਹੁਤ ਰੋਸ ਹੈ। ਇਹ ਅਧਿਆਪਕ ਅਤੇ ਲੈਕਚਰਾਰ ਆਪਣੇ ਘਰਾਂ ਤੋਂ 200-300 ਕਿਲੋਮੀਟਰ ਦੂਰ ਨਿਯੁਕਤ ਹੋਣ ਕਰਕੇ ਬਹੁਤ ਮੁਸ਼ਕਲਾ ਦਾ ਸਾਹਮਣਾ ਕਰ ਰਹੇ ਹਨ।

ਅਧਿਆਪਕ ਆਗੂ ਪਰਮਜੀਤ ਫਿਰੋਜਪੁਰ, ਲਾਭਪ੍ਰੀਤ ਸਿੰਘ, ਸੰਜੀਵ ਗਰਗ, ਮਹਿਲ ਸਿੰਘ ਜੱਬੋਵਾਲ ਅਤੇ ਲੈਕਚਰਾਰ ਮੈਡਮ ਨਿਸ਼ਾ, ਮਨਜਿੰਦਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕੀਤੀ ਕਿ ਕੁਝ ਦਿਨਾਂ ਲਈ ਪ੍ਰੋਬੇਸ਼ਨ ਪੀਰੀਅਡ ਪੂਰਾ ਨਾ ਹੋਣ ਤੇ ਬਦਲੀਆਂ ਦੇ ਜਨਰਲ ਰਾਊਂਡ 'ਚ ਮੌਕਾ ਨਾ ਦੇਣਾ ਬਹੁਤ ਮੰਦਭਾਗਾ ਹੈ।

ਸਾਂਝੇ ਰੂਪ ਵਿੱਚ 2392 ਅਧਿਆਪਕ ਯੂਨੀਅਨ ਤੇ ਨਵ ਨਿਯੁਕਤ ਅਧਿਆਪਕ ਫਰੰਟ ਦੇ ਆਗੂਆਂ ਨੇ ਕਿਹਾ ਕਿ ਜੇਕਰ ਮੰਗਲਵਾਰ ਨੂੰ ਮਸਲੇ ਹੱਲ ਨਾ ਹੋਇਆ ਤਾਂ ਉਸ ਦਿਨ ਸਿੱਖਿਆ ਵਿਭਾਗ ਸਾਹਮਣੇ ਤਿੱਖਾ ਪ੍ਰਦਰਸ਼ਨ ਕੀਤਾ ਜਾਵੇਗਾ ਤੇ ਸਮੂਹ ਅਧਿਆਪਕ ਤੇ ਲੈਕਚਰਾਰ ਨੂੰ ਵੱਡੀ ਗਿਣਤੀ ਵਿੱਚ ਆਉਣ ਲਈ ਕਿਹਾ।

# ਸੰਸਥਾ ਵਲੋਂ ਮਿਸ਼ਨਰੀ ਗੀਤਕਾਰ ਤੇ ਗਾਇਕਾਂ ਦਾ ਹੋਵੇਗਾ ਗੋਲਡ ਮੈਡਲ ਨਾਲ ਸਨਮਾਨ- ਰੂਪ ਲਾਲ ਧੀਰ



















**ਲਸਾੜਾ/ਫਿਲੌਰ (ਬੱਗਾ ਸੇਲਕੀ-ਆਣਾ)**- ਸਾਡੇ ਗੁਰੂ ਸਾਹਿਬਾਨਾਂ, ਮਹਾਨ ਰਹਿਬਰਾਂ ਤੇ ਸੰਤ ਮਹਾਂਪੁਰਸ਼ਾਂ ਨੇ ਸਾਡੇ ਸਮਾਜ ਨੂੰ ਬਰਾਬਰਤਾ ਦਾ ਹੱਕ ਦਿਵਾਉਣ ਲਈ ਬਿਨਾ ਕਿਸੇ ਸਵਾਰਥ ਦੇ ਆਪਣੀ ਜਿੰਦਗੀ ਦੇ ਕੀਮਤੀ ਸਮਾਂ ਲਗਾਇਆ ਤੇ ਬਹੁਤ ਸ਼ੰਘਰਸ਼ ਕਰਕੇ ਸਾਨੂੰ ਬਰਾਬਰਤਾ ਦੇ ਹੱਕ ਪ੍ਰਦਾਨ ਕੀਤੇ ਅਗਰ ਸਾਡੇ ਮਹਾਨ ਰਹਿਬਰ ਸਾਡੇ ਸਮਾਜ ਲਈ ਸ਼ੰਘਰਸ਼ ਨਾਂ ਕਰਦੇ ਤਾਂ ਸ਼ਾਇਦ ਅੱਜ ਅਸੀ ਇਸ ਮੁਕਾਮ ਤੱਕ ਨਾਂ ਪਹੁੰਚਦੇ ਤੇ ਜਿਨਾਂ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਲਈ ਸਾਡੇ ਹੀ ਸਮਾਜ ਦੇ ਕਲਾਕਾਰ ਤੇ ਲੇਖਕਾਂ ਨੇ ਸਾਡੇ ਸਮਾਜ ਦੇ ਦਰਦ ਨੂੰ ਗੀਤਾਂ ਰਾਂਹੀ ਸੁੱਤੇ ਹੋਏ ਸਮਾਜ ਨੂੰ ਜਾਗਰੂਕ ਕੀਤਾ ਹੈ ਜਿਸ ਦਾ ਅਸਰ ਹੁਣ ਹੋ ਰਿਹਾ ਏ ਪਹਿਲਾਂ ਨਾਲੋਂ ਜਿਆਦਾ ਸਾਡੇ ਸਮਾਜ ਦੇ ਲੋਕ ਹੁਣ ਜਾਗਰੂਕ ਹੋ ਚੁੱਕੇ ਹਨ ਤੇ ਅਸੀਂ ਉਨਾਂ ਕਲਾਕਾਰ ਤੇ ਲੇਖਕਾਂ ਦਾ ਉਤਸ਼ਾਹ ਵਧਾਉਣ ਲਈ ਉਨਾ ਮਾਣ ਸਨਮਾਨ ਕਰਨਾ ਸੰਸਥਾ ਆਪਣਾ ਫਰਜ ਸਮਝਦੀ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸੁਰਪ੍ਰੀਤ ਪ੍ਰੋਡਕਸ਼ਨ ਦੇ ਐਮ ਡੀ ਤੇ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਦੇ ਪ੍ਰਧਾਨ ਅਤੇ ਪ੍ਰਸਿੱਧ ਲੋਕ ਗਾਇਕ ਰੂਪ ਲਾਲ ਧੀਰ ਜੋ ਇਸ ਟਾਈਮ ਕਨੈਡਾ ਵਿੱਚ ਹਨ ਉਨਾਂ ਵਲੋਂ ਫੋਨ ਤੇ ਗੱਲਬਾਤ ਕਰਦਿਆ ਕੀਤਾ ਧੀਰ ਨੇ ਆਖਿਆ ਕਿ ਗੀਤਕਾਰ ਤੇ ਗਾਇਕਾਂ ਵਿੱਚ ਮਿਸ਼ਨਰੀ ਗਾਇਕ ਬਲਵਿੰਦਰ ਬਿੱਟੂ, ਗਾਇਕ ਕਮਲ ਤੱਲਣ, ਗਾਇਕਾ ਮਨੀ ਮਾਲਵਾ,ਪ੍ਰਸਿੱਧ ਗੀਤਕਾਰ ਰੱਤੂ ਰੰਧਾਵਾ ਤੇ ਅਸ਼ੋਕ ਸੂੰਢ ਜਿਨਾਂ ਨੂੰ ਸੁਰਪ੍ਰੀਤ ਪ੍ਰੋਡਕਸ਼ਨ ਅਤੇ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਵਲੋਂ ਆਉਣ ਵਾਲੇ ਦਿਨਾਂ ਵਿੱਚ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ ਜਿਕਰਯੋਗ ਹੈ ਕਿ ਸੰਸਥਾ ਵਲੋਂ ਪਹਿਲਾਂ ਵੀ ਮਿਸ਼ਨਰੀ ਗਾਇਕ ਤੇ ਗੀਤਕਾਰਾਂ ਦਾ ਗੋਲਡ ਮੈਡਲਾਂ ਨਾਲ ਮਾਣ ਸਨਮਾਨ ਕੀਤਾ ਜਾ ਚੁੱਕਾ ਹੈ ਧੀਰ ਨੇ ਆਖਿਆ ਕਿ ਆਉਣ ਵਾਲੇ ਸਮੇ ਵਿੱਚ ਵੀ ਹੋਰ ਮਿਸ਼ਨਰੀ ਸਾਥੀਆਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
New folding bed verities


ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
Loose Fabrics, Groceries, Blankets, Vegetables



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।

Baksho Kaur Bisla Hardev Singh Bisla


ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
530-671-0439, Fax 530-822-0439 Cell- 530-844-3250

# ਡੈਮੋਕਰੈਟਿਕ ਪਾਰਟੀ ਦੀ ਕਨਵੈਨਸ਼ਨ ਵਿਚ ਭਾਰਤੀ ਮੂਲ ਦੇ ਪੁਜਾਰੀ ਨੇ ਕੀਤੀ ਹਿੰਦੂ ਪ੍ਰਾਰਥਨਾ, ਕਿਹਾ ਪੂਰਾ ਵਿਸ਼ਵ ਇਕ ਪਰਿਵਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸ਼ਿਕਾਗੋ, ਇਲੀਨੋਇਸ ਵਿਚ ਚਲ ਰਹੀ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਦੇ ਤੀਸਰੇ ਦਿਨ ਭਾਰਤੀ ਮੂਲ ਦੇ ਪੁਜਾਰੀ ਰਾਕੇਸ਼ ਭੱਟ ਨੇ ਹਿੰਦੂ ਪ੍ਰਾਰਥਨਾ ਕੀਤੀ। ਮੈਰੀਲੈਂਡ ਵਿਚ ਰਹਿੰਦੇ ਰਾਕੇਸ਼ ਭੱਟ ਸ੍ਰੀ ਸਿਵਾ ਵਿਸ਼ਨੂ ਮੰਦਿਰ ਵਿਖੇ ਸੀਨੀਅਰ ਪੁਜਾਰੀ ਹਨ। ਉਨਾਂ ਨੇ ਅਮਰੀਕੀਆਂ ਨੂੰ ਇਕਜੁੱਟ ਹੋਣ ਦੀ ਬੇਨਤੀ ਕਰਦਿਆਂ ਆਪਣੀ ਪ੍ਰਾਰਥਨਾ ਦੀ ਸ਼ੁਰੂਆਤ 'ਵਾਸੁਧੈਵਾ ਕੁਟੰਬਕੰਮ'; ਸ਼ਬਦਾਂ ਨਾਲ ਕੀਤੀ ਜਿਨਾਂ ਦਾ ਅਰਥ ਹੈ 'ਸਮੁੱਚਾ ਵਿਸ਼ਵ ਇਕ ਪਰਿਵਾਰ ਹੈ। ਸ੍ਰੀ ਭੱਟ ਜੋ ਮੂਲ ਰੂਪ ਵਿਚ ਭਾਰਤ ਦੇ ਕਰਨਾਟਕ ਰਾਜ ਨਾਲ ਸਬੰਧਿਤ ਹਨ, ਨੇ ਕਿਹਾ ਕਿ ਜੇਕਰ ਸਾਡੇ ਵਿਚ ਮੱਤਭੇਦ ਵੀ ਹਨ ਤਾਂ ਜਦੋਂ ਰਾਸ਼ਟਰ ਦੀ ਗੱਲ ਆਉਂਦੀ ਹੈ ਤਾਂ ਸਾਨੂੰ ਇਕਜੁੱਟਤਾ ਵਿਖਾਉਣੀ ਪਵੇਗੀ। ਆਓ ਆਪਾਂ ਇਕੱਠੇ ਸੋਚੀਏ ਤੇ ਸਾਡੇ ਦਿੱਲ ਇਕੱਠੇ ਧੜਕਣ। ਇਸ ਸਭ ਸਾਡੇ ਸਮਾਜ ਦੀ ਭਲਾਈ ਲਈ ਹੈ। ਇਸ ਨਾਲ ਅਸੀਂ ਸ਼ਕਤੀਸ਼ਾਲੀ ਬਣਾਂਗੇ ਇਸ ਲਈ ਆਓ ਇਕੱਠੇ ਹੋਈਏ ਤੇ ਆਪਣੇ ਰਾਸ਼ਟਰ ਨੂੰ ਮਹਾਨ ਬਣਾਈਏ। ਸ੍ਰੀ ਭੱਟ ਨੇ ਜੋਰ ਦਿੱਤਾ ਕਿ ਸਾਨੂੰ ਅਜਿਹੇ ਆਗੂ ਦੀ ਲੋੜ ਹੈ ਜੋ ਇਨਾਂ ਕਦਰਾਂ ਕੀਮਤਾਂ ਨੂੰ ਪ੍ਰਣਾਇਆ ਹੋਵੇ। ਉਨਾਂ ਨੇ ਪ੍ਰਾਰਥਨਾ ਇਨਾਂ ਸ਼ਬਦਾਂ ਨਾਲ ਖਤਮ ਕੀਤੀ ਅਸੀਂ ਵਿਸ਼ਵ ਵਿਆਪੀ ਇਕ ਪਰਿਵਾਰ ਹਾਂ। ਸੱਚ ਸਾਡੀ ਬੁਨਿਆਦ ਹੈ ਜੋ ਹਮੇਸ਼ਾਂ ਰਹੇਗਾ। ਆਓ ਸੱਚ ਨੂੰ ਸਮਝੀਏ, ਹਨੇਰੇ ਤੋਂ ਰੌਸ਼ਨੀ ਵਲ ਪਰਤੀਏ ਤੇ ਮੌਤ ਤੋਂ ਅਮਰਤਾ ਵੱਲ ਵਧੀਏ। ਓਮ ਸ਼ਾਂਤੀ, ਸ਼ਾਂਤੀ, ਸ਼ਾਂਤੀ।

# ਅਮਰੀਕਾ ਵਿਚ ਭਾਰਤੀ ਮੂਲ ਦਾ ਡਾਕਟਰ ਸੈਕਸ ਅਪਰਾਧ ਦੇ ਮਾਮਲਿਆਂ ਵਿਚ ਗ੍ਰਿਫਤਾਰ, ਹਸਪਤਾਲ ਵਿਚ ਲਾ ਰਖੇ ਸਨ ਗੁਪਤ ਕੈਮਰੇ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰੋਚੈਸਟਰ ਹਿਲਜ਼, ਮਿਸ਼ੀਗਨ ਵਾਸੀ ਭਾਰਤੀ ਮੂਲ ਦੇ ਫਿਜ਼ੀਸੀਅਨ ਉਮੇਰ ਏਜਾਜ਼ (40) ਨੂੰ ਸੈਕਸ ਅਪਰਾਧ ਦੇ ਕਈ ਮਾਮਲਿਆਂ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਉਸ ਉਪਰ ਬਾਲਗਾਂ ਤੇ ਬੱਚਿਆਂ ਨਾਲ ਸੈਕਸ ਅਪਰਾਧ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਇਨਾਂ ਦੋਸ਼ਾਂ ਵਿਚ ਬੱਚਿਆਂ ਦਾ ਸਰੀਰਕ ਸੋਸ਼ਣ ਕਰਨ, ਨਿਰਵਸਤਰ ਵਿਅਕਤੀਆਂ ਦੀਆਂ ਤਸਵੀਰਾਂ ਖਿੱਚਣ ਤੇ ਅਪਰਾਧ ਲਈ ਕੰਪਿਊਟਰ ਦੀ ਵਰਤੋਂ ਕਰਨ ਦੇ ਦੋਸ਼ ਸ਼ਾਮਿਲ ਹਨ। ਉਸ ਨੇ ਕਥਿਤ ਤੌਰ 'ਤੇ ਕਪੜੇ ਬਦਲਣ ਵਾਲੇ ਕਮਰਿਆਂ, ਨਹਾਉਣ ਵਾਲੇ ਕਮਰਿਆਂ, ਹਸਪਤਾਲ ਦੇ ਕਮਰਿਆਂ ਤੇ ਹੋਰ ਨਿੱਜੀ ਸਥਾਨਾਂ 'ਤੇ ਗੁਪਤ ਰੂਪ ਵਿਚ ਕੈਮਰੇ ਲਾਏ ਹੋਏ ਸਨ ਜਿਨਾਂ ਰਾਹੀਂ ਉਹ ਪੀੜਤਾਂ ਦੀਆਂ ਗਤੀਵਿਧੀਆਂ ਵੇਖਦਾ ਸੀ। ਓਕਲੈਂਡ ਕਾਊਂਟੀ ਸ਼ੈਰਿਫ ਮਾਈਕਲ ਬੋਚਰਡ ਅਨੁਸਾਰ ਡਾਕਟਰ ਵੱਲੋਂ ਰਿਕਾਰਡ ਕੀਤੇ ਕੁਝ ਦ੍ਰਿਸ਼ ਤੇ ਖਿੱਚੀਆਂ ਤਸਵੀਰਾਂ ਪ੍ਰੇਸ਼ਾਨ ਕਰ ਦੇਣ ਵਾਲੀਆਂ ਹਨ। ਏਜਾਜ਼ ਭਾਰਤੀ ਨਾਗਰਿਕ ਹੈ ਤੇ ਉਹ 2011 ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਏਜਾਜ਼ ਵਿਆਹ ਹੋਇਆ ਹੈ ਤੇ ਉਸ ਦੇ 2 ਨੌਜਵਾਨ ਬੱਚੇ ਹਨ। ਏਜਾਜ਼ ਦੀ ਗ੍ਰਿਫਤਾਰੀ ਉਸ ਦੀ ਪਤਨੀ ਵੱਲੋਂ ਸ਼ਿਕਾਇਤ ਕਰਨ 'ਤੇ ਹੋਈ ਜਾਂਚ ਤੋਂ ਬਾਅਦ ਕੀਤੀ ਗਈ ਹੈ।

# ਭਾਰਤੀ ਮੂਲ ਦਾ ਨਰੇਸ਼ ਭੱਟ ਆਪਣੀ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਗ੍ਰਿਫਤਾਰ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਵਿਰਜੀਨੀਆ ਵਾਸੀ 28 ਸਾਲਾ ਔਰਤ ਮਮਤਾ ਕੈਫਲ ਭੱਟ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਉਸ ਦੇ ਭਾਰਤੀ ਪਤੀ ਨਰੇਸ਼ ਭੱਟ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਅਫਸਰ ਤਲਾਸ਼ੀ ਵਾਰੰਟਾਂ ਦੀ ਤਾਮੀਲ ਕਰਦਿਆਂ ਭੱਟ ਨੂੰ ਹੱਥਕੜੀਆਂ ਲਾ ਕੇ ਲੈ ਗਏ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਨਰੇਸ਼ ਭੱਟ ਨੇ ਆਪਣੇ ਘਰ ਦੇ ਅੰਦਰ ਪਤਨੀ ਦੀ ਹੱਤਿਆ ਕਰਨ ਤੋਂ ਬਾਅਦ ਉਸ ਦੀ ਲਾਸ਼ ਬਾਹਰ ਸੁੱਟ ਦਿੱਤੀ। ਹਾਲਾਂ ਕਿ ਭੱਟ ਵਿਰੁੱਧ ਅਜੇ ਰਸਮੀ ਤੌਰ 'ਤੇ ਦੋਸ਼ ਆਇਦ ਨਹੀਂ ਕੀਤੇ ਗਏ ਪਰੰਤੂ ਮੁੱਢਲੀ ਅਪਰਾਧਕ ਸ਼ਿਕਾਇਤ ਅਨੁਸਾਰ 30 ਜੁਲਾਈ ਨੂੰ ਨਰੇਸ਼ ਭੱਟ ਨੇ ਆਪਣੀ ਪਤਨੀ ਮਮਤਾ ਭੱਟ ਦੀ ਹੱਤਿਆ ਕੀਤੀ ਸੀ। ਸ਼ਿਕਾਇਤ ਅਨੁਸਾਰ ਜਾਂਚ ਦੌਰਾਨ ਮਮਤਾ ਭੱਟ ਦੀ ਮੌਤ ਸਬੰਧੀ ਕਈ ਡਿਜ਼ੀਟਲ ਤੇ ਫੌਰੈਂਸਿਕ ਸਬੂਤ ਮਿਲੇ ਹਨ। ਇਸ ਸਮੇ ਨਰੇਸ਼ ਭੱਟ ਨੂੰ ਪ੍ਰਿੰਸ ਵਿਲੀਅਮ ਮਾਨਾਸਾਸ ਰਿਜਨਲ ਅਡਲਟ ਡਿਟੈਨਸ਼ਨ ਸੈਂਟਰ ਵਿਚ ਰਖਿਆ ਗਿਆ ਹੈ।

# ਅਮਰੀਕਾ-ਮੈਕਸੀਕੋ ਸਰਹੱਦ 2 ਟੱਨ ਡਰੱਗ ਫੜਿਆ, ਹਦਵਾਣਿਆਂ ਦੀ ਸ਼ੱਕਲ ਵਿੱਚ ਬਣਾਏ ਸਨ ਪੈਕਟ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-**ਅਮਰੀਕਾ-ਮੈਕਸੀਕੋ ਸਰਹੱਦ ਉਪਰ ਇਕ ਟਰੱਕ ਵਿਚੋਂ 2 ਟਨ ਡਰੱਗ (ਮੈਥੰਫੈਟਾਮਾਈਨ) ਬਰਾਮਦ ਹੋਣ ਦੀ ਖਬਰ ਹੈ। ਇਹ ਟਰੱਕ ਮੈਕਸੀਕੋ ਤੋਂ ਅਮਰੀਕਾ ਵਿਚ ਦਾਖਲ ਹੋਇਆ ਸੀ। ਟਰੱਕ ਦੇ 29 ਸਾਲਾ ਡਰਾਈਵਰ ਨੂੰ ਹੋਰ ਜਾਂਚ ਲਈ ਗ੍ਰਿਫਤਾਰ ਕਰਕੇ ਹੋਮਲੈਂਡ ਸਕਿਉਰਿਟੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਡਰੱਗ ਹਦਵਾਣਿਆਂ ਦੀ ਸ਼ਕਲ ਦੇ ਬਣਾਏ 1220 ਪੈਕਟਾਂ ਵਿਚ ਬੰਦ ਸੀ। ਯੂ ਐਸ ਕਸਟਮਜ ਐਂਡ ਬਾਰਡਰ ਪੈਟਰੋਲ ਪ੍ਰੋਟੈਕਸ਼ਨ ਅਨੁਸਾਰ ਇਹ ਬ੍ਰਾਮਦਗੀ ਸੈਨ ਡਇਏਗੋ ਵਿਚ ਓਟੇ ਮੈਸਾ ਪੋਰਟ ਆਫ ਐਂਟਰੀ ਕਮਰਸ਼ੀਅਲ ਫੈਸਿਲਟੀ ਵਿਖੇ ਹੋਈ ਹੈ। ਬਰਾਮਦ ਡਰੱਗ ਦੀ ਕੁਲ ਕੀਮਤ 5 ਮਿਲੀਅਨ ਡਾਲਰ ਤੋਂ ਵਧ ਹੈ। ਟਰੱਕ ਜਦੋਂ ਅਮਰੀਕਾ ਵਿਚ ਦਾਖਲ ਹੋਣ ਲਈ ਪਹੁੰਚਿਆ ਤਾਂ ਉਸ ਨੂੰ ਜਾਂਚ ਲਈ ਰੋਕ ਲਿਆ ਗਿਆ। ਟਰੱਕ ਵਿਚ ਲੱਦੇ ਹਦਵਾਣਿਆਂ ਨੂੰ ਲਾਹਿਆ ਗਿਆ ਤੇ ਜਾਂਚ ਉਪਰੰਤ ਪਤਾ ਲੱਗਾ ਕਿ ਇਹ ਹਦਵਾਣੇ ਨਹੀਂ ਹਨ ਬਲਕਿ ਡਰੱਗ ਦੇ ਪੈਕਟ ਹਨ।

# ਬਿੱਲੀ ਨੂੰ ਮਾਰ ਕੇ ਲੋਕਾਂ ਸਾਹਮਣੇ ਕੱਚੀ ਨੂੰ ਖਾ ਜਾਣ ਦੇ ਮਾਮਲੇ ਵਿਚ ਇਕ ਔਰਤ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-**ਪੁਲਿਸ ਵੱਲੋਂ ਓਹੀਓ ਵਿਚ ਇਕ ਔਰਤ ਨੂੰ ਇਕ ਬਿੱਲੀ ਨੂੰ ਮਾਰਨ ਉਪਰੰਤ ਉਸ ਨੂੰ ਲੋਕਾਂ ਸਾਹਮਣੇ ਕੱਚੀ ਨੂੰ ਖਾ ਜਾਣ ਦੇ ਮਾਮਲੇ ਵਿਚ ਗ੍ਰਿਫਤਾਰ ਕਰਨ ਦੀ ਰਿਪੋਰਟ ਹੈ।

ਸਟਾਰਕ ਕਾਊਂਟੀ ਕੋਰਟ ਦੇ ਰਿਕਾਰਡ ਅਨੁਸਾਰ 27 ਸਾਲਾ ਔਰਤ ਵਿਰੁੱਧ ਪਸ਼ੂਆਂ ਪ੍ਰਤੀ ਬੇਰਹਿਮੀ ਵਰਤਣ ਦੇ ਦੋਸ਼ ਆਇਦ ਕੀਤੇ ਗਏ ਹਨ। ਕੈਨਟਨ ਪੁਲਿਸ ਦਾ ਕਹਿਣਾ ਹੈ ਕਿ ਔਰਤ ਨੇ ਰਿਹਾਇਸ਼ੀ ਖੇਤਰ ਵਿਚ ਲੋਕਾਂ ਸਾਹਮਣੇ ਬਿੱਲੀ ਨੂੰ ਮਾਰਿਆ ਤੇ ਫਿਰ ਖਾਣਾ ਸ਼ੁਰੂ ਕਰ ਦਿੱਤਾ। ਜਾਂਚ ਰਿਪੋਰਟ ਅਨੁਸਾਰ ਜਦੋਂ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਔਰਤ ਦੇ ਹੱਥ ਵਿਚ ਬਿੱਲੀ ਸੀ ਜਿਸ ਦਾ ਸਿਰ ਕੁੱਚਲਿਆ ਹੋਇਆ ਸੀ ਤੇ ਉਹ ਉਸ ਨੂੰ ਖਾ ਰਹੀ ਸੀ। ਉਸ ਦੇ ਹੱਥ, ਪੈਰ ਤੇ ਮੂੰਹ ਖੂਨ ਨਾਲ ਲਿਬੜਿਆ ਹੋਇਆ ਸੀ। ਔਰਤ ਨੂੰ ਜ਼ਮਾਨਤ ਉਪਰ ਰਿਹਾਅ ਕਰ ਦਿੱਤਾ ਹੈ। ਉਸ ਦੀ ਅਗਲੀ ਸੁਣਵਾਈ ਸ਼ੁਕਰਵਾਰ ਨੂੰ ਹੋਵੇਗੀ। ਅਜੇ ਬਿੱਲੀ ਦੇ ਮਾਲਕ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।




# ਜ਼ਿਲ੍ਹਾ ਰੋਜ਼ਗਾਰ ਬਿਊਰੋ ਤੇ ਮਾਡਲ ਕਰੀਅਰ ਸੈਂਟਰ ਨੇ ਕਰਵਾਏ ਕਰੀਅਰ ਗਾਈਡੈਂਸ ਪ੍ਰੋਗਰਾਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਜੀਵ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਸਿੱਖਿਆ ਦਫ਼ਤਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਕੈਂਬਰਿਜ ਇੰਟਰਨੈਸ਼ਨਲ ਸਕੂਲ ਦਸੂਹਾ ਅਤੇ ਪਰਲਸ ਇੰਟਰਨੈਸ਼ਨਲ ਸਕੂਲ ਮੁਕੇਰੀਆਂ ਵਿਖੇ ਦਸਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਕਰਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ, ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ 'ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਦਫ਼ਤਰ ਦੀ ਮੋਬਾਇਲ ਐਪ 'ਡੀਬੀਈਈ ਆਨਲਾਈਨ' ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਉਂਸਲਿੰਗ ਸਬੰਧੀ



ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਵੱਖ-ਵੱਖ ਸਟਰੀਮਾਂ ਦੀ ਪੜ੍ਹਾਈ, ਆਈ.ਟੀ.ਆਈ ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ।

ਇਸੇ ਤਰ੍ਹਾਂ ਉਨ੍ਹਾਂ ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਮੁਫ਼ਤ ਇੰਟਰਨੈੱਟ ਸੁਵਿਧਾ, ਸਵੈ-ਰੋਜ਼ਗਾਰ ਸਕੀਮਾਂ ਅਤੇ ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਉਪਰੰਤ ਅਸਿਸਟੈਂਟ ਪ੍ਰੋਫੈਸਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਮੋਹਿਤ ਕੁਮਾਰ ਨੇ ਵਿਦਿਆਰਥੀਆਂ ਨੂੰ ਜਮ੍ਹਾਂ-ਘਟਾਓ, ਤਕਸੀਮ, ਗੁਣਾ, ਐਲ. ਸੀ. ਐਮ., ਐਚ. ਸੀ. ਐਫ। ਅਤੇ ਗਣਿਤ ਦੀਆਂ ਹੋਰ ਮੁਢਲੀਆਂ ਕੈਲਕੁਲੇਸ਼ਨਾਂ ਨੂੰ 'ਵੈਦਿਕ ਮੈਥੇਮੈਟਿਕਸ' ਦੀ ਵਰਤੋਂ ਨਾਲ ਹੱਲ ਕਰਨ ਦੇ ਹੁਨਰ ਸਿਖਾਏ ਗਏ।

ਡਿਪਾਰਟਮੈਂਟ ਆਫ ਕਰੀਅਰ ਗਾਈਡੈਂਸ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਰੁਣ ਨਈਅਰ ਨੇ ਦੱਸਿਆ ਗਿਆ ਕਿ ਉਪਰੋਕਤ ਤਕਨੀਕਾਂ ਨਾਲ ਕਠਿਨ ਤੋਂ ਕਠਿਨ ਕੈਲਕੁਲੇਸ਼ਨਾਂ ਵੀ ਬਹੁਤ ਸਰਲਤਾ ਅਤੇ ਤੇਜ਼ੀ ਨਾਲ ਕੀਤੀਆਂ ਜਾ ਸਕਦੀਆਂ ਹਨ। ਇਸ ਵਿਸ਼ੇਸ਼ ਵਰਕਸ਼ਾਪ ਪ੍ਰੋਗਰਾਮ ਵਿਚ ਸਬੰਧਤ ਦੋਵਾਂ ਸਕੂਲਾਂ ਦੇ ਸਮੂਹ ਸਟਾਫ ਅਤੇ ਤਕਰੀਬਨ 310 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿਚ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਕੈਂਬਰਿਜ ਇੰਟਰਨੈਸ਼ਨਲ ਸਕੂਲ ਦਸੂਹਾ ਅਤੇ ਅਤੇ ਪ੍ਰਿੰਸੀਪਲ ਪਰਲਸ ਇੰਟਰਨੈਸ਼ਨਲ ਸਕੂਲ ਮੁਕੇਰੀਆਂ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦੀ ਪੂਰੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ ਗਿਆ।

# ਰਾਹੁਲ ਸ਼ਰਮਾ ਯੂ ਐਸ-ਇੰਡੀਆ ਬਿਜ਼ਨੈਸ ਕੌਂਸਲ ਦੇ ਮੈਨੇਜਿੰਗ ਡਾਇਰੈਕਟਰ ਨਿਯੁਕਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਯੂ ਐਸ ਚੈਂਬਰ ਆਫ ਕਾਮਰਸ ਨੇ ਐਲਾਨ ਕੀਤਾ ਹੈ ਕਿ ਰਾਹੁਲ ਸ਼ਰਮਾ ਭਾਰਤ ਵਿਚਲੀ ਯੂ ਐਸ-ਇੰਡੀਆ ਬਿਜ਼ਨਸ ਕੌਂਸਲ (ਯੂ ਐਸ ਆਈ ਬੀ ਸੀ) ਦੇ ਨਵੇਂ ਮੈਨੇਜਿੰਗ ਡਾਇਰੈਕਟਰ ਹੋਣਗੇ। ਉਹ ਨੀਤੀ ਮਾਹਿਰਾਂ ਦੀ ਇਕ ਮਜਬੂਤ ਟੀਮ ਦੀ ਅਗਵਾਈ ਕਰਨਗੇ ਜੋ ਟੀਮ ਕੌਂਸਲ ਦੀਆਂ 200 ਤੋਂ ਵਧ ਮੈਂਬਰ ਕੰਪਨੀਆਂ ਨੂੰ



ਸਮਰਪਿਤ ਹੋਵੇਗੀ।

ਇਹ ਟੀਮ ਅਮਰੀਕਾ ਤੇ ਭਾਰਤ ਦੋਵਾਂ ਦੇਸ਼ਾਂ ਦੀ ਭਾਈਵਾਲੀ ਤੇ ਖੁਸ਼ਹਾਲੀ ਲਈ ਕੰਮ ਕਰੇਗੀ। ਯੂ ਐਸ ਆਈ ਬੀ ਸੀ ਦੇ ਪ੍ਰਧਾਨ ਅੰਬੈਸਡਰ ਅਤੁਲ ਕੈਸ਼ਪ ਨੇ ਕਿਹਾ ਕਿ ਅਸੀਂ ਯੂ ਐਸ-ਇੰਡੀਆ ਬਿਜ਼ਨਸ ਕੌਂਸਲ ਪਰਿਵਾਰ ਵਿਚ ਸ਼ਾਮਿਲ ਹੋਣ 'ਤੇ ਰਾਹੁਲ ਸ਼ਰਮਾ ਦਾ ਸਵਾਗਤ ਕਰਦੇ ਹਾਂ। ਉਨਾਂ ਦਾ ਵਿਸ਼ਾਲ ਤਜ਼ਰਬਾ ਭਾਰਤ ਤੇ ਅਮਰੀਕਾ ਦੋਨਾਂ ਲਈ ਬਹੁਤ ਲਾਹੇਵੰਦ ਰਹੇਗਾ।

# ਅਮਰੀਕਾ ਵਿਚ ਕਾਲੇ ਫੌਜੀ ਦੀ ਹੱਤਿਆ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਫਸਰ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਫਲੋਰਿਡਾ ਰਾਜ ਦੇ ਇਕ ਸਾਬਕਾ ਡਿਪਟੀ ਨੂੰ ਯੂ ਐਸ ਏਅਰ ਫੋਰਸ ਦੇ ਇਕ ਸੀਨੀਅਰ ਕਾਲੇ ਅਧਿਕਾਰੀ ਦੀ ਇਸ ਸਾਲ ਮਈ ਮਹੀਨੇ ਵਿਚ ਹੋਈ ਹੱਤਿਆ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਅਸਿਸਟੈਂਟ ਸਟੇਟ ਅਟਾਰਨੀ ਗਰੇ ਮੈਰਸੀਲੇ ਨੇ ਐਲਾਨ ਕੀਤਾ ਕਿ ਓਕਾਲੋਸਾ ਕਾਊਂਟੀ ਦੇ ਸਾਬਕਾ ਡਿਪਟੀ ਏਡੀ ਡੂਰਾਨ (38) ਵਿਰੁੱਧ 23 ਸਾਲਾ ਰੋਜਰ ਫੋਰਟਸਨ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਪਹਿਲਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਉਸ ਨੂੰ 30 ਸਾਲ ਤੱਕ ਕੈਦ ਹੋ ਸਕਦੀ ਹੈ। ਅਧਿਕਾਰੀਆਂ ਅਨੁਸਾਰ ਡੂਰਾਨ ਨੂੰ ਫੋਰਟਸਨ ਦੇ ਫੋਰਟ ਵਾਲਟਨ ਬੀਚ ਅਪਾਰਟਮੈਂਟ



ਵਿਚ ਘਰੇਲੂ ਗੜਬੜੀ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਭੇਜਿਆ ਗਿਆ ਸੀ। ਹਾਲਾਂ ਕਿ ਇਹ ਸੂਚਨਾ ਗਲਤ ਨਿਕਲੀ ਸੀ। ਡੂਰਾਨ ਵੱਲੋਂ ਵਾਰ ਵਾਰ ਦਰਵਾਜ਼ਾ ਖੜਕਾਉਣ 'ਤੇ ਫੋਰਟਸਨ ਨੇ ਆਪਣੇ ਹੱਥ ਵਿਚ ਹੈਂਡਗੰਨ ਲੈ ਕੇ ਦਰਵਾਜ਼ਾ ਖੋਲਿਆ ਤਾਂ ਡੂਰਾਨ ਨੇ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਫੋਰਟਸਨ ਦੇ ਕਈ ਗੋਲੀਆਂ ਮਾਰਨ ਉਪਰੰਤ ਡੂਰਾਨ ਨੇ ਉਸ ਨੂੰ ਹੈਂਡ ਗੰਨ ਹੇਠਾਂ ਸੁੱਟਣ ਲਈ ਕਿਹਾ। ਡੂਰਾਨ ਨੇ ਜਾਂਚਕਾਰਾਂ ਨੂੰ ਦੱਸਿਆ ਕਿ ਜਦੋਂ ਫੋਰਟਸਨ ਦੇ ਦਰਵਾਜ਼ਾ ਖੋਲਿਆ ਤਾਂ ਉਸ ਨੇ ਉਸ ਦੀਆਂ ਅੱਖਾਂ ਵਿਚ ਗੁੱਸਾ ਵੇਖਿਆ। ਡੂਰਾਨ ਨੇ ਕਿਹਾ ਕਿ ਮੈ ਸੋਚਿਆ ਕਿ ਉਹ ਮੈਨੂੰ ਮਾਰ ਦੇਵੇਗਾ ਇਸ ਲਈ ਮੈ ਉਸ ਉਪਰ ਗੋਲੀ ਚਲਾ ਦਿੱਤੀ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021
Across the Street from TA Truck Stop

# ਪੰਜਾਬ ਸਰਕਾਰ ਵਲੋਂ ਅਧਿਆਪਕਾਂ ਨੂੰ ਗੈਰ ਵਿੱਦਿਅਕ ਕੰਮਾਂ 'ਤੇ ਲਗਾਉਣ ਦੀ ਸਖ਼ਤ ਨਿਖੇਧੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**– ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਸਕੂਲਾਂ ਦੇ ਅਧਿਆਪਕਾਂ ਨੂੰ ਬੀਐਲਓ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਲਈ ਅਤੇ ਬਲਾਕ ਡਿਵੈਲਪਮੈਂਟ ਅਤੇ ਪੰਚਾਇਤ ਦਫਤਰਾਂ ਵਿੱਚ ਪਿੰਡਾਂ ਵਿੱਚ ਗ੍ਰਾਮ ਸਭਾ ਦੇ ਇਜਲਾਸ ਕਰਾਉਣ ਲਈ ਟ੍ਰੇਨਿੰਗ ਦੇਣ ਦੇ ਕੰਮਾਂ ਤੇ ਲਾਉਣ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਡੈਮੋਕਰੇਟਿਕ ਟੀਚਰ




ਉਪਰੰਤ ਪੰਜਾਬ ਦੇ ਸੂਬਾ ਸੰਯੁਕਤ ਸਕੱਤਰ ਕੁਮਾਰ, ਜਿਲਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜਿਲ੍ਹਾ ਸਕੱਤਰ ਇੰਦਰ ਸੁਖਦੀਪ ਸਿੰਘ ਓਡਰਾ ਅਤੇ ਮਨਜੀਤ ਸਿੰਘ ਨੇ ਦੱਸਿਆ ਕਿ ਇੱਕ ਪਾਸੇ ਪੰਜਾਬ ਸਰਕਾਰ ਵਿਦਿਆ ਨੂੰ ਮੁੱਖ ਰੱਖ ਕੇ ਪ੍ਰਚਾਰ ਕਰ ਰਹੀ ਹੈ। ਉੱਥੇ ਦੂਸਰੇ ਪਾਸੇ ਅਧਿਆਪਕਾਂ ਨੂੰ ਥੋਕ ਦੇ ਹਿਸਾਬ ਨਾਲ ਗੈਰ ਵਿੱਦਿਅਕ ਕੰਮਾਂ 'ਤੇ ਲਾਇਆ ਜਾ ਰਿਹਾ ਹੈ। ਡੀ ਟੀ ਐੱਫ ਦੇ ਆਗੂਆਂ ਨੇ ਦੱਸਿਆ ਪਿਛਲੇ ਦਿਨੀ ਹੋਈਆਂ ਸੰਸਦੀ ਚੋਣਾਂ ਵਿੱਚ ਵੀ ਤਕਰੀਬਨ ਅਧਿਆਪਕ ਤਿੰਨ ਮਹੀਨੇ ਚੋਣ ਡਿਊਟੀਆਂ ਤੇ ਰਹੇ ਹਨ। ਹੁਣ ਫਿਰ ਜਿੱਥੇ ਇੱਕ ਮਹੀਨੇ ਬਾਅਦ ਦੁਬਾਰਾ ਚੋਣਾਂ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਚੋਣਾਂ ਦੀ ਪ੍ਰਕਿਰਿਆ ਵਿੱਚ ਲਗਾ ਦਿੱਤੀਆਂ ਗਈਆਂ ਹਨ। ਉੱਥੇ ਪਹਿਲਾਂ ਹੀ ਹਜ਼ਾਰਾਂ ਅਧਿਆਪਕਾ ਦੀਆ ਬੀਐਲਓ ਦੀਆਂ ਡਿਊਟੀਆਂ ਲਗਾਈਆ ਹੋਈਆ ਹਨ। ਉਨਾਂ ਨੂੰ ਵੋਟਾਂ ਬਣਾਉਣ ਲਈ ਘਰ ਘਰ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਥੇ ਅਧਿਆਪਕ ਨੂੰ ਗ੍ਰਾਮ ਸਭਾਵਾਂ ਦੇ ਅਜਲਾਸ ਕਰਨ ਟ੍ਰੇਨਿੰਗਾਂ ਸ਼ੁਰੂ ਕਰ ਦਿਤੀਆ ਹਨ। ਜਿਸ ਦਾ ਜਥੇਬੰਦੀ ਡਟ ਕੇ ਵਿਰੋਧ ਕਰੇਗੀ। ਉਹਨਾ ਹਜ਼ਾਰਾਂ ਅਧਿਆਪਕਾਂ ਦੀਆਂ ਡਿਊਟੀਆਂ ਲੱਗਣ ਨਾਲ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਕਿ ਚੋਣ ਕਮਿਸ਼ਨ ਅਤੇ ਸਥਾਨਕ ਪ੍ਰਸ਼ਾਸਨ ਇਹਨਾਂ ਚੋਣ ਡਿਊਟੀਆਂ ਬਾਰੇ ਬਦਲਵਾਂ ਪ੍ਰਬੰਧ ਕਰਕੇ ਅਧਿਆਪਕਾਂ ਨੂੰ ਸਿਰਫ ਪੜਾਉਣ ਦਿੱਤਾ ਜਾਵੇ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਧਿਆਪਕਾਂ ਤੋ ਬੀਐਲਓ ਤੋਂ ਹੋਰ ਗੈਰ ਵਿੱਦਿਅਕ ਕੰਮ ਲੈਣੇ ਬੰਦ ਨਾ ਕੀਤੇ, ਤਾਂ ਜੱਥੇਬੰਦੀ ਸ਼ੰਘਰਸ਼ ਕਰਨ ਲਈ ਮਜਬੂਰ ਹੋਵੇਗੀ।

# ਸ਼੍ਰੋਮਣੀ ਕਮੇਟੀ ਦੇ ਚੋਣ ਰਜਿਸਟ੍ਰੇਸ਼ਨ ਫਾਰਮ 'ਚ ਯੋਗ ਸਿੱਖ ਮਹਿਲਾ ਵੋਟਰਾਂ ਲਈ ਫੋਟੋ ਲਗਾਉਣੀ ਲਾਜ਼ਮੀ ਨਹੀਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਸਾਰੇ ਯੋਗ ਸਿੱਖ ਵੋਟਰਾਂ ਲਈ ਰਜਿਸਟ੍ਰੇਸ਼ਨ ਫਾਰਮਾਂ ਵਿਚ ਫੋਟੋਆਂ ਲਗਾਉਣੀਆਂ ਲਾਜ਼ਮੀ ਸਨ। ਉਨ੍ਹਾਂ ਕਿਹਾ ਕਿ ਹੁਣ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣ ਪੰਜਾਬ ਵੱਲੋਂ ਜਾਰੀ ਪੱਤਰ ਵਿਚ ਸੋਧ ਕਰਕੇ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਯੋਗ ਸਿੱਖ ਮਹਿਲਾ ਵੋਟਰਾਂ ਲਈ ਫੋਟੋ ਲਗਾਉਣਾ ਆਪਸ਼ਨਲ ਹੋਵੇਗਾ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਦੀ ਤਰਫ਼ੋਂ ਗੁਰਦੁਆਰਾ ਬੋਰਡ ਚੋਣ ਖੇਤਰ ਵਿਚ ਵੋਟਰ ਸੂਚੀ ਤਿਆਰ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਵੋਟਰ ਰਜਿਸਟ੍ਰੇਸ਼ਨ ਦਾ ਕੰਮ ਜੋ 21 ਅਕਤੂਬਰ 2023 ਤੋਂ 31 ਜੁਲਾਈ 2024 ਤੱਕ ਲਗਾਤਾਰ ਚੱਲ ਰਿਹਾ ਸੀ, ਜੋ ਕਿ ਹੁਣ 16 ਸਤੰਬਰ ਤੱਕ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਤਾਜ਼ਾ ਸ਼ਡਿਊਲ ਅਨੁਸਾਰ ਵੋਟਰ ਸੂਚੀਆਂ ਦੀ ਤਿਆਰੀ ਅਤੇ ਛਪਾਈ ਦਾ ਕੰਮ 17 ਸਤੰਬਰ 2024 ਤੋਂ 8 ਅਕਤੂਬਰ 2024 ਤੱਕ ਹੋਵੇਗਾ। ਇਸ ਤੋਂ ਬਾਅਦ 9 ਅਕਤੂਬਰ 2024 ਨੂੰ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਆਖਰੀ ਮਿਤੀ 29 ਅਕਤੂਬਰ 2024 ਹੋਵੇਗੀ। ਉਨ੍ਹਾਂ ਕਿਹਾ ਕਿ 8 ਨਵੰਬਰ 2024 ਤੱਕ ਸਿੱਖ ਗੁਰਦੁਆਰਾ ਬੋਰਡ ਚੋਣਾਂ 1959 ਦੇ ਨਿਯਮ ਨੰਬਰ 10 (3) ਅਨੁਸਾਰ ਦਾਅਵੇ ਅਤੇ ਇਤਰਾਜ਼ ਦੂਰ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ 25 ਨਵੰਬਰ 2024 ਨੂੰ ਸਪਲੀਮੈਂਟਰੀ ਸੂਚੀਆਂ ਦੀ ਤਿਆਰੀ ਅਤੇ ਛਪਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀਆਂ ਚੋਣ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 26 ਨਵੰਬਰ 2024 ਨੂੰ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਸਿੱਖ ਗੁਰਦੁਆਰਾ ਚੋਣ ਰੂਲਜ਼ 1959, ਜੋ ਕਿ ਸਮੇਂ-ਸਮੇਂ 'ਤੇ ਸੋਧ ਕੀਤੀ ਗਈ ਹੈ, ਦੇ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਚੋਣ ਖੇਤਰ ਵਿਚ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਹਲਕੇ ਲਈ ਬਿਨੈਕਾਰਾਂ ਤੋਂ ਦਾਅਵੇ ਪ੍ਰਾਪਤ ਕੀਤੇ ਹਨ। ਬੋਰਡ ਚੋਣ ਹਲਕਾ ਅਤੇ ਇਤਰਾਜ਼ ਪ੍ਰਾਪਤ ਕਰਨ, ਫ਼ੈਸਲੇ ਲੈਣ, ਵੋਟਰ ਸੂਚੀ ਤਿਆਰ ਕਰਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ (ਬੋਰਡ) ਜਿਲ੍ਹਾ ਹੁਸ਼ਿਆਰਪੁਰ



ਵਿਚ ਚੋਣਾਂ ਲਈ ਆਉਣ। ਕਮੇਟੀ ਹਲਕਾ ਉਪ ਮੰਡਲ ਮੈਜਿਸਟ੍ਰੇਟ ਮੁਕੇਰੀਆਂ ਬੋਰਡ ਹਲਕਾ 111, ਉਪ ਮੰਡਲ ਮੈਜਿਸਟ੍ਰੇਟ ਦਸੂਹਾ ਬੋਰਡ ਹਲਕਾ 112, ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਬੋਰਡ ਹਲਕਾ 113 ਸ਼ਾਮ ਚੁਰਾਸੀ, ਉਪ ਮੰਡਲ ਮੈਜਿਸਟ੍ਰੇਟ ਹੁਸ਼ਿਆਰਪੁਰ ਬੋਰਡ ਹਲਕਾ 114 ਹਲਕਾ ਗੜ੍ਹਸ਼ੰਕਰ ਅਤੇ ਹਲਕਾ ਗੜ੍ਹਸ਼ੰਕਰ 11 ਦੇ ਉਪ ਮੰਡਲ ਮੈਜਿਸਟਰੇਟ ਵਜੋਂ ਨਿਯੁਕਤ ਕੀਤਾ ਗਿਆ ਹੈ ਰਿਵਾਈਜ਼ਿੰਗ ਅਥਾਰਟੀ ਅਫਸਰ। ਇਸ ਲਈ, ਕੋਈ ਵੀ ਜਾਇਜ਼ ਬਿਨੈਕਾਰ 16 ਸਤੰਬਰ 2024 ਤੱਕ ਕੇਸਾਧਾਰੀ ਸਿੱਖ ਨਿਯਮ 3 (1) ਦੇ ਅਨੁਸਾਰ ਆਪਣਾ ਫਾਰਮ ਭਰ ਕੇ ਸਬੰਧਤ ਸੰਸ਼ੋਧਨ ਅਥਾਰਟੀ ਕੋਲ ਜਮ੍ਹਾਂ ਕਰਵਾ ਸਕਦਾ ਹੈ। ਇਹ ਫਾਰਮ ਸਬੰਧਤ ਅਧਿਕਾਰੀਆਂ ਦੇ ਦਫ਼ਤਰਾਂ ਵਿੱਚ ਵੀ ਉਪਲਬੱਧ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਵੈੱਬਸਾਈਟ Hosiharpur.inci.n 'ਤੇ ਵੀ ਡਾਊਨ-ਲੋਡ ਕਰਕੇ ਵਰਤੇ ਜਾ ਸਕਦੇ ਹਨ।

# ਅਨੁਸੂਚਿਤ ਜਾਤੀਆਂ ਦੇ 9268 ਲਾਭਪਾਤਰੀਆਂ ਨੂੰ ਪੰਜਾਬ ਸਰਕਾਰ ਵਲੋਂ 47.26 ਕਰੋੜ ਰੁਪਏ ਜਾਰੀ - ਡਾ. ਬਲਜੀਤ ਕੌਰ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)**– ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਅਤੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਦੀ ਰਹਿਨੁਮਾਈ ਹੇਠ ਵੱਖ ਵੱਖ ਜ਼ਿਲਿਆਂ ਦੇ ਅਨੁਸੂਚਿਤ ਜਾਤੀਆਂ ਦੇ 9268 ਲਾਭਪਾਤਰੀਆਂ ਨੂੰ 47.26 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ। ਬਲਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਸੂਬੇ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਉਹਨਾਂ ਦੱਸਿਆ ਕਿ ਸਾਲ 2023-24 ਅਤੇ 2024-25 ਲਈ ਅਸ਼ੀਰਵਾਦ ਫਾਰ ਐਸ।ਸੀਜ਼ ਸਕੀਮ ਅਧੀਨ ਅੰਮ੍ਰਿਤਸਰ, ਬਰਨਾਲਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਲੁਧਿਆਣਾ,



ਮਾਨਸਾ, ਮੋਗਾ, ਸ਼੍ਰੀ ਮੁਕਤਸਰ ਸਾਹਿਬ, ਪਟਿਆਲਾ, ਪਠਾਨਕੋਟ, ਸੰਗਰੂਰ ਅਤੇ ਮਲੇਰਕੋਟਲਾ ਜਿਲ੍ਹਿਆਂ ਦੇ 9268 ਲਾਭਪਾਤਰੀਆਂ ਨੂੰ ਵਿੱਤੀ ਲਾਭ ਦਿੱਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ, ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹੋਵੇ ਅਤੇ ਪਰਿਵਾਰ ਦੀ ਸਾਰੇ ਸਾਧਨਾ ਤੋ ਸਲਾਨਾ ਆਮਦਨ 32,790 ਰੁਪਏ ਤੋ ਘੱਟ ਹੋਵੇ, ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹਨ। ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਉਨ੍ਹਾ ਨੂੰ ਆਰਥਿਕ ਤੌਰ ਤੇ ਹੋਰ ਮਜ਼ਬੂਤ ਕਰਨ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ।

# 'ਇਕ ਰੁੱਖ ਮਾਂ ਦੇ ਨਾਮ' ਮੁਹਿੰਮ ਤਹਿਤ ਪਿੰਡ ਪੂਰੀਕਾ 'ਚ ਲਗਾਏ ਪੌਦੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜਿਲ੍ਹਾ ਪ੍ਰੋਗਰਾਮ ਅਫਸਰ ਹਰਦੀਪ ਕੌਰ ਦੀ ਅਗਵਾਈ ਹੇਠ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਮੁਕੇਰੀਆਂ ਮੰਜੂ ਬਾਲਾ ਵੱਲੋਂ 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਅਤੇ 'ਇਕ ਰੁੱਖ ਮਾਂ ਦੇ ਨਾਮ ' ਮੁਹਿਮ ਅਧੀਨ ਪਿੰਡ ਪੁਰੀਕਾ ਵਿਖੇ ਨਵਜੰਮੀਆਂ ਬੱਚੀਆਂ ਦੇ ਨਾਮ ਅਤੇ ਬਜ਼ੁਰਗ ਮਾਵਾਂ ਦੇ ਨਾਮ ਬੂਟੇ ਲਗਾਏ ਗਏ। ਸੀ.ਡੀ.ਪੀ.ਓ ਮੁਕੇਰੀਆਂ ਮੰਜੂ ਬਾਲਾ ਨੇ ਆਏ ਪਿੰਡ ਵਾਸੀਆਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਬਲਾਕ ਅਧੀਨ ਆਉਂਦੇ 184 ਆਂਗਨਵਾੜੀ ਸੈਂਟਰਾਂ ਵਿਚ ਨਵਜੰਮੀਆਂ ਬੱਚੀਆਂ ਦੇ ਨਾਮ 'ਤੇ ਬੂਟੇ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਵੀ ਬਲਾਕ ਵਿਚ ਵੱਖ-ਵੱਖ ਆਂਗਨਵਾੜੀ ਸੈਂਟਰਾਂ ਵਿਚ ਤਕਰੀਬਨ 200 ਦੇ ਕਰੀਬ ਪੌਦੇ ਲਗਾਏ ਗਈ ਉਨ੍ਹਾਂ ਪਿੰਡ ਵਾਸੀਆਂ 'ਤੇ ਖਾਸ ਕਰਕੇ ਮਾਵਾਂ ਨੂੰ ਲੜਕੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਨੂੰ ਵਧੀਆ ਪੌਸ਼ਟਿਕ ਖ਼ੁਰਾਕ ਦੇਣ ਬਾਰੇ ਸਮਝਾਇਆ। ਉਨ੍ਹਾਂ ਮਾਵਾਂ ਨੂੰ ਆਪਣੇ ਲੜਕਿਆਂ ਨੂੰ ਵੀ ਚੰਗੀ ਸਿੱਖਿਆ ਦੇਣ ਲਈ ਕਿਹਾ ਗਿਆ, ਤਾ ਜੋ ਉਨ੍ਹਾਂ ਅੰਦਰ ਔਰਤ ਦੀ ਇੱਜ਼ਤ ਤੇ ਸੁਰੱਖਿਆ ਦੀ ਭਾਵਨਾ ਪੈਦਾ ਹੋ ਸਕੇ। ਇਸ ਦੇ ਨਾਲ ਹੀ 'ਇਕ ਰੁੱਖ ਮਾਂ ਦੇ ਨਾਮ' ਅਧੀਨ ਵੀ ਹਰ ਘਰ, ਕਮਿਊਨਿਟੀ ਸੈਂਟਰ, ਪੰਚਾਇਤ ਘਰਾਂ ਵਿਚ ਵੀ ਪੌਦੇ ਲਗਾਉਣ ਲਈ ਜਾਗਰੂਕ ਕੀਤਾ ਗਿਆ, ਤਾਂ ਜੋ ਵਾਤਾਵਰਨ ਦੀ ਰੱਖਿਆ ਹੋ ਸਕੇ ਅਤੇ ਆਉਣ ਵਾਲੀ ਪੀੜ੍ਹੀ ਚੰਗੇ ਵਾਤਾਵਰਨ ਵਿਚ ਰਹਿ ਸਕੇ। ਇਸ ਮੌਕੇ ਸੁਪਰਵਾਈਜ਼ਰ ਰਵਿੰਦਰ ਕੌਰ, ਸੁਪਰਵਾਈਜ਼ਰ ਸੀਮਾ ਦੇਵੀ, ਸੁਪਰਵਾਈਜ਼ਰ ਰਾਜਿੰਦਰ ਕੌਰ ਤੋਂ ਇਲਾਵਾ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਵੀ ਮੌਜੂਦ ਸਨ।



# ਜੋਨ 10 ਸੜੋਆ ਦੇ ਐਥਲੈਟਿਕਸ ਮੁਕਾਬਲਿਆਂ 'ਚ ਮੰਗੂਪੁਰ ਸਕੂਲ ਦੇ ਖਿਡਾਰੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਸੜੋਆ (ਸਤਨਾਮ ਸਿੰਘ ਸਹੂੰਗੜਾ)**– ਸ਼੍ਰੀ ਸੁਰੇਸ਼ ਕੁਮਾਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਸ਼ਹੀਦ ਭਗਤ ਸਿੰਘ ਨਗਰ



ਵਲੋਂ ਜਾਰੀ ਹਦਾਇਤਾਂ ਅਨੁਸਾਰ ਬਲਾਕ ਸੜੋਆ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਦੀਆਂ ਜੋਨ-10 ਦੀਆਂ ਬਲਾਕ ਪੱਧਰੀ ਖੇਡਾਂ ਸਰਕਾਰੀ ਹਾਈ ਸਕੂਲ ਛਦੌੜੀ ਦੇ ਖੇਡ ਮੈਦਾਨ ਵਿੱਚ ਸ਼੍ਰੀ ਗੁਰਪ੍ਰੀਤ ਸਿੰਘ ਬਲਾਕ ਨੋਡਲ ਅਫ਼ਸਰ ਸੜੋਆ ਦੀ ਯੋਗ ਅਗਵਾਈ ਵਿੱਚ ਆਰੰਭ ਹੋਈਆਂ। ਅੱਜ ਇਹਨਾਂ ਸਕੂਲਾਂ ਦੇ ਕਰਵਾਏ ਗਏ ਅਥਲੈਟਿਕਸ ਮੁਕਾਬਲਿਆਂ ਵਿੱਚ ਸਰਕਾਰੀ ਮਿਡਲ ਸਕੂਲ ਮੰਗੂਪੁਰ ਦੇ ਮਨਜੋਤ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਮੰਗੂਪੁਰ ਅਤੇ ਲਵਪ੍ਰੀਤ ਪੁੱਤਰ ਜੋਗਿੰਦਰਪਾਲ ਵਾਸੀ ਮੰਗੂਪੁਰ ਦੋਨਾਂ ਹੋਣਹਾਰ ਖਿਡਾਰੀਆਂ ਨੇ 100 ਮੀਟਰ ਦੌੜ ਵਿੱਚੋਂ ਬਲਾਕ ਪੱਧਰ ਤੇ ਕ੍ਰਮਵਾਰ ਪਹਿਲਾ ਅਤੇ ਦੂਸਰਾ ਸਥਾਨ ਪ੍ਰਾਪਤ ਕੀਤੇ। ਇਸੇ ਤਰ੍ਹਾਂ 400 ਮੀਟਰ ਦੌੜ ਵਿੱਚ ਇਸੇ ਸਕੂਲ ਦੇ ਸੂਰਜ ਪੁੱਤਰ ਬ੍ਰਹਮਦੇਵ ਰਾਏ ਵਾਸੀ ਚੰਦਿਆਣੀ ਕਲਾਂ ਨੇ ਪਹਿਲਾਂ ਸਥਾਨ ਅਤੇ ਲੌਂਗ ਜੰਪ ਮੁਕਾਬਲਿਆਂ ਵਿੱਚ ਇਸੇ ਸਕੂਲ ਦੇ ਮਨਜੋਤ ਸਿੰਘ ਨੇ ਦੂਸਰਾ ਅਤੇ ਸੂਰਜ ਕੁਮਾਰ ਨੇ ਤੀਸਰਾ ਸਥਾਨ ਪ੍ਰਾਪਤ ਮੰਗੂਪੁਰ ਸਕੂਲ ਨੂੰ ਕ੍ਰਮਵਾਰ ਪੰਜ ਮੈਡਲ ਪ੍ਰਾਪਤ ਕਰਕੇ ਸਕੂਲ ਪ੍ਰਬੰਧਕਾਂ, ਮਾਪਿਆਂ ਅਤੇ ਸਕੂਲ ਪ੍ਰਬੰਧਕਾਂ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਚੌਧਰੀ ਦਰਸ਼ਨ ਲਾਲ ਮੰਗੂਪੁਰ ਸਾਬਕਾ ਵਿਧਾਇਕ ਬਲਾਚੌਰ, ਮਹਿੰਦਰ ਪਾਲ ਭੂੰਬਲਾ ਸਰਪੰਚ ਮੰਗੂਪੁਰ, ਤੇਲੂ ਰਾਮ ਪੰਚ, ਚੇਅਰਮੈਨ ਸ਼੍ਰੀ ਸੋਹਣ ਲਾਲ, ਸੀਨੀਅਰ ਆਗੂ ਅਜੈ ਮੰਗੂਪੁਰ, ਸੂਬੇਦਾਰ ਰਾਮ ਪਾਲ, ਸੋਹਣ ਲਾਲ ਸਮਾਜ ਸੇਵੀ, ਪਰਵਿੰਦਰ ਕੌਰ ਉਪ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ, ਬਲਵਿੰਦਰ ਸਿੰਘ, ਕੁਲਦੀਪ ਕੁਮਾਰ, ਰਿੰਪੀ ਰਾਣੀ, ਰਾਹੁਲ ਚੌਧਰੀ, ਮਨੀਸ਼ਾ, ਰੀਨਾ ਰਾਣੀ, ਆਸ਼ਾ ਰਾਣੀ ਆਦਿ ਨੇ ਇਹਨਾਂ ਹੋਣਹਾਰ ਖਿਡਾਰੀਆਂ ਨੂੰ ਸ਼ਾਨਦਾਰ ਪ੍ਰਾਪਤੀਆਂ ਤੇ ਵਧਾਈਆਂ ਦਿੰਦਿਆਂ ਇਹਨਾਂ ਖਿਡਾਰੀਆਂ ਦੇ ਉੱਜਲੇ ਭਵਿੱਖ ਦੀ ਕਾਮਨਾ ਵੀ ਕੀਤੀ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਆਰਥਿਕ ਰੂਪ ਤੋਂ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋਵੇਗਾ ਜ਼ਿਲ੍ਹੇ ਦਾ ਪਹਿਲਾ ਮਾਡਲ ਕੋਚਿੰਗ ਸੈਂਟਰ - ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਹੁਸ਼ਿਆਰਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਅੱਜੋਵਾਲ (ਨੇੜੇ ਵੇਰਕਾ ਮਿਲਕ ਪਲਾਂਟ) ਵਿਖੇ ਜ਼ਿਲ੍ਹੇ ਦੇ ਪਹਿਲੇ ਮਾਡਲ ਕੋਚਿੰਗ ਸੈਂਟਰ ਦਾ ਉਦਘਾਟਨ ਕੀਤਾ। ਇਸ ਕੋਚਿੰਗ ਸੈਂਟਰ ਦੀ ਸਥਾਪਨਾ ਬਾਲ ਕਲਿਆਣ ਕਾਊਂਸਲ ਅਤੇ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਹੁਸ਼ਿਆਰਪੁਰ ਦੁਆਰਾ ਕੀਤੀ ਗਈ ਹੈ, ਜਿਸ ਵਿਚ ਸੋਨਾਲੀਕਾ ਡਿਵੈਲਪਮੈਂਟ ਸੋਸਾਇਟੀ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਮੇਅਰ ਸੁਰਿੰਦਰ ਕੁਮਾਰ, ਐਸ।ਡੀ।ਐਮ। ਸੰਜੀਵ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਰੈਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਵੀ ਮੌਜੂਦ ਸਨ। ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਕੋਚਿੰਗ ਸੈਂਟਰ ਸਲੱਮ ਅਤੇ ਆਰਥਿਕ ਰੂਪ ਤੋਂ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਲਈ ਇਕ ਮਹੱਤਵਪੂਰਨ ਪਹਿਲ ਹੈ। ਇਥੇ ਗਿਆਰਵੀਂ ਅਤੇ ਬਾਹਰਵੀਂ ਕਲਾਸ ਦੇ ਮੈਡੀਕਲ ਅਤੇ ਨਾਨ-ਮੈਡੀਕਲ ਸਟਰੀਮ ਦੇ ਵਿਦਿਆਰਥੀਆਂ ਲਈ ਮੁਫ਼ਤ ਕੋਚਿੰਗ ਦਿੱਤੀ ਜਾਵੇਗੀ, ਜਿਸ ਨਾਲ ਉਹ ਭਵਿੱਖ ਵਿਚ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ



ਕਰ ਸਕਣਗੇ ਅਤੇ ਉਚ ਸਿੱਖਿਆ ਪ੍ਰਾਪਤ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿਚ ਭਵਿੱਖ ਵਿਚ ਆਈ.ਆਈ.ਟੀ, ਨੀਟ ਅਤੇ ਜੇ।ਈ।ਈ ਵਰਗੀਆਂ ਕਠਿਨ ਪ੍ਰੀਖਿਆਵਾਂ ਦੀ ਤਿਆਰੀ ਵੀ ਕਰਵਾਈ ਜਾਵੇਗੀ, ਜਿਸ ਨਾਲ ਇਨ੍ਹਾਂ ਬੱਚਿਆਂ ਨੂੰ ਆਪਣੀ ਯੋਗਤਾ ਦਾ ਪੂਰਨ ਵਿਕਾਸ ਕਰਨ ਦਾ ਮੌਕੇ ਮਿਲੇਗਾ। ਇਸ ਤੋਂ ਇਲਾਵਾ ਬਾਹਰਵੀਂ ਉਪਰੰਤ ਕੋਰਸ ਦੀ ਚੋਣ ਵਿਚ ਵਿਦਿਆਰਥੀਆਂ ਨੂੰ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਕਰੀਅਰ ਕਾਊਂਸਲਿੰਗ ਵੀ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਸੋਨਾਲੀਕਾ ਉਦਯੋਗ ਦਾ ਇਸ ਪ੍ਰੋਜੈਕਟ ਵਿਚ ਸਹਿਯੋਗ ਲਈ ਵਿਸ਼ੇਸ਼ ਰੂਪ ਵਿਚ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਸੋਨਾਲੀਕਾ ਦੇ ਇਸ ਉਪਰਾਲੇ ਨਾਲ ਆਰਥਿਕ ਰੂਪ ਵਿਚ ਕਮਜ਼ੋਰ ਵਿਦਿਆਰਥੀਆਂ ਵਿਚ ਨਵੀਂ ਉਮੀਦ ਜਾਗੀ ਹੈ ਅਤੇ ਇਹ ਪਹਿਲ ਸਮਾਜ ਵਿਚ ਸਕਰਾਤਮਕ ਬਦਲਾਅ ਲਿਆਉਣ ਵਿਚ ਸਹਾਇਕ ਸਿੱਧ ਹੋਵੇਗੀ।

ਡਿਪਟੀ ਕਮਿਸ਼ਨਰ-ਕਮ-ਚੇਅਰਪਰਸਨ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਦੱਸਿਆ ਕਿ ਇਸ ਕੋਚਿੰਗ ਸੈਂਟਰ ਨੂੰ ਬਾਲ ਕਲਿਆਣ ਕਾਊਂਸਲ ਅਤੇ ਰੈਡ ਕਰਾਸ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਚਲਾਇਆ ਜਾਵੇਗਾ। ਇਸ ਪ੍ਰੋਜੈਕਟ ਲਈ ਮਾਹਿਰ ਅਧਿਆਪਕਾਂ ਦੀ ਚੋਣ ਕਰ ਲਈ ਗਈ ਹੈ ਅਤੇ ਵਿਦਿਆਰਥੀਆਂ ਦੀ ਸੁਵਿਧਾ ਅਨੁਸਾਰ ਸਵੇਰੇ ਅਤੇ ਸ਼ਾਮ ਦੀਆਂ ਕਲਾਸਾਂ ਆਯੋਜਿਤ ਕੀਤੀਆਂ ਜਾਣਗੀਆਂ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜ਼ਿਲ੍ਹੇ ਦਾ ਕੋਈ ਵੀ ਜ਼ਰੂਰਤਮੰਦ ਗਿਆਰਵੀਂ ਜਾਂ ਬਾਹਰਵੀਂ ਦਾ ਮੈਡੀਕਲ ਜਾਂ ਨਾਨ ਮੈਡੀਕਲ ਸਟਰੀਮ ਦਾ ਵਿਦਿਆਰਥੀ ਇਸ ਕੋਚਿੰਗ ਸੈਂਟਰ ਵਿਚ ਮੁਫ਼ਤ ਵਿਚ ਕੋਚਿੰਗ ਪ੍ਰਾਪਤ ਕਰ ਸਕਦਾ ਹੈ। ਇਸ ਪ੍ਰੋਗਰਾਮ ਦੌਰਾਨ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਅਤੇ ਸੋਸਾਇਟੀ ਦੇ ਹੋਰ ਮੈਂਬਰਾਂ ਨੇ ਕੈਬਨਿਟ ਮੰਤਰੀ ਅਤੇ ਹੋਰ ਪਤਵੰਤੇ ਵਿਅਕਤੀਆਂ ਨੂੰ ਪੌਦੇ ਭੇਟ ਕਰਕੇ ਸਨਮਾਨਿਤ ਕੀਤਾ।

# ਈਟੀਟੀ 2364 ਬੇਰੁਜ਼ਗਾਰ ਅਧਿਆਪਕਾਂ ਵੱਲੋਂ ਆਪਣੇ ਨਿਯੁਕਤੀ ਪੱਤਰਾਂ ਦੀ ਮੰਗ ਨੂੰ ਲੈ ਕੇ ਲੱਗਿਆ ਧਰਨਾ ਪੰਜਵੇਂ ਦਿਨ 'ਚ ਦਾਖਲ

**ਐੱਸ ਏ ਐੱਸ ਨਗਰ ਮੋਹਾਲੀ, (ਦਲਜੀਤ ਕੌਰ)** ਬੇਰੁਜ਼ਗਾਰ ਈਟੀਟੀ ਟੈੱਟ 2364 ਅਧਿਆਪਕਾਂ ਨੇ ਆਪਣੇ ਨਿਯੁਕਤੀ ਪੱਤਰਾਂ ਦੀ ਮੰਗ ਨੂੰ ਲੈ ਕੇ ਡੀ ਪੀ ਆਈ ਦਫ਼ਤਰ ਮੋਹਾਲੀ ਵਿਖੇ ਚੱਲ ਰਿਹਾ ਧਰਨਾ ਪ੍ਰਦਰਸ਼ਨ ਅੱਜ ਪੰਜਵੇਂ ਦਿਨ ਵੀ ਜਾਰੀ ਰਿਹਾ। ਇਸ ਮੋਰਚੇ ਵਿੱਚ ਹੋਰ ਅਧਿਆਪਕ ਜੱਥੇਬੰਦੀਆਂ ਵੱਲੋਂ ਲਗਾਤਾਰ ਸਿਰਕਤ ਕੀਤੀ ਜਾ ਰਹੀ ਹੈ। ਅੱਜ ਦੇ ਧਰਨੇ ਵਿੱਚ ਡੈਮੋਕਰੇਟਿਕ ਟੀਚਰਜ਼ ਫਰੰਟ (ਡੀਟੀਐੱਫ) ਪੰਜਾਬ ਵੱਲੋਂ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਵੱਲੋਂ ਆਪਣੇ ਵੱਡੀ ਗਿਣਤੀ ਵਿੱਚ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਗਈ। ਉਨ੍ਹਾਂ ਨੇ ਆਪਣੀ ਜੱਥੇਬੰਦੀ ਵੱਲੋਂ ਈਟੀਟੀ 2364 ਅਧਿਆਪਕ ਯੂਨੀਅਨ ਦੀ ਪੁਰਜੋਰ ਹਮਾਇਤ ਕਰਨ ਦਾ ਵਿਸ਼ਵਾਸ ਦੁਆਇਆ ਤੇ ਕਿਹਾ ਕਿ ਜੇਕਰ ਸਰਕਾਰ 2364 ਭਰਤੀ ਨੂੰ ਪੂਰਾ ਕਰਨ ਵਿੱਚ ਦੇਰੀ ਕਰਦੀ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਪੱਧਰ ਤੇ ਤਿੱਖੇ ਸੰਘਰਸ਼ ਕੀਤੇ ਜਾਣਗੇ।

ਇਸ ਮੌਕੇ ਯੂਨੀਅਨ ਆਗੂਆਂ ਨੇ ਕਿਹਾ ਕੀ ਸਰਕਾਰ ਨਾਲ ਲਗਾਤਾਰ 2364 ਭਰਤੀ ਨੂੰ ਲੈ ਕੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਨੇ ਉਹਨਾਂ ਅਗੇ ਕਿਹਾ ਕਿ ਸਮੇਂ ਸਮੇਂ



ਤੇ ਸੰਬੰਧਿਤ ਅਧਿਕਾਰੀਆਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ।

ਉਹਨਾਂ ਨੇ ਈਟੀਟੀ 2364 ਭਰਤੀ ਨੂੰ ਜਲਦੀ ਪੂਰਾ ਕਰਨ ਦਾ ਵਿਸ਼ਵਾਸ ਦੁਆਇਆ ਤੇ ਹੁਣ ਸੰਬੰਧਿਤ ਅਧਿਕਾਰੀਆਂ ਨਾਲ ਅੱਜ ਦੀ ਮੀਟਿੰਗ ਰੱਖੀ ਗਈ ਹੈ। ਜੇਕਰ ਇਸ ਮੀਟਿੰਗ ਵਿੱਚ ਕੋਈ ਪੁਖਤਾ ਹਲ ਨਹੀਂ ਨਿਕਲ ਕੇ ਆਉਂਦਾ ਤਾਂ ਸਰਕਾਰ ਦੇ ਵਿਰੁੱਧ ਤਿੱਖਾ ਸੰਘਰਸ਼ ਵੇਖਣ ਨੂੰ ਮਿਲੇਗਾ ਤੇ ਗੁਪਤ ਐਕਸ਼ਨ ਵੇਖਣ ਨੂੰ ਮਿਲਣਗੇ। ਜੇਕਰ ਕਿਸੇ ਵੀ ਤਰ੍ਹਾ ਦੀ ਕੋਈ ਜਾਨ ਮਾਨ ਦਾ ਨੁਕਸਾਨ ਹੁੰਦਾ ਹੈ, ਤਾਂ ਉਸਦੀ ਜਿੰਮੇਵਾਰ ਇਥੋਂ ਦਾ ਪ੍ਰਸ਼ਾਸ਼ਨ ਤੇ ਮੌਕੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੋਵੇਗੀ।

ਇਸ ਮੌਕੇ ਯੂਨੀਅਨ ਆਗੂ ਮਨਪ੍ਰੀਤ ਮਾਨਸਾ, ਹਰਜੀਤ ਬੁਡਲਾਡਾ, ਗੁਰਸੇਵ ਸੰਗਰੂਰ, ਗੁਰਸੰਗਤ ਬੁਢਲਾਡਾ ਗੁਰਜੀਵਨ ਮਾਨਸਾ, ਜਸਵਿੰਦਰ ਮਾਛੀਵਾੜਾ, ਵਰਿੰਦਰ ਸਰਹੰਦ, ਅੰਮ੍ਰਿਤਪਾਲ ਮੀਮਸਾ, ਪ੍ਰਿਥਵੀ ਅਬੋਹਰ, ਸੁਖਚੈਨ ਬੋਹਾ, ਸੁਖਜਿੰਦਰ ਸੰਗਰੂਰ, ਰਾਜਿੰਦਰ ਧੂਰੀ, ਕੁਲਦੀਪ ਅਬੋਹਰ, ਰਣਜੀਤ ਸੰਗਰੂਰ, ਸੁਖਜਿੰਦਰ ਜਲਾਲਾਬਾਦ, ਤਰਸੇਮ ਸੰਗਰੂਰ, ਓਮਪ੍ਰਕਾਸ਼ ਫਿਰੋਜ਼ਪੁਰ, ਜਗਪਾਲ ਡੱਬਵਾਲੀ, ਰਾਜਵਿੰਦਰ ਜਲਾਲਾਬਾਦ, ਕਿਰਨਦੀਪ ਨਾਭਾ, ਸ਼ੀਤਲ ਫਾਜ਼ਿਲਕਾ ਅਤੇ ਪੂਜਾ ਫਾਜ਼ਿਲਕਾ ਆਦਿ ਹਾਜ਼ਰ ਸਨ।

***

HAPPY BAZAAR
HAPPY BAZAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਸਿਹਤ ਸੇਵਾਵਾਂ ਦੇ ਨਿੱਜੀਕਰਨ ਦੇ ਵਿਰੋਧ ਵਿੱਚ ਰਾਸ਼ਟਰ ਪੱਧਰੀ ਕਾਨਫਰੰਸ ਹੋਈ

ਦੇਸ਼ ਦੇ ਵੱਖ ਵੱਖ ਰਾਜਾਂ ਦੇ ਨੁਮਾਇੰਦੇ ਵੱਖ-ਵੱਖ ਨੈੱਟਵਰਕਾਂ ਦੇ ਭਾਈਵਾਲਾਂ ਅਤੇ ਹੋਰ ਸਿਵਲ ਸੁਸਾਇਟੀ ਸੰਸਥਾਵਾਂ ਵਲੋਂ ਗਾਂਧੀ ਪੀਸ ਫਾਊਂਡੇਸ਼ਨ ਨਵੀਂ ਦਿੱਲੀ ਵਿਖੇ ਸਭ ਲਈ ਸਿਹਤ ਪ੍ਰਤੀ ਆਪਣੀ ਬਚਨਵੱਧਤਾ ਅਤੇ ਏਕਤਾ ਦਾ ਪ੍ਰਗਟਾਵਾ ਕਰਨ ਲਈ ਇਕੱਠੇ ਹੋਏ। ਜੰਮੂ-ਕਸ਼ਮੀਰ ਤੋਂ ਸਾਥੀ ਰਾਹੀ ਰਿਆਜ਼ ਅਤੇ ਚੁਣੌਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਦੀ ਸਮਰੱਥਾ ਦੀ ਘਾਟ ਸਾਹਮਣੇ ਆਈ। ਅਜਿਹੇ ਔਖੇ ਸਮੇਂ ਵਿੱਚ ਵੀ ਸਰਕਾਰ ਵੱਲੋਂ ਸਮੇਂ ਸਿਰ ਲੋੜੀਂਦੀ ਸਹਾਇਤਾ ਨਾ ਦੇਣ ਅਤੇ ਪ੍ਰਾਈਵੇਟ ਸੈਕਟਰ ਦੀਆਂ ਮਹਿੰਗੀਆਂ ਅਤੇ ਮੁਨਾਫੇ ਵਾਲੀਆਂ ਸਿਹਤ ਸੇਵਾਵਾਂ ਕਾਰਨ ਬਹੁਤ ਸਾਰੇ ਲੋਕ ਬਿਨਾਂ ਇਲਾਜ ਤੋਂ ਕਰ ਰਹੇ ਹਨ। ਉਨ੍ਹਾਂ ਨੇ ਮੈਡੀਕਲ ਖੇਤਰ ਵਿੱਚ ਹੋ ਰਹੀ ਲੁੱਟ ਸਬੰਧੀ ਆਰ ਟੀ ਆਈ ਅਧਾਰਿਤ ਅਤੇ ਵੱਖ ਵੱਖ ਮੀਡੀਆ ਰਿਪੋਰਟਾਂ ਦੀ ਜਾਣਕਾਰੀ ਸਾਂਝੀ ਕੀਤੀ। ਬੁਲਾਰਿਆਂ ਨੇ ਕਿਹਾ ਕਿ ਸਰਕਾਰ ਹੁਣ ਇੱਕ ਬੀਮਾ-ਆਧਾਰਿਤ ਸਿਹਤ ਮਾਡਲ ਵੱਲ ਵਧ ਰਹੀ ਹੈ ਜਿਸਦਾ ਟੀਚਾ 2025 ਤੱਕ ਨਿੱਜੀ ਬੀਮਾ ਕਵਰੇਜ ਕਿਹਾ। ਅਮਿਤਾਵ ਗੁਹ ਨੇ ਸਮਾਜਿਕ ਸੁਰੱਖਿਆ, ਤਨਖ਼ਾਹ, ਵਰਕਰਾਂ ਦੀਆਂ ਕੰਮ ਦੀਆਂ ਸਥਿਤੀਆਂ ਬਾਰੇ ਕਈ ਉਦਾਹਰਣਾਂ ਦਿੱਤੀਆਂ ਅਤੇ ਆਈਐਲਓ ਸੰਮੇਲਨਾਂ ਨੂੰ ਲਾਗੂ ਕਰਨ ਬਾਰੇ ਕਿਹਾ। ਡਾਕਟਰ ਜੀ.ਡੀ.ਵਰਮਾ ਨੇ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਖਾਨ ਮਜ਼ਦੂਰਾਂ ਦੀ ਸਥਿਤੀ ਬਾਰੇ ਆਪਣੇ ਵਿਚਾਰ



ਨੇ ਇਸ ਰਾਸ਼ਟਰੀ ਕਾਨਫ਼ਰੰਸ ਵਿੱਚ ਹਿੱਸਾ ਲੈਣ ਆਏ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਦੋਸਤਾਂ ਨੂੰ ਜੀ ਆਇਆਂ ਆਖਕੇ ਕਾਨਫਰੰਸ ਦੀ ਸ਼ੁਰੂਆਤ ਕੀਤੀ। ਕਾਨਫਰੰਸ ਦੇ ਸੰਗਠਨ ਅਤੇ ਇਸਦੀ ਭੂਮਿਕਾ ਬਾਰੇ ਗੱਲ ਕਰਦਿਆਂ ਅਮੂਲਿਆ ਨਿਧੀ ਨੇ ਕਿਹਾ ਕਿ ਭਾਰਤ ਵਿੱਚ ਅੱਜ ਜਨ ਸਿਹਤ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੀ ਹੈ ਅਤੇ ਸਾਨੂੰ ਇਸ ਸਮੇਂ ਸਿਹਤ ਦੇ ਖੇਤਰ ਵਿੱਚ ਨਿੱਜੀਕਰਨ ਨੂੰ ਰੋਕਣ ਦੇ ਨਾਲ-ਨਾਲ ਜ਼ਿਲ੍ਹਾ ਹਸਪਤਾਲਾਂ ਨੂੰ ਬਚਾਉਣ ਅਤੇ ਕਰਮਚਾਰੀਆਂ ਦੀ ਸਿਹਤ ਦੀ ਸੁਰੱਖਿਆ ਦੀ ਅਤਿਅੰਤ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਬਾਂਝੇ ਵਰਗਾਂ ਦੇ ਸਿਹਤ ਅਧਿਕਾਰਾਂ ਲਈ ਰਾਸ਼ਟਰੀ ਪੱਧਰ ਤੇ ਸੰਗਠਿਤ ਅਤੇ ਸਾਂਝੇ ਯਤਨਾਂ ਦੀ ਲੋੜ ਹੈ। ਸਿਹਤ ਸੇਵਾਵਾਂ ਦੇ ਨਿੱਜੀਕਰਨ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਪ੍ਰੋਫੈਸਰ ਇਮਰਾਨ ਕਾਦਿਰ ਨੇ ਕਿਹਾ ਕਿ ਮੌਜੂਦਾ ਲੋਕ ਵਿਰੋਧੀ ਅਤੇ ਕਾਰਪੋਰੇਟ-ਸੰਚਾਲਿਤ ਸਿਹਤ ਏਜੰਡਾ ਲੋਕਾਂ ਦੀ ਬਿਹਤਰ ਸਿਹਤ ਪ੍ਰਤੀ ਲੋੜੀਂਦੀ ਸੰਵੇਦਨਸ਼ੀਲਤਾ ਦੀ ਘਾਟ ਦਾ ਪ੍ਰਤੀਬਿੰਬ ਹੈ ਅਤੇ ਇਸ ਆਰਥਿਕ ਲੁੱਟ ਦੀ ਨੀਤੀ ਦਾ ਸਭ ਤੋਂ ਵੱਧ ਅਸਰ ਦੇਸ਼ ਦੇ ਕਰੋੜਾਂ ਦਲਿਤਾਂ, ਬੰਚਿਤਾਂ, ਕਬਾਇਲੀਆਂ, ਘੱਟ ਗਿਣਤੀਆਂ, ਅਪਾਹਜਾਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਤਬਕਿਆਂ ਨੂੰ ਝੱਲਣਾ ਪੈ ਰਿਹਾ ਹੈ। ਇਹ ਇੱਕ ਲੋਕ ਭਲਾਈ ਰਾਜ ਦੁਆਰਾ ਆਪਣੀਆਂ ਜ਼ਿੰਮੇਵਾਰੀਆਂ ਅਤੇ ਸੰਵਿਧਾਨਕ ਜਵਾਬਦੇਹੀ ਤੋਂ ਭੱਜਣ ਦੀ ਕੋਸ਼ਿਸ਼ ਹੈ।ਜਨਤਕ ਸਿਹਤ ਏਜੰਡੇ ਦੀ ਇਸ ਲਗਾਤਾਰ ਅਣਗਹਿਲੀ ਦੇ ਗੰਭੀਰ ਨਤੀਜੇ ਕੋਵਿਡ-19 ਮਹਾਂਮਾਰੀ ਦੇ ਦੌਰਾਨ ਵੱਡੇ ਪੱਧਰ ਤੇ ਸਾਹਮਣੇ ਆਏ ਹਨ ਜਦੋਂ ਜਨਤਕ ਸਿਹਤ ਸੰਭਾਲ ਖੇਤਰ ਦੀ ਕਮਜ਼ੋਰੀ, ਅਕੁਸ਼ਲਤਾਵਾਂ ਮੌਤ ਦੇ ਮੂੰਹ ਵਿੱਚ ਚਲੇ ਗਏ। ਇਸ ਭਿਆਨਕ ਦ੍ਰਿਸ਼ ਨੂੰ ਯਾਦ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਬੇਮਿਸਾਲ ਸਿਹਤ ਸੰਕਟ ਅਤੇ ਮੈਡੀਕਲ ਐਮਰਜੈਂਸੀ ਦੌਰਾਨ ਵੀ ਨਿੱਜੀ ਖੇਤਰ ਵੱਲੋਂ ਅਣਚਾਹੇ ਮੁਨਾਫ਼ਿਆਂ ਲਈ ਸਥਿਤੀ ਦਾ ਲਾਹਾ ਲੈਣਾ ਨਿੱਜੀ ਖੇਤਰ ਦੀ ਪਰਉਪਕਾਰੀ ਸਿਹਤ ਨੀਤੀ ਅਤੇ ਪਬਲਿਕ-ਪ੍ਰਾਇਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਵੱਲ ਇਸ਼ਾਰਾ ਕਰਦਾ ਹੈ। ਸਰਕਾਰੀ ਨੀਤੀਆਂ ਨੂੰ ਉਤਸ਼ਾਹਿਤ ਕਰਨ ਦਾ ਕੁਦਰਤੀ ਨਤੀਜਾ ਸਰਕਾਰ ਵੱਲੋਂ ਸਿਹਤ ਤੇ ਕੀਤਾ ਜਾ ਰਿਹਾ 1.9 ਫੀਸਦੀ ਬਜਟ ਨਾਕਾਫੀ ਹੈ।

ਸਿਹਤ ਸੇਵਾਵਾਂ ਦੇ ਨਿੱਜੀਕਰਨ ਦੇ ਮੁੱਦੇ ਤੇ ਸੰਜੀਵ ਸਿਨਹਾ ਨੇ ਉੱਤਰ ਪ੍ਰਦੇਸ਼ ਵਿੱਚ ਜ਼ਿਲ੍ਹਾ ਹਸਪਤਾਲਾਂ ਦੇ ਨਿੱਜੀਕਰਨ ਦੀ ਲੋਕ ਵਿਰੋਧੀ ਕੋਸ਼ਿਸ਼ ਬਾਰੇ ਗੱਲ ਕੀਤੀ ਅਤੇ ਕਿਹਾ ਕਿ ਨੀਤੀ ਆਯੋਗ ਨੇ ਰਾਜਾਂ ਨੂੰ ਜ਼ਿਲ੍ਹਾ ਹਸਪਤਾਲਾਂ ਦਾ ਨਿੱਜੀਕਰਨ ਕਰਨ ਦੇ ਨਿਰਦੇਸ਼ ਦਿੱਤੇ ਹਨ। ਐਸ.ਆਰ. ਆਜ਼ਾਦ ਨੇ ਮੱਧ ਪ੍ਰਦੇਸ਼ ਵਿੱਚ ਮੈਡੀਕਲ ਕਾਲਜ ਖੋਲ੍ਹਣ ਲਈ ਜ਼ਿਲ੍ਹਾ ਹਸਪਤਾਲਾਂ ਦੇ ਨਿੱਜੀ ਹਿੱਸੇਦਾਰਾਂ ਨੂੰ ਦੇਣ ਦੀ ਸਰਕਾਰ ਦੀ ਕੋਸ਼ਿਸ਼ ਨੂੰ ਜਨਤਕ ਸਿਹਤ ਸੇਵਾਵਾਂ ਲਈ ਘਾਤਕ ਕਦਮ ਕਰਾਰ ਦਿੱਤਾ। ਐਡਵੋਕੇਟ ਕੁਲਦੀਪ ਚੰਦ ਨੇ ਪੰਜਾਬ ਵਿੱਚ ਸਿਹਤ ਸੇਵਾਵਾਂ ਦੀ ਜ਼ਮੀਨੀ ਸਥਿਤੀ ਬਾਰੇ ਆਪਣੇ ਤਜ਼ਰਬੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇੱਕ ਅਮੀਰ ਸੂਬਾ ਮੰਨਿਆ ਜਾਂਦਾ ਹੈ ਪਰੰਤੂ ਇੱਥੇ ਫੈਲੇ ਕੈਂਸਰ, ਨਸ਼ਿਆਂ ਦੀ ਭਰਮਾਰ ਆਦਿ ਖਤਰਨਾਕ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਮਿਲੀਭੁਗਤ ਨਾਲ ਨਿੱਜੀ ਸਿਹਤ ਕੇਂਦਰ ਵੱਧ ਰਹੇ ਹਨ ਅਤੇ ਮਨਮਰਜੀ ਕਰਕੇ ਲੋਕਾਂ ਦੀ ਸਿਹਤ ਪੱਖੋਂ ਅਤੇ ਆਰਥਿਕ ਲੁੱਟ ਨੂੰ 30ਗ਼ ਤੱਕ ਵਧਾਉਣਾ ਹੈ ਜਦਕਿ ਸਰਕਾਰੀ ਹਸਪਤਾਲਾਂ ਨੂੰ ਬੀਮਾ-ਅਧਾਰਿਤ ਸੰਸਥਾਵਾਂ ਵਿੱਚ ਬਦਲਣ ਦੀ ਬਜਾਏ ਉਹਨਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਡਾਕਟਰ ਵੰਦਨਾ ਪ੍ਰਸਾਦ ਨੇ ਕਿਹਾ ਕਿ ਸਿਹਤ ਕੇਂਦਰ ਦਾ ਨਾਮ ਅਰੋਗਿਆ ਮੰਦਰ ਰੱਖਣਾ ਗਲਤ ਹੈ ਅਤੇ ਸਮਾਜਿਕ ਨਿਰਣਾਇਕਾਂ ਵਿੱਚ ਸਿਹਤ, ਰੋਜ਼ੀ-ਰੋਟੀ, ਭੋਜਨ, ਆਸਰਾ, ਵਾਤਾਵਰਨ ਦੇ ਨਾਲ-ਨਾਲ ਸ਼ਾਂਤੀ, ਨਿਆਂ ਅਤੇ ਡਰ ਵੀ ਅੱਜ ਅਹਿਮ ਮੁੱਦੇ ਹਨ। ਜਯਾ ਵੇਲੰਕਰ ਨੇ ਔਰਤਾਂ ਵਿਰੁੱਧ ਹਿੰਸਾ ਤੇ ਕੰਮ ਕਰਨ ਅਤੇ ਔਰਤਾਂ ਦੇ ਵੱਖ-ਵੱਖ ਮੁੱਦਿਆਂ ਨੂੰ ਵਿਆਪਕ ਸਿਹਤ ਮੁੱਦਿਆਂ ਨਾਲ ਜੋੜਨ ਦੀ ਲੋੜ ਤੇ ਜ਼ੋਰ ਦਿੱਤਾ। ਬਸੰਤ ਹਰਿਆਣਾ ਅਤੇ ਅਨਿਲ ਗੋਸਵਾਮੀ ਨੇ ਰਾਜਸਥਾਨ ਦੇ ਸਿਹਤ ਅਧਿਕਾਰ ਕਾਨੂੰਨ ਬਾਰੇ ਗੱਲ ਕੀਤੀ। ਗੋਰੰਗ ਮਹਾਪਾਤਰਾ ਨੇ ਦੇਸ਼ ਦੇ ਹਰ ਰਾਜ ਵਿੱਚ ਸਿਹਤ ਅਧਿਕਾਰ ਕਾਨੂੰਨ ਬਣਾਉਣ ਅਤੇ ਲਾਗੂ ਕਰਨ ਬਾਰੇ ਗੱਲ ਕੀਤੀ ਅਤੇ ਮਹਿਜਬੀਨ ਭੱਟ ਨੇ ਜੰਮੂ ਅਤੇ ਕਸ਼ਮੀਰ ਵਿੱਚ ਸਿਹਤ ਦੇ ਹਾਲਾਤ ਬਾਰੇ ਗੱਲ ਕੀਤੀ। ਸਿਹਤ, ਦਵਾਈ ਨੀਤੀ ਅਤੇ ਵਿਗਿਆਨਕ ਪਹੁੰਚ ਦੀਆਂ ਉਦਾਹਰਣਾਂ ਦਿੰਦਿਆਂ ਦਿਨੇਸ਼ ਅਬਰੋਲ ਨੇ ਦਵਾਈਆਂ, ਜੈਨਰਿਕ ਦਵਾਈਆਂ ਅਤੇ ਸਭ ਲਈ ਮਿਆਰੀ ਸਸਤੀਆਂ ਦਵਾਈਆਂ ਦੀ ਪੇਟੈਂਟ ਕਰਵਾਉਣ ਦੀ ਵਕਾਲਤ ਕੀਤੀ ਅਤੇ ਕਿਹਾ ਕਿ ਸਾਰਿਆਂ ਲਈ ਮਿਆਰੀ ਸਸਤੀਆਂ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਜਗਦੀਸ਼ ਪਟੇਲ ਨੇ ਮਜ਼ਦੂਰਾਂ ਦੇ ਸਿਹਤ ਅਧਿਕਾਰਾਂ ਅਤੇ ਸੁਰੱਖਿਆ ਦੇ ਮੁੱਦੇ ਤੇ ਨੀਤੀ, ਕਾਨੂੰਨ ਅਤੇ ਜ਼ਮੀਨੀ ਪੱਧਰ ਤੇ ਮਜ਼ਦੂਰਾਂ ਦੀ ਸਿਹਤ ਦੇ ਮੁੱਦੇ ਤੇ ਸੰਘਰਸ਼ ਤੇਜ਼ ਕਰਨ ਲਈ ਪ੍ਰਗਟ ਕੀਤੇ। ਸਿਲੀਕੋਸਿਸ ਵਿਕਟਿਮਜ਼ ਐਸੋਸੀਏਸ਼ਨ ਦੇ ਦਿਨੇਸ਼ ਰਾਏ ਸਿੰਘ ਨੇ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਬਾਰੇ ਜਾਣਕਾਰੀ ਦਿਤੀ। ਪ੍ਰੋਫੈਸਰ ਰਿਤੂ ਪ੍ਰਿਆ ਨੇ ਕਿਹਾ ਕਿ ਸਿਹਤ ਪ੍ਰਣਾਲੀ ਨੂੰ ਲੋਕਾਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ ਅਤੇ ਕਮਿਊਨਿਟੀ ਦੀ ਭਾਗੀਦਾਰੀ ਨਾਲ ਕੰਮ ਦੇ ਮਾਡਲ ਵਿਕਸਿਤ ਕਰਨ ਦਾ ਸੱਦਾ ਦਿੱਤਾ।

ਇਸ ਕਾਨਫਰੰਸ ਵਿੱਚ ਇੱਕ ਮੈਨੀਫੈਸਟੋ ਜਾਰੀ ਕੀਤਾ ਗਿਆ ਅਤੇ ਸਾਰਿਆਂ ਨੇ ਮਿਲਕੇ ਫੈਸਲਾ ਕੀਤਾ ਕਿ ਪਹਿਲੇ ਪੜਾਅ ਵਿੱਚ 10 ਰਾਜਾਂ ਦੇ 100 ਜ਼ਿਲ੍ਹਿਆਂ ਵਿੱਚ ਸਿਹਤ ਲਹਿਰ ਨੂੰ ਮਜ਼ਬੂਤ ਕੀਤਾ ਜਾਵੇਗਾ। ਕਾਨਫਰੰਸ ਵਿੱਚ ਜਨਤਕ ਸਿਹਤ ਪ੍ਰਣਾਲੀ ਦੀ ਜਵਾਬਦੇਹੀ, ਮਜ਼ਬੂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ, ਜਨਤਕ ਹਸਪਤਾਲਾਂ ਅਤੇ ਸੇਵਾਵਾਂ ਦੇ ਨਿੱਜੀਕਰਨ ਜਾਂ ਆਊਟਸੋਰਸਿੰਗ ਤੇ ਪਾਬੰਦੀ ਲਗਾਉਣ, ਕਿੱਤਾਮੁਖੀ ਸੁਰੱਖਿਆ, ਸਿਹਤ ਕਾਮਿਆਂ ਦੀ ਸੁਰੱਖਿਆ ਅਤੇ ਹੋਰ ਸੰਬੰਧਿਤ ਮਜ਼ਦੂਰ ਅਧਿਕਾਰਾਂ ਸਬੰਧੀ ਅੰਤਰਰਾਸ਼ਟਰੀ ਲੇਬਰ ਆਰਗੇਨਾਈਜ਼ੇਸ਼ਨ ਕਾਨਫਰੰਸਾਂ ਵਿੱਚ ਪਾਸ ਕੀਤੇ ਮਤਿਆਂ ਦੀ ਪਾਲਣਾ ਕਰਨ, ਸਿਹਤ ਸੰਭਾਲ ਦੇ ਸਾਰੇ ਪੱਧਰਾਂ ਤੇ ਸਭ ਲਈ ਸਿਹਤ ਪਹੁੰਚ ਅਪਣਾਉਣ, ਸਾਰੇ ਖੇਤਰਾਂ ਵਿੱਚ ਸਿਹਤ-ਸੰਬੰਧੀ ਵਿਚਾਰਾਂ ਨੂੰ ਨੀਤੀਆਂ ਨਾਲ ਜੋੜਨ ਲਈ ਸੰਸਥਾਗਤ ਪ੍ਰਬੰਧਾਂ ਨੂੰ ਮਜ਼ਬੂਤ ਕਰਨ, ਸਿਹਤ ਨੀਤੀਆਂ ਵਿੱਚ ਹਾਸ਼ੀਏ ਤੇ ਪੱਛੜੇ ਭਾਈਚਾਰਿਆਂ ਨੂੰ ਪਹਿਲ ਦੇਣ, ਆਮ ਲੋਕਾਂ ਦੇ ਵਾਤਾਵਰਣ ਅਤੇ ਸਿਹਤ ਚਿੰਤਾਵਾਂ ਨੂੰ ਜਨਤਕ ਸਿਹਤ ਨੀਤੀ ਦਾ ਕੇਂਦਰ ਬਣਾਉਣ ਲਈ ਮਤੇ ਪਾਸ ਕੀਤੇ ਗਏ।

**ਕੁਲਦੀਪ ਚੰਦ 91-94175-63054**

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਪਿੰਡ ਭਨਵਾਲ ਅੰਦਰ 70 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾਣ ਵਾਲੀ ਵਾਟਰ ਸਪਲਾਈ ਦਾ ਰੱਖਿਆ ਨੀਹ ਪੱਥਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਲਗਾਤਾਰ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਪੰਜਾਬ ਦੇ ਲੋਕਾਂ ਦੇ ਵੱਖੋਂ ਵੱਖਰੇ ਸਵਾਲਾਂ ਤੇ ਵੱਡੇ ਫੈਂਸਲੇ ਲਏ ਜਾ ਰਹੇ ਹਨ ਚਾਹੇ ਪੰਜਾਬ ਅੰਦਰ ਨੋਕਰੀਆਂ ਦਾ ਸਵਾਲ ਹੋਵੇ, ਮੁਫਤ ਬਿਜਲੀ ਦਾ ਸਵਾਲ ਹੋਵੇ ਜਾਂ ਪੰਜਾਬ ਅੰਦਰ ਸੜਕ ਸੁਰੱਖਿਆ ਫੋਰਸ ਦਾ ਸਵਾਲ ਹੋਵੇ ਇਸ ਤਰ੍ਹਾਂ ਲਗਾਤਾਰ ਪਿੰਡਾਂ ਦੇ ਲੋਕਾਂ ਦੇ ਸਵਾਲ ਹੱਲ ਕੀਤੇ ਜਾ ਰਹੇ ਹਨ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਭਨਵਾਲ ਵਿਖੇ ਵਾਟਰ ਸਪਲਾਈ ਦਾ ਨੀਹ ਪੱਧਰ ਰੱਖਣ ਮਗਰੋਂ ਕੀਤਾ। ਇਸ ਮੋਕੇ ਤੇ -ਹੋਰਨਾਂ ਤੋਂ ਇਲਾਵਾ ਪਾਰਟੀ ਦੇ ਪ੍ਰਮੁੱਖ ਆਗੂ ਭਾਨੂ ਪ੍ਰਤਾਪ, ਸਾਹਿਬ ਸਿੰਘ ਸਾਬਾ, ਬਲਾਕ ਪ੍ਰਧਾਨ ਰਜਿੰਦਰ ਸਿੰਘ ਭਿੱਲਾ, ਬਲਾਕ ਪ੍ਰਧਾਨ ਸੰਦੀਪ ਕੁਮਾਰ, ਮਹੇਸ ਕੁਮਾਰ ਐਕਸੀਅਨ ਵਾਟਰ ਸਪਲਾਈ, ਬਲਜੀਤ ਕੌਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਸੁਜਾਨਪੁਰ, ਅਤੇ ਹੋਰ ਪਾਰਟੀ ਮੈਬਰ ਹਾਜ਼ਰ ਸਨ। ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਬਹੁਤ ਜਲਦੀ ਪੂਰੇ ਪੰਜਾਬ ਅੰਦਰ ਰਾਸਨ ਕਾਰਡ ਬਣਾਉਂਣ ਦੀ ਪ੍ਰੀਕ੍ਰਿਆ ਦਾ ਆਰੰਭ ਕੀਤਾ ਜਾ ਰਿਹਾ ਹੈ, ਤਾਂ ਜੋ ਕੋਈ ਵੀ ਲਾਭਪਾਤਰੀ ਕਾਰਡ ਬਣਾਉਂਣ ਤੋਂ ਬਾਂਝਿਆ ਨਾ ਰਹਿ ਸਕੇ।



ਪਿੰਡ ਭਨਵਾਲ ਅੰਦਰ ਵਾਟਰ ਸਪਲਾਈ ਦਾ ਨੀਹ ਪੱਥਰ ਰੱਖਣ ਮਗਰੋਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਵੱਡਭਾਗਾਂ ਦਿਨ ਹੈ ਕਿ ਪਿੰਡ ਭਨਵਾਲ ਦੇ ਲੋਕਾਂ ਨੂੰ ਕਰੀਬ 70 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਦਾ ਨਿਰਮਾਣ ਕੀਤਾ ਜਾਵੇਗਾ ਜਿਸ ਦਾ ਲਾਭ ਘੱਟ ਤੋਂ ਘੱਟ 500 ਪਰਿਵਾਰਾਂ ਨੂੰ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਵਾਟਰ ਸਪਲਾਈ ਦੇ ਨਿਰਮਾਣ ਦਾ ਕਾਰਜ ਕਰੀਬ 6 ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕੀਤਾ ਜਾਵੇਗਾ ਅਤੇ ਇਹ ਵਾਟਰ ਸਪਲਾਈ ਲੋਕਾਂ ਨੂੰ ਸਮਰਪਿਤ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਆਦੇਸਾਂ ਅਨੁਸਾਰ ਹਰ ਪਿੰਡ ਦੀ ਪੰਚਾਇਤ ਵਿੱਚ ਬਿਨ੍ਹਾਂ ਕਿਸੇ ਪੱਖਪਾਤ ਤੋਂ ਅਤੇ ਭੇਦਭਾਵ ਤੋਂ ਲੋਕਾਂ ਦੇ ਲਈ ਨਿਰੰਤਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਅੱਜ ਉਨ੍ਹਾਂ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ ਜਿਸ ਵਿੱਚ ਸਭ ਤੋਂ ਪਹਿਲਾ ਪਿੰਡ ਮੈਰਾ ਕਲੋਨੀ ਵਿਖੇ ਪੂਰੇ ਪਿੰਡ ਦੀ ਵਿਜਟ ਕੀਤੀ ਗਈ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਲਈ ਸਬੰਧਤ ਅਧਿਕਾਰੀਆਂ ਨੂੰ ਦਿਸਾ ਨਿਰਦੇਸ ਦਿੱਤੇ ਗਏ, ਇਸ ਮੋਕੇ ਤੇ ਪਿੰਡ ਅੰਦਰ ਲਾਈਬ੍ਰੇਰੀ ਬਣਾਉਂਣ ਦੇ ਲਈ 5 ਲੱਖ ਰੁਪਏ ਦੀ ਰਾਸੀ ਦੇਣ ਦੀ ਘੋਸਣਾ ਵੀ ਕੀਤੀ ਗਈ।

ਅੱਜ ਦੇ ਦੌਰੇ ਦੋਰਾਨ ਕੈਬਨਿਟ ਮੰਤਰੀ ਪੰਜਾਬ ਵੱਲੋਂ ਪਿੰਡ ਝੰਡਪੁਰ ਵਿਖੇ ਪਹੁੰਚੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਇਸ ਮੋਕੇ ਤੇ ਉਨ੍ਹਾਂ ਪਿੰਡ ਅੰਦਰ ਜੰਝਘਰ ਬਣਾਉਂਣ ਦਾ ਐਲਾਨ ਕੀਤਾ ਅਤੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਪਿੰਡ ਦੇ ਅੰਦਰ ਇੱਕ ਵਧੀਆ ਪਾਰਕ ਦਾ ਨਿਰਮਾਣ ਵੀ ਕੀਤਾ ਜਾਵੇਗਾ ਜਿਸ ਦਾ ਲਾਭ ਪਿੰਡ ਦੇ ਹਰੇਕ ਵਰਗ ਦੇ ਨਾਗਰਿਕ ਨੂੰ ਹੋਵੇਗਾ, ਪਾਣੀ ਦੀ ਸਮੱਸਿਆ ਤੇ ਬੋਲਦਿਆਂ ਉਨ੍ਹਾਂ ਅਧਿਕਾਰੀਆਂ ਨੂੰ ਆਦੇਸ ਦਿੰਦਿਆਂ ਕਿਹਾ ਕਿ ਪਿੰਡ ਅੰਦਰ ਪਹਿਲਾ ਤੋਂ ਕੀਤੇ ਪਾਣੀ ਦੇ ਬੋਰ ਦੀ ਜਾਂਚ ਕੀਤੀ ਜਾਵੈ ਅਤੇ ਪਿੰਡ ਕਲੇਸਰ ਦੀ ਵਾਟਰ ਸਪਲਾਈ ਤੋਂ ਪਾਈਪ ਲਾਈਨ ਪਾ ਕੇ ਪਿੰਡ ਵਾਸੀਆਂ ਨੂੰ ਪੀਣ ਦਾ ਪਾਣੀ ਮੁਹੱਈਆਂ ਕਰਵਾਇਆ ਜਾਵੇ।

ਇਸ ਤੋਂ ਬਾਅਦ ਕੈਬਨਿਟ ਮੰਤਰੀ ਪੰਜਾਬ ਵੱਲੋਂ ਪਿੰਡ ਪੰਜੋੜ ਅੰਦਰ ਕੀਤੇ ਜਾ ਰਹੇ ਮੁੱਖ ਗਲੀ ਦੇ ਨਿਰਮਾਣ ਦਾ ਨਿਰੀਖਣ ਕੀਤਾ ਅਤੇ ਸਬੰਧਤ ਵਿਭਾਗ ਨੂੰ ਦਿਸਾ ਨਿਰਦੇਸ਼ ਦਿੱਤੇ ਕਿ ਵਿਕਾਸ ਕਾਰਜ ਵਿੱਚ ਕਵਾਲਿਟੀ ਦਾ ਪੂਰਾ ਧਿਆਨ ਰੱਖਿਆ ਜਾਵੈ, ਇਸ ਤੋਂ ਇਲਾਵਾ ਪਿੰਡ ਕਲੈਸਰ ਵਿਖੇ ਪਹੁੰਚ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਪਿੰਡ ਫਿਰੋਜਪੁਰ ਕਲ੍ਹਾਂ ਅੰਦਰ ਪਹੁੰਚ ਕੇ ਛੱਪੜ ਦੀ ਸਫਾਈ ਅਤੇ ਨਿਕਾਸੀ ਪਾਣੀ ਦੀ ਸਮੱਸਿਆ ਦਾ ਜਾਇਜਾ ਲਿਆ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਿਰੰਤਰ ਵਿਕਾਸ ਕਾਰਜਾਂ ਵਿੱਚ ਲੱਗੀ ਹੋਈ ਹੈ ਜਨਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਪਿੰਡ ਅੰਦਰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ, ਪਹਿਲ ਦੇ ਅਧਾਰ ਤੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕੀਤੀਆਂ ਜਾਣਗੀਆਂ।

# ਯੂਐਸਏ ਸਾਨਫਰਾਂਸਿਸਕੋ ਗੋਲਡਨ ਗੇਟ ਪੀਜੇ ਤੇ ਸਜੀ ਮੰਗਲ ਹਠੂਰ ਦੀ ਮਹਿਫਿਲ



**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)-** ਯੂ ਐਸ ਏ ਸਾਨਫਰਾਂਸਿਸਕੋ ਗੋਲਡਨ ਗੇਟ ਪੀਜੇ ਤੇ ਪ੍ਰਸਿੱਧ ਸ਼ਾਇਰ ਤੇ ਗੀਤਕਾਰ ਮੰਗਲ ਹਠੂਰ ਦੀ ਯਾਦਗਾਰੀ ਮਹਿਫਲ ਸਜੀ । ਰਾਤ ਦੇਰ ਤੱਕ ਸ਼ਾਇਰੋ ਸ਼ਾਇਰੀ ਦੀ ਮਹਿਫ਼ਲ ਚੱਲੀ । ਨਵੀਂ ਕਿਤਾਬ "ਟਿਕਾਣਾ ਕੋਈ ਨਾ" ਵੀ ਰੂਬਰੂ ਕੀਤੀ ਗਈ। ਅਸ਼ੋਕ ਕੁਮਾਰ ਜੀ, ਸੁਖਦੇਵ ਸਿੰਘ ਗਰੇਵਾਲ ਅਤੇ ਮੁਕੰਦ ਲੂੰਬਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ । ਪ੍ਰੋਗਰਾਮ ਵਿੱਚ ਸਾਨਫਰਾਂਸਿਸਕੋ ਦੀਆਂ ਉੱਘੀਆਂ ਹਸਤੀਆਂ ਨੇ ਵਿੱਚ ਭਾਗ ਲਿਆ। ਹੋਰਨਾਂ ਤੋਂ ਇਲਾਵਾ ਇਸ ਮੌਕੇ ਤਸਵੀਰਾਂ ਵਿੱਚ ਬਾਈ ਸੁਖਦੇਵ ਸਿੰਘ ਗਰੇਵਾਲ, ਅਸ਼ੋਕ ਕੁਮਾਰ ਜੀ (ਮੈਰੀਲੈਂਡ ਮਾਰਕੀਟ) ਅਮਰਜੀਤ ਸਿੰਘ ਬੰਟੀ, ਸੁਰਜੀਤ ਸਿੰਘ ਭੱਠਲ, ਤਜਿੰਦਰ ਸਿੰਘ ਭੱਠਲ, ਸੁਰਿੰਦਰਪਾਲ ਸਿੰਘ ਗਰੇਵਾਲ, ਸੁਖਜਿੰਦਰ ਸਿੰਘ ਗਰੇਵਾਲ, ਹਿੰਮਤ ਸਿੰਘ ਵਾਲਾ,ਜੱਸਪਰੀਤ ਸਿੰਘ ਦਿਉਲ, ਮਹਿੰਦਰ ਸਿੰਘ, ਕੁਲਦੀਪ ਸਿੰਘ, ਮਕੰਦ ਲੂੰਬਾ, ਵਿਜੇ ਵਿੱਜ, ਰਾਧਾ ਸਿੰਘ, ਹੈਰੀ ਗਰੇਵਾਲ, ਹਰਦਿਲਦੀਪ ਸਿੰਘ, ਸਰਬੀ ਸਿੰਘ ਗਰੇਵਾਲ, ਰਵੀ ਜੀ, ਰੂਬਨ ਗਰੇਵਾਲ ਅਤੇ ਹੋਰ ਪਤਵੰਤੇ ਹਾਜ਼ਰ ਸਨ। ਮੰਗਲ ਹਠੂਰ ਵੱਲੋਂ ਅੰਤ ਵਿੱਚ ਪ੍ਰੋਗਰਾਮ ਆਯੋਜਕਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ ਤੇ ਉਸ ਦੇ ਕੀਤੇ ਮਾਣ ਸਨਮਾਨ ਨੂੰ ਉਹ ਚਿਰਾਂ ਤੱਕ ਯਾਦ ਰੱਖੇਗਾ ਤੇ ਪੰਜਾਬੀ ਸੱਭਿਆਚਾਰ ਦੀ ਸੇਵਾ ਆਪਣੇ ਗੀਤਾਂ ਸ਼ੇਅਰਾਂ ਰਾਹੀਂ ਕਰਦਾ ਰਹੇਗਾ ਦੀ ਉਸ ਵਲੋਂ ਬਚਨਵੱਧਤਾ ਲਈ ਗਈ ।

# ਅੰਬੇਡਕਰ ਮਿਸ਼ਨ ਸੁਸਾਇਟੀ ਮਨਾਏਗੀ ਧੱਮ ਚੱਕਰ ਪ੍ਰਵਰਤਨ ਦਿਵਸ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਚਰਨਦਾਸ ਸੰਧੂ ਦੀ ਪ੍ਰਧਾਨਗੀ ਹੇਠ ਇਤਿਹਾਸਿਕ ਸਥਾਨ ਅੰਬੇਡਕਰ ਭਵਨ ਵਿਖੇ ਹੋਈ। ਮੀਟਿੰਗ ਵਿੱਚ ਬਹੁਤ ਸਾਰੇ ਅਹਿਮ ਮੁੱਦਿਆਂ ਤੇ ਚਰਚਾ ਕੀਤੀ ਗਈ। ਸੁਸਾਇਟੀ ਨੇ ਹਰ ਸਾਲ ਦੀ ਤਰ੍ਹਾਂ ਧੱਮ ਚੱਕਰ ਪ੍ਰਵਰਤਨ ਦਿਵਸ 14 ਅਕਤੂਬਰ ਨੂੰ ਅੰਬੇਡਕਰ ਭਵਨ ਜਲੰਧਰ ਵਿਖੇ ਮਨਾਉਣ ਦਾ ਫੈਸਲਾ ਕੀਤਾ। ਯਾਦ ਰਹੇ, 14 ਅਕਤੂਬਰ 1956 ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਨਾਗਪੁਰ ਵਿਖੇ ਕੁਸ਼ੀਨਗਰ ਤੋਂ ਬਰਮੀ ਭਿਕਸ਼ੂ ਮਹਾਸਥਵੀਰ ਚੰਦਰਮਣੀ ਕੋਲੋਂ ਤ੍ਰਿਸ਼ਰਣ ਅਤੇ ਪੰਚਸ਼ੀਲ ਤੋਂ ਬਾਅਦ ਬੁੱਧ ਧੱਮ ਦੀ ਦੀਕਸ਼ਾ ਲਈ ਸੀ। ਬੁੱਧ ਧੱਮ ਦੀਕਸ਼ਾ ਪ੍ਰਾਪਤ ਕਰਨ ਤੋਂ ਬਾਅਦ, ਡਾ। ਅੰਬੇਡਕਰ ਨੇ ਆਪਣੇ ਲੱਖਾਂ ਪੈਰੋਕਾਰਾਂ ਨੂੰ ਬੁੱਧ ਧੱਮ ਦੀਕਸ਼ਾ ਦਿੱਤੀ ਅਤੇ 22 ਪ੍ਰਤਿਗਿਆਵਾਂ ਵੀ ਦਿੱਤੀਆਂ। 16 ਅਕਤੂਬਰ 1956 ਨੂੰ, ਡਾ. ਅੰਬੇਡਕਰ ਨੇ ਚੰਦਰਪੁਰ ਵਿਖੇ ਇੱਕ ਹੋਰ ਸਮੂਹਿਕ ਧਰਮ ਪਰਿਵਰਤਨ ਸਮਾਰੋਹ ਕੀਤਾ। ਉਨ੍ਹਾਂ ਦਾ ਵਿਚਾਰ ਸੀ ਕਿ ਹਿੰਦੂ ਧਰਮ ਵਿਚ ਅਛੂਤਾਂ ਦਾ ਕੋਈ ਭਵਿੱਖ ਨਹੀਂ ਹੈ ਅਤੇ ਲੋੜ ਪੈਣ 'ਤੇ ਉਨ੍ਹਾਂ ਨੂੰ ਆਪਣਾ ਧਰਮ ਬਦਲ ਲੈਣਾ ਚਾਹੀਦਾ ਹੈ। 1935 ਵਿੱਚ, ਉਨ੍ਹਾਂ ਨੇ ਜਨਤਕ ਤੌਰ 'ਤੇ ਐਲਾਨ ਕੀਤਾ, "ਮੈਂ ਹਿੰਦੂ ਪੈਦਾ ਹੋਇਆ ਸੀ ਕਿਉਂਕਿ ਮੇਰਾ ਇਸ ਉੱਤੇ ਕੋਈ ਕੰਟਰੋਲ ਨਹੀਂ ਸੀ ਪਰ ਮੈਂ ਹਿੰਦੂ ਨਹੀਂ ਮਰਾਂਗਾ।" 14 ਅਕਤੂਬਰ 1956 ਨੂੰ ਬਾਬਾ ਸਾਹਿਬ ਨੇ ਇਹ ਆਪਣਾ ਪ੍ਰਣ ਭਿਕਸ਼ੂ ਮਹਾਸਥਵੀਰ ਚੰਦਰਮਣੀ ਕੋਲੋਂ ਬੁੱਧ ਧੱਮ ਦੀਕਸ਼ਾ ਲੈ ਕੇ ਪੂਰਾ ਕਰ ਲਿਆ ਅਤੇ ਦੀਕਸ਼ਾ ਲੈਣ ਤੋਂ ਬਾਅਦ ਉਹਨਾਂ ਕਿਹਾ ਕਿ ਮੇਰਾ ਨਵਾਂ ਜਨਮ ਹੋਇਆ ਹੈ ਅਤੇ ਮੈਂ ਨਰਕ ਤੋਂ ਛੁਟਾ ਹਾਂ।



ਵਰਤਮਾਨ ਹਾਲਾਤਾਂ ਤੇ ਵੀ ਸੁਸਾਇਟੀ ਦੀ ਮੀਟਿੰਗ ਵਿੱਚ ਚਰਚਾ ਹੋਈ। ਮੀਟਿੰਗ ਵਿੱਚ ਸੁਸਾਇਟੀ ਦੇ ਭਾਗੀਦਾਰਾਂ ਨੇ ਕਿਹਾ ਕਿ ਦਿਨੋ ਦਿਨ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਲੋਕਾਂ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ। 2014 ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਸਰਕਾਰੀ ਸਕੂਲ ਜਿੱਥੇ ਗਰੀਬ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਬੱਚੇ ਪੜ੍ਹਦੇ ਸਨ, ਬੰਦ ਕਰ ਦਿੱਤੇ ਗਏ ਹਨ। ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਈ ਮਹਿੰਗੀ ਕਰ ਦਿੱਤੀ ਗਈ ਹੈ। ਇਹਨਾਂ ਲੋਕਾਂ ਦੇ ਪੋਸਟ ਮੈਟਰਿਕ ਸਕੋਲਰਸ਼ਿਪ ਦੇਣ ਵਿੱਚ ਕੁਤਾਹੀ ਕੀਤੀ ਜਾਂਦੀ ਹੈ ਜਿਸ ਨਾਲ ਇਸ ਸਮਾਜ ਦੇ ਬੱਚਿਆਂ ਦੀ ਸਿੱਖਿਆ ਰੁਕ ਗਈ ਹੈ। ਮੀਟਿੰਗ ਵਿੱਚ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਦਲਿਤ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵੱਧ ਤੋਂ ਵੱਧ ਸਰਕਾਰੀ ਸਕੂਲ ਖੋਲੇ ਜਾਣ, ਅਧਿਆਪਕਾਂ ਦੀ ਭਰਤੀ ਕੀਤੀ ਜਾਵੇ, ਵਿਦਿਆਰਥੀਆਂ ਨੂੰ ਪੋਸਟ ਮੈਟਰਿਕ ਸਕਾਲਰਸ਼ਿਪ ਸਮੇਂ ਸਿਰ ਦਿੱਤੇ ਜਾਣ, ਰਿਜਰਵੇਸ਼ਨ ਦਾ ਬੈਕਲੋਗ ਪੂਰਾ ਕੀਤਾ ਜਾਵੇ, ਸਫਾਈ ਕਰਮਚਾਰੀਆਂ ਦਾ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ ਅਤੇ ਇਹਨਾਂ ਕਰਮਚਾਰੀਆਂ ਦੀਆਂ ਨੌਕਰੀਆਂ ਪੱਕੀਆਂ ਕੀਤੀਆਂ ਜਾਣ ਦੇ ਨਾਲ ਨਾਲ ਇਹਨਾਂ ਦਾ ਢੁੱਕਮੀ ਰਕਮ ਦਾ ਬੀਮਾ ਸਰਕਾਰ ਵੱਲੋਂ ਕੀਤਾ ਜਾਵੇ। ਸੁਸਾਇਟੀ ਦੀ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਸਤਿਕਾਰਤ ਉੱਘੇ ਅੰਬੇਡਕਰਾਈਟ, ਅੰਬੇਡਕਰ ਭਵਨ ਟਰੱਸਟ ਦੇ ਸੀਨੀਅਰ ਟਰੱਸਟੀ ਡਾ. ਰਾਮ ਲਾਲ ਜੱਸੀ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਡਾ. ਜੱਸੀ ਦਾ ਬੀਤੀ 31 ਜੁਲਾਈ, 2024 ਨੂੰ ਨਿਧਨ ਹੋ ਗਿਆ ਸੀ। ਇਸ ਮੀਟਿੰਗ ਵਿੱਚ ਪ੍ਰੋਫੈਸਰ ਬਲਬੀਰ, ਡਾ. ਜੀਸੀ ਕੌਲ, ਡਾ. ਚਰਨਜੀਤ ਸਿੰਘ, ਸਰਬ ਸ਼੍ਰੀ ਬਲਦੇਵ ਰਾਜ ਭਾਰਦਵਾਜ, ਕਮਲਸ਼ੀਲ ਬਾਲੀ, ਮਹਿੰਦਰ ਸੰਧੂ, ਜਸਵਿੰਦਰ ਵਰਿਆਣਾ, ਪਰਮਿੰਦਰ ਸਿੰਘ ਖੁੱਤਨ, ਤਿਲਕ ਰਾਜ ਅਤੇ ਰਾਜਕੁਮਾਰ ਸ਼ਾਮਿਲ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.)ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

# ਪ੍ਰਬੁੱਧ ਭਾਰਤ ਫਾਊਂਡੇਸ਼ਨ ਵੱਲੋਂ 'ਆਧੁਨਿਕ ਭਾਰਤ ਦੇ ਨਿਰਮਾਤਾ ਡਾ. ਅੰਬੇਡਕਰ' 'ਤੇ 'ਪੁਸਤਕ ਪ੍ਰਤੀਯੋਗਤਾ' ਕਰਵਾਈ ਗਈ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਪ੍ਰਬੁੱਧ ਭਾਰਤ ਫਾਉਂਡੇਸ਼ਨ ਵਲੋਂ "ਆਧੁਨਿਕ ਭਾਰਤ ਦੇ ਨਿਰਮਾਤਾ ਡਾ. ਅੰਬੇਡਕਰ" 15ਵੀਂ ਪੁਸਤਕ ਪ੍ਰਤਿਯੋਗਤਾ ਪੂਰੇ ਪੰਜਾਬ, ਹਰਿਆਣਾ ਅਤੇ ਹੋਰ ਰਾਜਾਂ ਵਿੱਚ ਵੱਖ-ਵੱਖ ਸੈਂਟਰਾਂ 'ਤੇ ਕਰਵਾਈ ਗਈ। ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਭਾਗ ਲਿਆ। ਬੱਚਿਆਂ ਵਿੱਚ ਪੇਪਰ ਪ੍ਰਤੀ ਬੜਾ ਉਤਸ਼ਾਹ ਦੇਖਣ ਨੂੰ ਮਿਲਿਆ। ਪੇਪਰ ਦਾ ਸਮਾਂ ਇਕ ਘੰਟਾ ਸੀ ,ਜਿਸ ਵਿੱਚ 100 ਪ੍ਰਸ਼ਨ ਪੁੱਛੇ ਗਏ। ਵਿਦਿਆਰਥੀਆਂ ਨੇ ਜਵਾਬ ਵਿੱਚ ਚਾਰ ਆਪਸ਼ਨਾਂ ਵਿੱਚੋਂ ਇੱਕ ਨੂੰ ਚੁਣਨਾ ਸੀ। ਪ੍ਰੀਖਿਆ ਵਿੱਚ ਦੋ ਗਰੁੱਪ ਬਣਾਏ ਗਏ ਸਨ ,ਪਹਿਲਾ ਗਰੁੱਪ ਛੇਵੀਂ ਕਲਾਸ ਤੋਂ ਬਾਰ੍ਹਵੀਂ ਤੱਕ, ਦੂਸਰਾ ਗਰੁੱਪ ਬਾਰ੍ਹਵੀਂ ਕਲਾਸ ਤੋਂ ਬਾਅਦ ਦੀਆਂ ਕਲਾਸਾਂ ਤੋਂ 40 ਸਾਲ ਦੀ ਉਮਰ ਤੱਕ। ਸੋਫੀ ਪਿੰਡ ਬੁੱਧ ਵਿਹਾਰ ਵਿਖੇ ਵੀ ਪੁਸਤਕ ਪ੍ਰਤੀਯੋਗਤਾ ਕਰਵਾਈ ਗਈ। ਜਿਸ ਵਿੱਚ 28 ਵਿਦਿਆਰਥੀਆਂ ਨੇ ਭਾਗ ਲਿਆ। ਇਸ ਸੈਂਟਰ ਵਿੱਚ ਸੁਪਰਵਾਈਜ਼ਰ ਦੀ ਡਿਊਟੀ ਸ਼੍ਰੀ ਨਰਿੰਦਰ ਕੁਮਾਰ, ਵਿਨੋਦ ਕੁਮਾਰ, ਪ੍ਰਿੰਸੀਪਲ ਪਰਮਜੀਤ ਜੱਸਲ, ਹਰਜਿੰਦਰ ਬੰਗਾ, ਵਿਨੋਦ ਕੁਮਾਰ ਆਦਿ ਮਿਸ਼ਨਰੀ ਅਧਿਆਪਕਾਂ ਨੇ ਨਿਭਾਈ। ਇਸ ਮੌਕੇ 'ਤੇ ਬੁੱਧ ਵਿਹਾਰ ਟਰੱਸਟ ਦੇ ਜਨਰਲ ਸਕੱਤਰ ਐਡਵੋਕੇਟ ਹਰਭਜਨ ਸਾਂਪਲਾ ਜੀ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਆਪਣੇ ਰਹਿਬਰਾਂ ਬਾਰੇ ਜਾਣਕਾਰੀ ਦੇਣੀ ਹੋਵੇਗੀ ਤਾਂ ਕਿ ਉਹ ਉਨਾਂ ਤੋਂ ਸੇਧ ਲੈ ਕੇ ਉਚੇਰੀ ਪੜ੍ਹਾਈ ਕਰਨ। ਇਸ ਮੌਕੇ 'ਤੇ ਮਾਸਟਰ ਰਾਮ ਲਾਲ (ਰਿਟਾ।), ਰੂਪ ਲਾਲ ਨੰਬਰਦਾਰ, ਡਾਕਟਰ ਗੁਰਪਾਲ ਚੌਹਾਨ, ਗੁਰਮੀਤ ਲਾਲ ਸਾਂਪਲਾ, ਮੁਲਖ ਰਾਜ ਕੌਲ, ਲਹਿੰਬਰ ਰਾਮ ਬੰਗੜ, ਚਮਨ ਦਾਸ ਸਾਂਪਲਾ (ਰਿਟਾ।ਲੈਕਚਰਾਰ), ਨਰੇਸ਼ ਕੁਮਾਰ ਸਾਂਪਲਾ, ਵਿਨੋਦ ਕੁਮਾਰ, ਗੌਤਮ ਸਾਂਪਲਾ ਆਦਿ ਵੀ ਸ਼ਾਮਿਲ ਸਨ। ਸੋਫੀ ਪਿੰਡ ਤੋਂ ਇਲਾਵਾ ਜਲੰਧਰ ਦੇ ਹੋਰ ਸੈਂਟਰਾਂ ਜਿਵੇਂ ਸ਼੍ਰੀ ਗੁਰੂ ਰਵਿਦਾਸ ਧਰਮਸ਼ਾਲਾ ਮੁਹੱਲਾ ਬਲਦੇਵ ਨਗਰ, ਸ਼੍ਰੀ ਗੁਰੂ ਰਵਿਦਾਸ ਧਾਮ ਰੰਧਾਵਾ ਮਸੰਦਾਂ, ਫਲੌਰਿਟ ਪਬਲਿਕ ਸਕੂਲ ਕਾਲਾ ਬਾਹੀਆਂ, ਬਿਆਸ ਪਿੰਡ, ਸ਼੍ਰੀ ਗੁਰੂ ਰਵਿਦਾਸ ਧਾਮ ਸੰਗਲ ਸੋਹਲ, ਰਾਮ ਨਗਰ ਆਦਿ ਸੈਂਟਰਾਂ ਤੇ ਪੁਸਤਕ ਪ੍ਰਤੀਯੋਗਤਾ ਕਰਵਾਈ ਗਈ । ਯਾਦ ਰਹੇ ਕਿ ਇਸ ਪ੍ਰੀਖਿਆ ਦਾ ਨਤੀਜਾ 03 ਨਵੰਬਰ 2024 ਦਿਨ ਐਤਵਾਰ ਸਵੇਰੇ 10 ਵਜੇ ਡਾ. ਅੰਬੇਡਕਰ ਸਕੂਲ ਆਫ ਥੌਟ ਡੱਲੇਵਾਲ ਰੋਡ ਗੁਰਾਇਆ ਵਿਖੇ ਐਲਾਨਿਆ ਜਾਵੇਗਾ।



ਜਿਸ ਵਿੱਚ ਦੋਵੇਂ ਗਰੁੱਪਾਂ ਵਿੱਚ ਪਹਿਲਾ ਇਨਾਮ 50 ਹਜ਼ਾਰ ਰੁਪਏ, ਦੂਜਾ 20 ਹਜ਼ਾਰ ਰੁਪਏ ਅਤੇ ਤੀਜਾ 10 ਹਜ਼ਾਰ ਰੁਪਏ ਦਿੱਤਾ ਜਾਵੇਗਾ।

# ਅਦਾਰਾ ਪੈਗ਼ਾਮ-ਏ-ਜਗਤ ਵਲੋਂ ਸ੍ਰੀ ਜਗਤ ਰਾਮ ਜੀ ਦੀ ਯਾਦ ਵਿੱਚ ਪਹਿਲਾ ਖੂਨਦਾਨ ਅਤੇ ਅੱਖਾਂ ਦਾ ਚੈਕਅਪ ਕੈਂਪ ਲਗਾਇਆ ਗਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਅਦਾਰਾ ਪੈਗ਼ਾਮ-ਏ-ਜਗਤ ਦੀ ਪਹਿਲੀ ਵਰ੍ਹੇਗੰਢ ਮੌਕੇ ਸਤਿਕਾਰਯੋਗ ਸ੍ਰੀ ਜਗਤ ਰਾਮ ਕਿੱਤਣਾ ਦੀ ਨਿੱਘੀ ਯਾਦ ਨੂੰ ਸਮਰਪਿਤ ਪਹਿਲਾ ਸਵੈ ਇਛਕ ਖ਼ੂਨਦਾਨ ਅਤੇ ਅੱਖਾਂ ਦਾ ਚੈਕਅਪ ਕੈਂਪ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਸਾਧੋਵਾਲ ਵਿਖੇ ਲਗਾਇਆ ਗਿਆ। ਭਾਈ ਘਨੱਈਆ ਬਲੱਡ ਬੈਂਕ ਸੋਸਾਇਟੀ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਲਗਾਏ ਗਏ ਇਸ ਖ਼ੂਨਦਾਨ ਕੈਂਪ ਵਿੱਚ ਲਗਭਗ 74 ਵਿਅਕਤੀਆਂ ਨੇ ਖ਼ੂਨ ਦਾਨ ਕਰਕੇ ਪਰਉਪਕਾਰ ਦਾ ਕਾਰਜ ਕੀਤਾ । ਇਸ ਮੌਕੇ ਸੁਰਿੰਦਰ ਪਾਲ ਝੱਲ ਸਾਬਕਾ ਸਹਾਇਕ ਡਾਇਰੈਕਟਰ ਆਲ ਇੰਡੀਆ ਰੇਡੀਓ ਚੰਡੀਗੜ੍ਹ, ਦਵਿੰਦਰ ਕੁਮਾਰ ਝੱਲ ਮੁਖ ਸੰਪਾਦਕ ਪੈਗ਼ਾਮ-ਏ-ਜਗਤ ਚੰਡੀਗੜ੍ਹ, ਜੋਗਿੰਦਰ ਪਾਲ ਹੈਪੀ, ਸ਼੍ਰੀ ਰਾਮ ਪ੍ਰਕਾਸ਼, ਕਾਮਰੇਡ ਦਰਸ਼ਨ ਸਿੰਘ ਮੱਟੂ , ਬੀਬੀ ਸੁਭਾਸ਼ ਮੱਟੂ, ਡਾਕਟਰ ਪ੍ਰਿੰਸੀਪਲ ਬਿਕੱਰ ਸਿੰਘ, ਜਗਦੀਸ਼ ਰਾਏ ਮੁੱਖ ਬੁਲਾਰਾ ਪੰਜਾਬ, ਡਾਕਟਰ ਲਖਵਿੰਦਰ ਕੁਮਾਰ, ਉੱਘੇ ਸਮਾਜ ਸੇਵਕ ਗੋਲਡੀ ਬੀਹੜਾਂ, ਸਤੀਸ਼ ਕੁਮਾਰ ਸੋਨੀ ਸੰਸਥਪਕ ਪ੍ਰਧਾਨ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ, ਹੰਸ ਰਾਜ, ਰੌਕੀ ਮੋਇਲਾ, ਰਣਜੀਤ ਬੰਗਾ, ਫੂਲਾ ਸਿੰਘ ਬੀਰਮਪੁਰ, ਹਰਪ੍ਰੀਤ ਸਿੰਘ ਸਰਪੰਚ ਪਿੰਡ ਸਾਧੋਵਾਲ, ਹਰਭਜਨ ਸਿੰਘ ਸਾਬਕਾ ਸਰਪੰਚ, ਜਗਤਾਰ ਸਿੰਘ ਸਾਬਕਾ ਸਰਪੰਚ, ਤਰਸੇਮ ਲਾਲ, ਸੁਖਬੀਰ ਰਾਮ ਪੰਚ, ਚੰਨਣ ਰਾਮ ਪੰਚ, ਐਡਵੋਕੇਟ ਜਸਪ੍ਰੀਤ ਸਿੰਘ ਬਾਜਵਾ, ਹਰਨੇਕ ਬੰਗਾ, ਮਨਜਿੰਦਰ ਪੈਂਸਰਾ ਸਮੇਤ ਪਿੰਡ ਸਾਧੋਵਾਲ ਨਿਵਾਸੀ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ। ਇਸ ਮੌਕੇ ਰਾਏ ਹਸਪਤਾਲ ਗੜ੍ਹਸ਼ੰਕਰ ਦੀ ਸਮੁੱਚੀ ਟੀਮ ਵੱਲੋਂ ਡਾਕਟਰ ਝਾਅ ਆਈ ਸਪੈਸਲਿਸਟ ਦੀ ਯੋਗ ਅਗਵਾਈ ਹੇਠ ਅੱਖਾਂ ਦਾ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਗਿਆ। ਮਰੀਜ਼ਾਂ ਦਾ ਚੈੱਕ ਅਪ ਕਰਕੇ ਉਹਨਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਅੱਜ ਲਗਾਏ ਗਏ। ਇਸ ਕੈਂਪ ਵਿੱਚ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ, ਜੀਵਨ ਜਾਗਰਤੀ ਮੰਚ, ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ, ਉਪਕਾਰ ਐਜੂਕੇਸ਼ਨ ਟਰੱਸਟ ਸਮੇਤ ਸਮਾਜ ਭਲਾਈ ਦੇ ਕਾਰਜ ਕਰਦੀਆਂ ਹੋਰ ਜਥੇਬੰਦੀਆਂ ਅਤੇ ਉਨਾਂ ਦੇ ਮੈਂਬਰਾਂ ਨੇ ਵਿਸ਼ੇਸ਼ ਸਹਿਯੋਗ ਪਾਇਆ । ਇਸ ਮੌਕੇ ਗੱਲਬਾਤ ਕਰਦਿਆਂ ਨਰਿੰਦਰ ਕੁਮਾਰ ਝੱਲ ਅਤੇ ਦਵਿੰਦਰ ਕੁਮਾਰ ਝੱਲ ਚੰਡੀਗੜ੍ਹ ਨੇ ਕਿਹਾ ਕਿ ਅੱਜ ਉਨਾਂ ਨੂੰ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਇਹ ਖ਼ੂਨਦਾਨ ਕੈਂਪ ਲਗਵਾ ਕੇ ਖੁਸ਼ੀ ਮਹਿਸੂਸ ਹੋ ਰਹੀ ਹੈ । ਖ਼ੂਨਦਾਨ ਇੱਕ ਮਹਾਨ ਦਾਨ ਹੈ । ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਤਰ੍ਹਾਂ ਦੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਪਾਉਣ ਲਈ ਹਮੇਸ਼ਾ ਹੀ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਮੌਕੇ ਕਾਮਰੇਡ ਦਰਸ਼ਨ ਸਿੰਘ ਮੱਟੂ ਨੇ ਇਸ ਖ਼ੂਨਦਾਨ ਕੈਂਪ ਵਿੱਚ ਸਹਿਯੋਗ ਕਰਨ ਵਾਲੇ ਸਾਰੇ ਹੀ ਸਾਥੀਆਂ ਦਾ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਟੁੱਟ ਚੱਲਿਆ। ਖ਼ੂਨਦਾਨ ਕਰਨ ਵਾਲੇ ਸਾਰੇ ਹੀ ਸਾਥੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।




# ਸਰਕਾਰੀ ਸਕੂਲਾਂ ਵਿੱਚ ਮਿਡ ਡੇ ਮੀਲ ਦੀ ਗੁਣਵੱਤਾ ਨੂੰ ਵਧਾਉਣ ਹੈ ਪ੍ਰਤਿਯੋਗਿਤਾ ਦਾ ਉਦੇਸ਼- ਕਮਲਦੀਪ ਕੌਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੇਐਫਸੀ ਪਠਾਨਕੋਟ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ਼੍ਰੀ ਰਾਜੇਸ਼ ਕੁਮਾਰ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀ ਡੀਜੀ ਸਿੰਘ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੀਆਂ ਮਿਡ ਡੇ ਮੀਲ ਵਰਕਰਾਂ ਦੀ ਟ੍ਰੇਨਿੰਗ ਅਤੇ ਕੁਕਿੰਗ ਪ੍ਰਤਿਯੋਗਿਤਾ ਕਰਵਾਈ ਗਈ। ਇਸ ਮੌਕੇ ਰਿਸੋਰਸ ਪਰਸਨ ਫੂਡ ਸਪਲਾਈ ਅਫ਼ਸਰ ਰਮਨ ਕੁਮਾਰ, ਮਨੀ ਕਪੂਲੀਆ, ਨਿਧੀ ਮਨਹਾਸ, ਰੁਚਿਕਾ,ਪ੍ਰਿੰਸੀਪਲ ਸ਼੍ਰੀ ਸਵਤੰਤਰ ਕੁਮਾਰ, ਬੀਪੀਈਓ ਸ਼੍ਰੀ ਨਰੇਸ਼ ਪਨਿਆੜ, ਬੀਪੀਈਓ ਸ਼੍ਰੀ ਪੰਕਜ ਅਰੋੜਾ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ਼੍ਰੀ ਰਾਜੇਸ਼ ਕੁਮਾਰ ਨੇ ਮਿਡ ਡੇ ਮੀਲ ਵਰਕਰਾਂ ਨੂੰ ਖਾਣਾ ਬਣਾਉਂਦੇ ਸਮੇਂ ਫੂਡ ਸਪਲਾਈ ਵਿਭਾਗ ਦੇ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ।



ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀਮਤੀ ਕਮਲਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਡ ਡੇ ਮੀਲ ਵਰਕਰਾਂ ਦੀ ਕੁਕਿੰਗ ਪ੍ਰਤਿਯੋਗਿਤਾ ਕਰਵਾਉਣ ਦਾ ਮੁੱਖ ਮੰਤਵ ਮਿਡ ਡੇ ਮੀਲ ਦੀ ਗੁਣਵੱਤਾ ਨੂੰ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਦੇ ਨਾਲ ਨਾਲ ਪੌਸ਼ਟਿਕ ਤੇ ਸਵਾਦਿਸ਼ਟ ਭੋਜਨ ਦੇਣ ਲਈ ਵਚਨਬੱਧ ਹੈ। ਉਨ੍ਹਾਂ ਮਿਡ ਡੇ ਮੀਲ ਵਰਕਰਾਂ ਨੂੰ ਖਾਣਾ ਬਣਾਉਣ ਸਮੇਂ ਸਿਰ ਢੱਕ ਕੇ ਸਾਫ਼ ਸਫ਼ਾਈ ਰੱਖਦੇ ਹੋਏ ਫੂਡ ਸਪਲਾਈ ਵਿਭਾਗ ਦੇ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ।

ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀ ਡੀਜੀ ਸਿੰਘ ਨੇ ਮਿਡ ਡੇ ਮੀਲ ਵਰਕਰਾਂ ਦੀ ਪ੍ਰਤੀਯੋਗਤਾ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਛੋਟੇਪੁਰ ਬਲਾਕ ਪਠਾਨਕੋਟ -3 ਦੀ ਮਿਡ ਡੇ ਮੀਲ ਵਰਕਰ ਰਮਨ ਕੁਮਾਰੀ ਨੇ ਪਹਿਲਾ ਸਥਾਨ, ਸਰਕਾਰੀ ਪ੍ਰਾਇਮਰੀ ਸਕੂਲ ਘਗਰੋਲੀ ਬਲਾਕ ਧਾਰ-1 ਦੀ ਮਿਡ ਡੇ ਮੀਲ ਵਰਕਰ ਰਾਧਾ ਦੇਵੀ ਨੇ ਦੂਜਾ ਸਥਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਨਰਾਇਣਪੁਰ ਬਲਾਕ ਨਰੋਟ ਜੈਮਲ ਸਿੰਘ ਦੀ ਮਿਡ ਡੇ ਮੀਲ ਵਰਕਰ ਤ੍ਰਿਸ਼ਲਾ ਦੇਵੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਦੇ ਅੰਤ ਵਿੱਚ ਟ੍ਰੇਨਿੰਗ ਵਿੱਚ ਭਾਗ ਲੈਣ ਵਾਲੀਆਂ ਮਿਡ ਡੇ ਮੀਲ ਵਰਕਰਾਂ ਅਤੇ ਪ੍ਰਤੀਯੋਗਤਾ ਵਿੱਚ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਵਰਕਰਾਂ ਨੂੰ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਪ੍ਰਸੰਸਾ ਪੱਤਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਏਬੀਐਮ ਮਿੰਟੂ, ਰੇਖਾ ਸ਼ਰਮਾਂ,ਨੀਤੂ ਬਾਲਾ, ਰੰਜੀਤ ਮੈਹਰਾ, ਰਾਜੀਵ ਸਿੰਘ, ਤਲਵਿੰਦਰ ਸਿੰਘ, ਮੁਕੇਸ਼ ਕੁਮਾਰ, ਰੀਨਾ ਸ਼ਰਮਾ ਜ਼ਿਲ੍ਹਾ ਡਾਟਾ ਐਂਟਰੀ ਆਪਰੇਟਰ, ਵਿਕਾਸ ਮੈਹਰਾ, ਬਲਕਾਰ ਅੱਤਰੀ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਨਸ਼ਿਆਂ ਖ਼ਿਲਾਫ਼ ਚੁੱਕਿਆ ਵੱਡਾ ਕਦਮ







**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਸੇਧ ਦੇਣ ਦੇ ਮੰਤਵ ਨਾਲ ਅੱਜ ਜ਼ਿਲ੍ਹਾ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵੱਲੋਂ ਵਿਸ਼ੇਸ਼ 5 ਕਿਲੋਮੀਟਰ ਮੈਰਾਥਨ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਪੁਰਸ਼ਾਂ ਅਤੇ ਔਰਤਾਂ ਲਈ ਵੱਖ-ਵੱਖ ਮੈਰਾਥਨ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਪੁਲਿਸ ਲਾਈਨ ਗਰਾਊਂਡ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਪ੍ਰਮੁੱਖ ਸਥਾਨਾਂ ਤੋਂ ਹੁੰਦਾ ਹੋਇਆ ਵਾਪਸ ਪੁਲਿਸ ਲਾਈਨ ਗਰਾਊਂਡ ਵਿਖੇ ਸਮਾਪਤ ਹੋਇਆ। ਇਹ ਮੈਰਾਥਨ ਸਫਲਤਾਪੂਰਵਕ ਸੰਪੰਨ ਹੋਈ ਅਤੇ ਇਸ ਵਿੱਚ ਲਗਭਗ 3 ਹਜ਼ਾਰ ਪ੍ਰਤੀਯੋਗੀਆਂ ਨੇ ਭਾਗ ਲਿਆ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ, ਸੰਸਦ ਮੈਂਬਰ ਡਾ: ਰਾਜਕੁਮਾਰ ਚੱਬੇਵਾਲ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਮੈਰਾਥਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ । ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਸ਼ਾਮਚੁਰਾਸੀ ਡਾ: ਰਵਜੋਤ ਸਿੰਘ, ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ, ਡੀ।ਆਈ।ਜੀ ਜਲੰਧਰ ਰੇਂਜ ਨਵੀਨ ਸਿੰਗਲਾ, ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਮੇਅਰ ਸੁਰਿੰਦਰ ਕੁਮਾਰ, ਐਸ.ਐਸ.ਪੀ. ਸੁਰਿੰਦਰ ਲਾਂਬਾ ਵੀ ਹਾਜ਼ਰ ਸਨ। ਇਸ ਦੌਰਾਨ ਜੇਤੂਆਂ ਨੂੰ ਸਰਟੀਫਿਕੇਟ ਅਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਨਸ਼ਿਆਂ ਵਿਰੁੱਧ ਇਸ ਜਾਗਰੂਕਤਾ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਸਮਾਜ ਅਤੇ ਖਾਸ ਕਰਕੇ ਨੌਜਵਾਨ ਵਰਗ ਨੂੰ ਨਸ਼ਿਆਂ ਦੀ ਭੈੜੀ ਲਾਹਨਤ ਤੋਂ ਬਚਾਉਣ ਲਈ ਅਜਿਹੇ ਪ੍ਰੋਗਰਾਮਾਂ ਦਾ ਆਯੋਜਨ ਕਰਨਾ ਬੇਹੱਦ ਜ਼ਰੂਰੀ ਹੈ। ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਜੰਗੀ ਪੱਧਰ 'ਤੇ ਚਲਾਈ ਜਾ ਰਹੀ ਹੈ ਅਤੇ ਇਸ ਲੜਾਈ ਵਿੱਚ ਸਾਨੂੰ ਜਨਤਾ ਦੇ ਪੂਰਨ ਸਹਿਯੋਗ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਪੁਲਿਸ ਦਾ ਸਾਥ ਦੇਣ ਅਤੇ ਨਸ਼ੇ ਦੇ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਬਾਰੇ ਗੁਪਤ ਸੂਚਨਾ ਪੁਲਿਸ ਨੂੰ ਦੇਣ। ਸੰਸਦ ਮੈਂਬਰ ਡਾਕਟਰ ਰਾਜਕੁਮਾਰ ਚੱਬੇਵਾਲ ਨੇ ਇਸ ਸਮਾਗਮ ਦੇ ਆਯੋਜਨ ਲਈ ਜ਼ਿਲ੍ਹਾ ਪੁਲਿਸ ਅਤੇ ਪ੍ਰਸ਼ਾਸਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਅਜਿਹੀਆਂ ਜਾਗਰੂਕਤਾ ਮੁਹਿੰਮਾਂ ਸਾਡੇ ਸਮਾਜ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਪੰਜਾਬ ਪੁਲਿਸ ਦੀ ਸਖ਼ਤੀ ਕਾਰਨ ਹਜ਼ਾਰਾਂ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਸਜ਼ਾ ਦਾ ਅਨੁਪਾਤ ਵੀ 85 ਫੀਸਦੀ ਤੱਕ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਨਸ਼ਿਆਂ ਵਿਰੁੱਧ ਸਾਡੀ ਲੜਾਈ ਸਹੀ ਦਿਸ਼ਾ ਵੱਲ ਜਾ ਰਹੀ ਹੈ ਅਤੇ ਇਸ ਨੂੰ ਸਮਾਜ ਦੇ ਹਰ ਵਰਗ ਦੇ ਸਹਿਯੋਗ ਦੀ ਲੋੜ ਹੈ। ਡਿਪਟੀ ਸਪੀਕਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੰਦਰੁਸਤ ਪੰਜਾਬ ਦੇ ਮਿਸ਼ਨ ਨੂੰ ਲੈ ਕੇ ਅੱਗੇ ਵੱਧ ਰਹੇ ਹਨ, ਜਿਸ ਵਿੱਚ ਸਮਾਜ ਦੇ ਹਰ ਵਰਗ ਦਾ ਸਹਿਯੋਗ ਜ਼ਰੂਰੀ ਹੈ। ਨਸ਼ਾ ਮੁਕਤ ਪੰਜਾਬ ਦਾ ਸੁਪਨਾ ਤਾਂ ਹੀ ਸਾਕਾਰ ਹੋ ਸਕਦਾ ਹੈ ਜਦੋਂ ਅਸੀਂ ਸਾਰੇ ਮਿਲ ਕੇ ਇਸ ਦਿਸ਼ਾ ਵਿੱਚ ਕੰਮ ਕਰੀਏ। ਉਨ੍ਹਾਂ ਕਿਹਾ ਕਿ ਇਸ ਸਮਾਗਮ ਨੇ ਨਸ਼ਿਆਂ ਵਿਰੁੱਧ ਜਾਗਰੂਕਤਾ ਵਧਾਉਣ ਵਿੱਚ ਅਹਿਮ ਯੋਗਦਾਨ ਪਾਇਆ ਅਤੇ ਸਾਬਤ ਕਰ ਦਿੱਤਾ ਕਿ ਸਮੂਹਿਕ ਯਤਨਾਂ ਨਾਲ ਹੀ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

ਐਸਐਸਪੀ ਸੁਰਿੰਦਰ ਲਾਂਬਾ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਆਸ-ਪਾਸ ਕੋਈ ਵੀ ਨਸ਼ਾ ਵੇਚਦਾ ਹੈ ਤਾਂ ਉਹ ਹੁਸ਼ਿਆਰਪੁਰ ਪੁਲਿਸ ਡਰੱਗ ਹੈਲਪਲਾਈਨ ਨੰਬਰ 95016-60318 'ਤੇ ਇਸ ਦੀ ਸੂਚਨਾ ਦੇ ਸਕਦੇ ਹਨ। ਜਾਣਕਾਰੀ ਦੇਣ ਵਾਲੇ ਵਿਅਕਤੀ ਦਾ ਨਾਮ ਅਤੇ ਪਤਾ ਗੁਪਤਾ ਰੱਖਿਆ ਜਾਵੇਗਾ। ਇਸ ਮੌਕੇ ਏ।ਆਈ।ਜੀ ਨਰੇਸ਼ ਡੋਗਰਾ, ਐਸ।ਪੀ ਮਨੋਜ ਠਾਕੁਰ, ਐਸ।ਪੀ ਸਰਬਜੀਤ ਸਿੰਘ ਬਾਹੀਆ, ਸੋਨਾਲੀਕਾ ਤੋਂ ਅਕਸ਼ੈ ਸਾਂਗਵਾਨ, ਵਰਧਮਾਨ ਗਰੁੱਪ ਤੋਂ ਜਤਿੰਦਰਪਾਲ ਸਿੰਘ, ਸਮਾਜ ਸੇਵੀ ਪਰਮਜੀਤ ਸਿੰਘ ਸਚਦੇਵਾ, ਪੰਜਾਬ ਗਊ ਸੇਵਾ ਕਮਿਸ਼ਨ ਦੇ ਮੈਂਬਰ ਜਸਪਾਲ ਸਿੰਘ ਚੇਚੀ, ਐਸ.ਡੀ.ਐਮ. ਸੰਜੀਵ ਸ਼ਰਮਾ, ਡੀ।ਐਸ।ਪੀ। ਵਿਜੀਲੈਂਸ ਮਨੀਸ਼ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਸਿਵਲ ਸਰਜਨ ਡਾ: ਪਵਨ ਕੁਮਾਰ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੀਤ ਕੋਹਲੀ ਸਮੇਤ ਹੋਰ ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ ।

### ਮੈਰਾਥਨ ਦਾ ਨਤੀਜਾ

ਐਸਐਸਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਮੈਰਾਥਨ ਵਿੱਚ ਦਸੂਹਾ ਦਾ ਹਰਜੋਧਵੀਰ ਸਿੰਘ, ਫਿਰੋਜ਼ਪੁਰ ਦਾ ਲਵਪ੍ਰੀਤ ਸਿੰਘ ਅਤੇ ਸੰਗਰੂਰ ਦਾ ਪ੍ਰਭਜੋਤ ਸਿੰਘ ਪਹਿਲੇ ਸਥਾਨ 'ਤੇ ਰਿਹਾ। ਇਨ੍ਹਾਂ ਤਿੰਨਾਂ ਖਿਡਾਰੀਆਂ ਨੂੰ 5100 ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਰਿੱਕੂ, ਫਾਜ਼ਿਲਕਾ ਦਾ ਸੁਖਵਿੰਦਰ ਸਿੰਘ, ਟਾਂਡਾ ਦਾ ਲਕਸ਼ਦੀਪ ਸਿੰਘ, ਜਲੰਧਰ ਦਾ ਸ਼ਮਸ਼ੇਰ ਸਿੰਘ ਅਤੇ ਤਰਨਤਾਰਨ ਦਾ ਅੰਮ੍ਰਿਤਪਾਲ ਸਿੰਘ ਦੂਜੇ ਸਥਾਨ 'ਤੇ ਰਿਹਾ। ਇਨ੍ਹਾਂ ਪੰਜ ਖਿਡਾਰੀਆਂ ਨੂੰ 3100 ਰੁਪਏ ਨਕਦ ਇਨਾਮ ਵਜੋਂ ਦਿੱਤੇ ਗਏ। ਹੁਸ਼ਿਆਰਪੁਰ ਦੇ ਅਰੁਣ ਪਹਿਲੇ, ਫਾਜ਼ਿਲਕਾ ਦੇ ਕੁਲਦੀਪ, ਅੰਮ੍ਰਿਤਸਰ ਦੇ ਗਗਨਦੀਪ ਸਿੰਘ, ਬਟਾਲਾ ਦੇ ਸ਼ੁਭਮ, ਐਸ.ਬੀ.ਐਸ. ਨਗਰ ਦੇ ਨੀਰਜ, ਟਾਂਡਾ ਦੇ ਜਤਿੰਦਰ ਸਿੰਘ, ਹੁਸ਼ਿਆਰਪੁਰ ਦੇ ਮੋਹਿਤ, ਪਠਾਨਕੋਟ ਦੇ ਹਰਸ਼ਦੀਪ ਸਿੰਘ, ਪਠਾਨਕੋਟ ਦੇ ਵੰਸ਼ ਅਤੇ ਬਟਾਲਾ ਦਾ ਭਰਤ ਤੀਜੇ ਸਥਾਨ 'ਤੇ ਰਿਹਾ।

ਇਨ੍ਹਾਂ ਦਸ ਖਿਡਾਰੀਆਂ ਨੂੰ 1100 ਰੁਪਏ ਨਕਦ ਇਨਾਮ ਵਜੋਂ ਦਿੱਤੇ ਗਏ। ਇਸੇ ਤਰ੍ਹਾਂ ਲੜਕੀਆਂ ਵਿੱਚੋਂ ਦਸੂਹਾ ਦੀ ਮਨਦੀਪ ਕੌਰ ਪਹਿਲੇ ਸਥਾਨ 'ਤੇ ਰਹੀ। ਉਨ੍ਹਾਂ ਨੂੰ 5100 ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਦੂਜੇ ਸਥਾਨ 'ਤੇ ਰਹੀ ਅਮਨਦੀਪ ਕੌਰ ਅਤੇ ਦਸੂਹਾ ਦੀ ਪੂਜਾ ਨੂੰ 3100 ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਇਸੇ ਤਰ੍ਹਾਂ ਐਸ.ਬੀ.ਐਸ. ਨਗਰ ਦੀ ਇੰਦਰਜੋਤ ਕੌਰ ਪਹਿਲੇ, ਦਸੂਹਾ ਦੀ ਜਸਪ੍ਰੀਤ ਕੌਰ ਪਹਿਲੇ, ਜੀਆ, ਅਨੰਨਿਆ ਅਤੇ ਫਾਜ਼ਿਲਕਾ ਦੀ ਸੁਖਵਿੰਦਰ ਕੌਰ ਤੀਜੇ ਸਥਾਨ 'ਤੇ ਰਹੀ। ਇਨ੍ਹਾਂ ਪੰਜ ਖਿਡਾਰੀਆਂ ਨੂੰ 1100 ਰੁਪਏ ਦਾ ਨਕਦ ਇਨਾਮ ਦਿੱਤਾ ਗਿਆ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਭਗਵੰਤ ਮਾਨ ਦੇ ਲਾਰਿਆਂ ਦੀ ਪੰਡ ਫੂਕ ਕੇ ਗੜ੍ਹਸ਼ੰਕਰ ਵਿਖੇ ਕੀਤਾ ਰੋਸ ਪ੍ਰਦਰਸ਼ਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਹੱਲ ਨਾ ਕਰਨ ਅਤੇ ਮੁੱਖ ਮੰਤਰੀ ਵਲੋਂ ਲਗਾਤਾਰ ਚੌਥੀ ਵਾਰ ਸਮਾਂ ਦੇ ਕੇ ਮੀਟਿੰਗ ਤੋਂ ਭੱਜਣ ਦੇ ਵਿਰੋਧ ਵਿੱਚ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋ ਮਿਤੀ 22, 23 ਅਤੇ 24 ਅਗਸਤ ਨੂੰ ਮੁੱਖ ਮੰਤਰੀ ਪੁਤਲੇ ਅਤੇ ਲਾਰਿਆਂ ਦੀ ਪੰਡ ਫੂਕਣ ਦੇ ਦਿਤੇ ਸੱਦੇ ਅਨੁਸਾਰ ਬਲਾਕ ਗੜ੍ਹਸ਼ੰਕਰ ਦੇ ਵੱਡੀ ਗਿਣਤੀ ਵਿਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਮੱਖਣ ਸਿੰਘ ਵਾਹਿਦ ਪੁਰੀ, ਅਮਰੀਕ ਸਿੰਘ, ਸ਼ਾਮ ਸੁੰਦਰ ਕਪੂਰ, ਸਰੂਪ ਚੰਦ, ਸੁਖਦੇਵ ਡਾਨਸੀਵਾਲ, ਅਸ਼ਵਨੀ ਰਾਣਾ ਤੇ ਸੰਦੀਪ ਗਿੱਲ ਦੀ ਅਗਵਾਈ ਵਿੱਚ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਰੋਹ ਭਰਪੂਰ ਰੈਲੀ ਕੀਤੀ ਗਈ। ਸਰਕਾਰ ਵਿਰੁੱਧ ਨਾਅਰੇ ਬਾਜ਼ੀ ਕਰਦਿਆਂ ਬਜ਼ਾਰਾਂ ਵਿਚ ਰੋਸ ਮਾਰਚ ਕੀਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਦੀ ਝੂਠੇ ਲਾਰਿਆਂ ਦੀ ਪੰਡ ਫੂਕੀ ਗਈ। ਇਸ ਸਮੇਂ ਬੁਲਾਰਿਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਚੌਥੀ ਵਾਰ ਮੀਟਿੰਗ ਅਤੇ ਗੱਲਬਾਤ ਤੋਂ ਭੱਜ ਕੇ ਪੰਜਾਬ ਦਾ ਸਭ ਤੋਂ ਝੂਠਾ ਅਤੇ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਮੁੱਖ ਮੰਤਰੀ ਹੋਣ ਦਾ ਸਬੂਤ ਦੇ ਦਿੱਤਾ ਹੈ। ਸੱਤਾ ਵਿਚ ਆਉਣ ਤੋਂ ਪਹਿਲਾਂ ਮੁੱਖ ਮੰਤਰੀ ਅਤੇ ਉਸਦੇ ਸਾਥੀ ਮੁਲਾਜ਼ਮ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਜਾਇਜ਼ ਦੱਸਦੇ ਸਨ ਤੇ ਸੱਤਾ ਵਿਚ ਆਉਣ ਸਾਰ ਸਾਰੀਆਂ ਮੰਗਾਂ ਨੂੰ ਪੂਰਾ ਕਰਨ ਦਾ ਦਾਅਵਾ ਵੀ ਕਰਦੇ ਸਨ। ਪਰ ਸੱਤਾ ਪ੍ਰਾਪਤ ਹੁੰਦੇ ਹੀ ਮੁੱਖ ਮੰਤਰੀ ਅਤੇ ਉਸਦੇ ਸਾਥੀਆਂ ਨੂੰ ਇਹ ਮੰਗਾਂ ਵਿਸਰ ਗਈਆਂ ਅਤੇ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ਼ ਮਤਰੇਈ ਮਾਂ ਵਾਲਾ ਸਲੂਕ ਸ਼ੁਰੂ ਕਰ ਦਿੱਤਾ। ਜਿਸ ਨੂੰ ਮੁਲਾਜ਼ਮ ਤੇ ਪੈਨਸ਼ਨਰ ਫਰੰਟ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗਾ। ਫਰੰਟ ਆਪਣਾ ਸੰਘਰਸ਼




ਲਗਾਤਾਰ ਜਾਰੀ ਰੱਖੇਗਾ ਅਤੇ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰ ਘਰ-ਘਰ ਜਾ ਕੇ ਆਪ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਭਾਂਡਾ ਭੰਨਣਗੇ ਅਤੇ ਸਰਕਾਰ ਦੀ ਅਸਲੀਅਤ ਜ਼ਾਹਿਰ ਕਰਨਗੇ। ਇਸ ਸਮੇਂ ਮੰਗ ਕੀਤੀ ਗਈ ਕਿ ਹਰ ਤਰ੍ਹਾਂ ਦੇ ਕੱਚੇ, ਠੇਕਾ ਅਤੇ ਆਊਟਸੋਰਸ ਕਰਮਚਾਰੀ ਰੈਗੂਲਰ ਸਕੇਲ ਵਿਚ ਪੱਕੇ ਕੀਤੇ ਜਾਣ। ਪੁਰਾਣੀ ਪੈਨਸ਼ਨ ਤੁਰੰਤ ਬਹਾਲ ਕੀਤੀ ਜਾਵੇ, ਕੱਟੇ ਭੱਤੇ ਬਹਾਲ ਕੀਤੇ ਜਾਣ, ਪੇ ਕਮਿਸ਼ਨ ਦੀ ਰਿਪੋਰਟ ਸੋਧ ਕੇ ਲਾਗੂ ਕੀਤੀ ਜਾਵੇ, ਮਾਣ ਭੱਤਾ ਵਰਕਰਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਥੱਲੇ ਲਿਆਂਦਾ ਜਾਵੇ। ਡੀ।ਏ।ਦੀਆਂ ਬਕਾਇਆ ਕਿਸ਼ਤਾਂ ਨਕਦ ਦਿੱਤੀਆ ਜਾਣ, ਪੈਨਸ਼ਨਰਾਂ ਉੱਤੇ 2.59 ਗੁਣਾਂਕ ਲਾਗੂ ਕੀਤਾ ਜਾਵੇ, ਖਾਲੀ ਪਈਆਂ ਅਸਾਮੀਆ ਤੁਰੰਤ ਭਰੀਆਂ ਜਾਣ, ਨਿੱਜੀਕਰਨ ਬੰਦ ਕੀਤਾ ਜਾਵੇ, ਸਾਰੇ ਵਿਭਾਗਾਂ ਵਿਚ ਨਿਯਮਾਂ ਅਨੁਸਾਰ ਪ੍ਰਮੋਸ਼ਨਾਂ ਤੁਰੰਤ ਕੀਤੀਆਂ ਜਾਣ। ਇਸ ਸਮੇਂ ਦੇਸ਼ ਵਿਚ ਔਰਤਾਂ ਦੀ ਬੇਪਤੀ ਦੀਆਂ ਲਗਾਤਾਰ ਵੱਧ ਰਹੀ ਘਟਨਾਵਾਂ ਤੇ ਜ਼ਬਰਦਸਤ ਰੋਸ ਦਾ ਇਜ਼ਹਾਰ ਕਰਦਿਆਂ ਇਹਨਾਂ ਘਟਨਾਵਾਂ ਲਈ ਜ਼ਿੰਮੇਵਾਰ ਤੱਤਾਂ ਨੂੰ ਜਲਦ ਤੋਂ ਜਲਦ ਸਖ਼ਤ ਤੇ ਮਿਸਾਲੀ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ ਤੇ ਨਾਲ ਹੀ ਪ੍ਰਸ਼ਾਸਨ ਵਲੋਂ ਇਹਨਾਂ ਘਟਨਾਵਾਂ ਪ੍ਰਤੀ ਦਿਖਾਈ ਗ਼ੈਰ ਜ਼ਿੰਮੇਵਾਰੀ ਦੀ ਵੀ ਸਖ਼ਤ ਨਿਖੇਧੀ ਕੀਤੀ ਗਈ। ਭਗਵੰਤ ਮਾਨ ਸਰਕਾਰ ਵਲੋਂ 8 ਸਰਕਾਰੀ ਕਾਲਜਾਂ ਨੂੰ ਪ੍ਰਾਈਵੇਟ ਕਰਨ ਦੇ ਕਦਮ ਵੀ ਸਖ਼ਤ ਆਲੋਚਨਾ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਮੁਲਾਜ਼ਮਾਂ, ਪੈਨਸ਼ਨਰਾਂ, ਮਜ਼ਦੂਰਾਂ, ਕਿਸਾਨਾਂ ਤੇ ਆਮ ਲੋਕਾਂ ਨੂੰ ਸਰਕਾਰਾਂ ਵਿਰੁੱਧ ਜ਼ਬਰਦਸਤ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਗਿਆ।ਇਸ ਸਮੇਂ ਜੀਤ ਸਿੰਘ ਬਾਗਵਾਈ, ਰਾਜ ਕੁਮਾਰ, ਹਰਦੀਪ ਕੁਮਾਰ, ਦਵਿੰਦਰ ਕੁਮਾਰ, ਰਾਮਜੀ ਦਾਸ ਚੌਹਾਨ, ਨਰੇਸ਼ ਕੁਮਾਰ ਧੀਮਾਨ, ਅਜੇ ਰਾਣਾ, ਮਨੋਜ ਕੁਮਾਰ, ਰਾਕੇਸ਼ ਚੱਢਾ, ਹੁਸ਼ਿਆਰ ਸਿੰਘ, ਬਲਵਿੰਦਰ ਸਿੰਘ, ਹੈਡਮਾਸਟਰ ਸੰਦੀਪ ਕੁਮਾਰ, ਨਿਤਿਨ ਸੁਮਨ, ਪਰਜਿੰਦਰ ਸਿੰਘ, ਕਮਲ ਦੇਵ, ਹੰਸ ਰਾਜ, ਜਗਦੀਸ਼ ਰਾਏ, ਜੋਗਾ ਰਾਮ, ਪਰਮਾ ਨੰਦ, ਗੋਪਾਲ ਦਾਸ, ਵਿਨੋਦ ਕੁਮਾਰ, ਜਗਦੀਸ਼ ਲਾਲ, ਗੁਰਨਾਮ ਸਿੰਘ ਹਾਜੀਪੁਰ, ਜੋਗਿੰਦਰ ਸਿੰਘ, ਰਮਨ ਕੁਮਾਰ, ਸਤੀਸ਼ ਕੁਮਾਰ, ਪਰਦੀਪ ਗੁਰੂ, ਰੂਪ ਲਾਲ, ਨਰੇਸ਼ ਬੱਗਾ, ਹਰਜਿੰਦਰ ਸੂਨੀ, ਪਵਨ ਕੁਮਾਰ ਗੜ੍ਹੀ, ਪਰਮਜੀਤ ਕੌਰ, ਆਰਤੀ ਚੰਦੇਲ, ਸੁਖਪ੍ਰੀਤ ਕੌਰ, ਭਾਗ ਸਿੰਘ, ਬਲਕਾਰ ਸਿੰਘ, ਜਗਦੀਪ ਕੁਮਾਰ, ਦਲਵਿੰਦਰ ਸਿੰਘ, ਗੋਪਾਲ ਦਾਸ, ਰਤਨ ਸਿੰਘ, ਸੁਰਿੰਦਰ ਮਹਿੰਦਵਾਣੀ, ਬਲਪ੍ਰੀਤ ਸਿੰਘ, ਜਰਨੈਲ ਡਘਾਮ, ਜੋਗਿੰਦਰ ਸਿੰਘ, ਨਿਰੰਜਨ ਜੋਤ ਸਿੰਘ, ਗੁਰਨੀਤ ਵਾਹਿਦਪੁਰੀ ਤੇ ਸਤਪਾਲ ਸਮੇਤ ਸੈਂਕੜੇ ਸਾਥੀ ਹਾਜ਼ਿਰ ਸਨ।

# ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦੀ ਮੀਟਿੰਗ ਚੇਅਰਮੈਨ ਸਰੂਪ ਸਿੰਘ ਖਲਵਾੜਾ ਅਤੇ ਪ੍ਰਧਾਨ ਬਹਾਦਰ ਸਿੰਘ ਸੰਗਤਪੁਰ ਦੀ ਅਗਵਾਈ ਹੇਠ ਹੋਈ



**ਫਗਵਾੜਾ (ਬੀ.ਕੇ. ਰੱਤੂ)** ਪਬਲਿਕ ਸੇਵਾ ਡੈਮੋਕ੍ਰੇ-ਟਿਕ ਫਰੰਟ ਦੀ ਜਨਰਲ ਮੀਟਿੰਗ ਜੱਥੇਬੰਦੀ ਦੇ ਚੇਅਰਮੈਨ ਜਥੇਦਾਰ ਸਰੂਪ ਸਿੰਘ ਖਲਵਾੜਾ ਅਤੇ ਪ੍ਰਧਾਨ ਜੱਥੇਦਾਰ ਬਹਾਦਰ ਸਿੰਘ ਸੰਗਤਪੁਰ ਦੀ ਸਾਂਝੀ ਅਗਵਾਈ ਹੇਠ ਗੁਰਦੁਆਰਾ ਅਕਾਲੀਆਂ ਬੰਗਾ ਰੋਡ ਫਗਵਾੜਾ ਵਿਖੇ ਹੋਈ। ਇਸ ਦੌਰਾਨ ਅਧਿਆਪਕ ਦਿਵਸ ਮੌਕੇ ਸੇਵਾ ਪ੍ਰਤੀ ਸਮਰਪਿਤ ਰਹੇ ਅਧਿਆਪਕਾਂ ਨੂੰ ਸਨਮਾਨਤ ਕਰਨ ਬਾਰੇ ਸਹਿਮਤੀ ਪ੍ਰਗਟਾਈ ਗਈ। ਮੀਟਿੰਗ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਸਰੂਪ ਸਿੰਘ ਖਲਵਾੜਾ ਅਤੇ ਪ੍ਰਧਾਨ ਬਹਾਦਰ ਸਿੰਘ ਸੰਗਤਪੁਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਜਿੱਥੇ ਅਧਿਆਪਕਾਂ ਦੇ ਸਨਮਾਨ ਸਮਾਗਮ ਸਬੰਧੀ ਮਤਾ ਪਾਇਆ ਗਿਆ, ਉੱਥੇ ਹੀ ਬੰਗਾਲ 'ਚ ਆਰਜੀ ਲੇਡੀ ਡਾਕਟਰ ਦੇ ਰੇਪ ਤੋਂ ਬਾਅਦ ਕਤਲ ਅਤੇ ਮਹਾਰਾਸ਼ਟਰ ਵਿਖੇ ਬੱਚੀਆਂ ਪ੍ਰਤੀ ਅਪਰਾਧ ਦੀਆਂ ਸਾਹਮਣੇ ਆਈਆਂ ਘਟਨਾਵਾ ਦੀ ਸਖ਼ਤ ਸ਼ਬਦਾਂ ਵਿਚ ਨਖੇਦੀ ਕਰਦਿਆਂ ਅਜਿਹੇ ਘਿਨਾਉਣੇ ਅਪਰਾਧਾਂ ਨੂੰ ਰੋਕਣ ਲਈ ਸਖਤ ਕਾਨੂੰਨ ਬਨਾਉਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵਲੋਂ ਵਹੀਕਲਾਂ 'ਤੇ ਲਗਾਏ ਜਾ ਰਹੇ ਗਰੀਨ ਟੈਕਸ ਅਤੇ ਕੇਂਦਰ ਦੇ ਨਵੇਂ ਕਿਰਤੀ ਕਾਨੂੰਨਾਂ ਦਾ ਵਿਰੋਧ ਕਰਦੇ ਹੋਏ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ।

ਮੀਟਿੰਗ ਦੌਰਾਨ ਹਾਜਰ ਰਹੇ ਸਮੂਹ ਮੈਂਬਰਾਂ ਨੇ ਸਿਆਸੀ ਰੰਜਿਸ਼ ਤਹਿਤ ਰੱਦ ਕੀਤੇ ਨੀਲੇ ਕਾਰਡ ਮੁੜ ਬਹਾਲ ਕਰਨ ਅਤੇ ਲੋੜਵੰਦਾਂ ਦੇ ਨਵੇਂ ਸਮਾਰਟ ਨੀਲੇ ਕਾਰਡ ਬਨਾਉਣ ਦੀ ਮੰਗ ਵੀ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ਤੋਂ ਕੀਤੀ। ਅਹੁਦੇਦਾਰਾਂ ਨੇ ਦੱਸਿਆ ਕਿ ਇਹਨਾਂ ਮੰਗਾਂ ਸਬੰਧੀ ਜਲਦੀ ਹੀ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਂ ਮੰਗ ਪੱਤਰ ਵੀ ਐਸ.ਡੀ.ਐਮ. ਫਗਵਾੜਾ ਨੂੰ ਦਿੱਤੇ ਜਾਣਗੇ। ਇਸ ਮੌਕੇ ਪਰਮਿੰਦਰ ਸਿੰਘ ਜੰਡੂ, ਮਧੁਸੂਦਨ ਸਿੰਘ ਸੰਘਾ, ਡਾ. ਅਸ਼ੋਕ ਕੁਮਾਰ ਭਾਟੀਆ, ਮਾਸਟਰ ਹਰਬੰਸ ਬਾਲੂ, ਮਾਸਟਰ ਹੰਸਰਾਜ ਬੰਗੜ, ਮਾਸਟਰ ਰਾਮ ਲੁਭਾਇਆ, ਪ੍ਰਕਾਸ਼ ਸਿੰਘ ਰਾਣੀਪੁਰ, ਆਰ.ਐਲ. ਜੱਸੀ, ਗੁਲਜਾਰ ਸਿੰਘ ਸਾਬਕਾ ਸਰਪੰਚ ਅਕਾਲਗੜ੍ਹ, ਸੁਖਬੀਰ ਸਿੰਘ ਕਿੰਨੜਾ, ਹਰਨੇਕ ਸਿੰਘ ਹਰਦਾਸਪੁਰ, ਸੁੱਚਾ ਸਿੰਘ ਬਿਸ਼ਨਪੁਰ, ਪ੍ਰੇਮ ਸਿੰਘ ਤੀਰ, ਜਸਪਾਲ ਸਿੰਘ ਦਿਲ, ਸਤਨਾਮ ਸਿੰਘ ਜਗਤਪੁਰ ਜੱਟਾਂ, ਰਸ਼ਪਾਲ ਸਿੰਘ ਪੀਪਾਰੰਗੀ, ਮਾਸਟਰ ਕੇਵਲ ਸਿੰਘ ਅਤੇ ਕੁਲਦੀਪ ਸਿੰਘ ਸਮਰਾ ਆਦਿ ਅਹੁਦੇਦਾਰ ਤੇ ਮੈਂਬਰ ਹਾਜਰ ਸਨ।

# ਇੰਸਪੈਕਟਰ ਅਮਨਦੀਪ ਨਾਹਰ ਨੇ ਸੰਭਾਲਿਆ ਥਾਣਾ ਸਦਰ ਦਾ ਚਾਰਜ



ਫਗਵਾੜਾ (ਬੀ.ਕੇ. ਰੱਤੂ) ਪੁਲਿਸ ਮਹਿਕਮੇ 'ਚ ਬੇਹਤਰੀਨ ਕਾਰਗੁਜ਼ਾਰੀ ਕਰ ਮੁੱਖ ਮੰਤਰੀ ਪੰਜਾਬ ਤੋਂ ਥਾਪੜਾ ਹਾਸਿਲ ਕਰਨ ਵਾਲੇ ਇਮਾਨਦਾਰ ਅਤੇ ਦੱਬਗ ਪੁਲਿਸ ਅਫਸਰ ਇੰਸਪੈਕਟਰ ਅਮਨਦੀਪ ਨਾਹਰ ਨੇ ਥਾਣਾ ਸਦਰ ਦਾ ਚਾਰਜ ਸੰਭਾਲਿਆ। ਇੱਥੇ ਵਰਨਣਯੋਗ ਹੈ ਕਿ ਇੰਸਪੈਕਟਰ ਅਮਨਦੀਪ ਨਾਹਰ ਸਿਟੀ ਥਾਣਾ ਫਗਵਾੜਾ ਵਿਖੇ ਵੀ ਅਪਣੀਆ ਚੰਗੀਆ ਸੇਵਾਵਾਂ ਕਾਰਨ ਅਕਸਰ ਚਰਚਾ ਚ ਰਹੇ ਹਨ। ਵਿਸ਼ੇਸ਼ ਮੁਲਾਕਾਤ ਦੌਰਾਨ ਉਨ੍ਹਾਂ ਦੱਸਿਆ ਕਿ ਮਾਣਯੋਗ ਡੀ.ਜੀ.ਪੀ. ਪੰਜਾਬ ਸ੍ਰੀ ਗੋਰਵ ਯਾਦਵ ਅਤੇ ਐਸ.ਐਸ.ਪੀ. ਸ੍ਰੀਮਤੀ ਵਤਸਲਾ ਗੁਪਤਾ ਦੀਆਂ ਸਖ਼ਤ ਹਦਾਇਤਾਂ ਅਨੁਸਾਰ ਮਾੜੇ ਅਨਸਰਾਂ ਨੂੰ ਸਖ਼ਤ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਅਪਣੇ ਮਾੜੇ ਕੰਮ ਛੱਡ ਦੇਣ ਉਨ੍ਹਾਂ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਸ਼ਹਿਰ ਵਿੱਚੋਂ ਨਸ਼ਾ ਵੇਚਣ ਤੇ ਨਸ਼ਾ ਕਰਨ ਵਾਲੇ ਬੰਦ ਕਰ ਦੇਣ, ਨਹੀਂ ਤਾਂ ਕਿਸੇ ਕੀਮਤ ਤੇ ਬਖਸ਼ੇ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਕਿਸੇ ਬਿਨਾਂ ਨੰਬਰੀ ਪਲੇਟਾਂ ਤੋਂ ਚੱਲਣ ਵਾਲੇ ਸਕੂਟਰ ਮੋਟਰ ਸਾਈਕਲ, ਕਾਰਾਂ, ਜੀਪਾਂ ਆਟੋ ਆਪਣੇ ਕਾਗ਼ਜ਼ ਪੱਤਰ ਪੂਰੇ ਰੱਖਣ ਤੇ ਨਾਲ-ਨਾਲ ਉਨ੍ਹਾਂ ਨੇ ਕਿਹਾ ਗੁੰਡਾਗਰਦੀ ਨਹੀਂ ਕਰਨ ਦਿੱਤੀ ਜਾਵੇਗੀ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਮਾੜੇ ਅਨਸਰ ਬਾਰੇ ਪਤਾ ਲੱਗਦਾ ਤਾਂ ਤਰੁੰਤ ਪੁਲਿਸ ਨੂੰ ਸੂਚਨਾ ਦਿੱਤੀ ਜਾਵੇ ਉਨ੍ਹਾ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਭਾਈਚਾਰਕ ਸਾਂਝ ਬਣਾਈ ਰੱਖਣ ਤੇ ਜੇ ਕਿਸੇ ਵੀ ਸ਼ਹਿਰ ਵਾਸੀ ਕਿਸੇ ਮਾੜੇ ਅਨਸਰ ਬਾਰੇ ਪਤਾ ਲੱਗਦਾ ਤਾਂ ਤੁਰੰਤ ਪੁਲਸ ਨੂੰ ਸੂਚਨਾ ਦਿਓ ਤੇ ਪੁਲਸ ਉਸ ਦਾ ਨਾਂਅ ਗੁਪਤ ਰਖੇਗੀ।

# ਬਸਪਾ ਵੱਲੋਂ ਅਮਰਜੀਤ ਸਿੰਘ ਨੰਗਲ ਨੂੰ ਹਲਕਾ ਕਰਤਾਰਪੁਰ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ





ਬਹੁਜਨ ਸਮਾਜ ਪਾਰਟੀ ਦੇ ਬਹੁਤ ਮਿਹਨਤੀ ਅਤੇ ਜੁਝਾਰੂ ਸਾਥੀ ਪਿੰਡ ਨੰਗਲ ਅਰਾਈਆਂ ਭੋਗਪੁਰ ਦੇ ਵਸਨੀਕ ਅਮਰਜੀਤ ਸਿੰਘ ਨੰਗਲ ਨੂੰ ਬਸਪਾ ਵੱਲੋਂ ਹਲਕਾ ਕਰਤਾਰਪੁਰ ਦਾ ਪ੍ਰਧਾਨ ਲਗਾਇਆ ਗਿਆ। ਪਹਿਲਾਂ ਪ੍ਰਧਾਨ ਰਹੇ ਸ਼ਾਦੀ ਲਾਲ ਨੂੰ ਜ਼ਿਲ੍ਹਾ ਕਮੇਟੀ ਵਿੱਚ ਲੈ ਕੇ ਜ਼ਿਲ੍ਹਾ ਦਿਹਾਤੀ ਦਾ ਸਕੱਤਰ ਲਗਾਇਆ ਗਿਆ ਹੈ। ਇਸਦੀ ਜਾਣਕਾਰੀ ਦਿੰਦਿਆਂ ਬਸਪਾ ਸੂਬਾ ਜਨਰਲ ਸਕੱਤਰ ਤੇ ਲੋਕ ਸਭਾ ਜਲੰਧਰ ਦੇ ਇੰਚਾਰਜ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਇਨ੍ਹਾਂ ਤੋਂ ਇਲਾਵਾ ਗਿਆਨ ਚੰਦ ਕਰਤਾਰਪੁਰ ਨੂੰ ਹਲਕੇ ਦਾ ਜਨਰਲ ਸਕੱਤਰ, ਮੁੰਨੀ ਲਾਲ ਭਗਵਾਨਪੁਰ ਨੂੰ ਜਲੰਧਰ ਦਿਹਾਤੀ ਦਾ ਕੈਸ਼ੀਅਰ, ਸੋਹਣ ਕੁਰਾਲਾ ਨੂੰ ਹਲਕੇ ਦਾ ਸਕੱਤਰ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬਾਕੀ ਵਰਕਰਾਂ ਨੂੰ ਵੀ ਆਉਣ ਵਾਲੇ ਦਿਨਾਂ ਵਿੱਚ ਸੰਗਠਨ ਵਿੱਚ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਬਸਪਾ ਦੇ ਜਲੰਧਰ ਦਿਹਾਤੀ ਦੇ ਪ੍ਰਧਾਨ ਜਗਦੀਸ਼ ਸ਼ੇਰਪੁਰੀ, ਕਮਲ ਬਾਦਸ਼ਾਹਪੁਰ, ਪ੍ਰਭਜਿੰਦਰ ਸਿੰਘ ਪੱਤੜ, ਹਰੀਸ਼ ਮੰਨਣ, ਅਮਰਜੀਤ ਬਿਨਪਾਲਕੇ, ਪਰਮਜੀਤ ਸਿੰਘ ਮੰਨਣ, ਸ਼ਾਮ ਕਟਾਰੀਆ, ਹੈਰੀ ਧੋਗੜੀ, ਜੋਗਿੰਦਰ ਸਿੰਘ ਜੰਡੂਸਿੰਘਾ, ਮਾਣਕ ਬੁਲੰਦਪੁਰ ਅਤੇ ਹੋਰ ਸਾਥੀ ਮੌਜੂਦ ਸਨ।

# ਸੀ.ਐਚ.ਸੀ ਹਾਰਟਾ ਬਡਲਾ ਜਿਲਾ ਹੁਸ਼ਿਆਰਪੁਰ ਵਿੱਚ ਮਹਿਲਾ ਮੈਡੀਕਲ ਸਟਾਫ਼ ਨਾਲ ਹੋਈ ਹਿੰਸਾ ਦੀ ਨਿਖੇਧੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਾਕਟਰਾਂ ਦੀ ਐਸੋਸੀਏਸ਼ਨ, ਪੀਸੀਐਮਐਸਏ ਹੁਸ਼ਿਆਰਪੁਰ ਨੇ 25 ਅਗਸਤ 2024 ਦੀ ਰਾਤ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਅੰਤਰ-ਖੇਤਰੀ ਪਿੰਡ ਹਾਰਟਾ ਬਡਲਾ ਵਿਖੇ ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ) ਵਿਖੇ ਰਾਤ ਦੀ ਡਿਊਟੀ 'ਤੇ ਤਾਇਨਾਤ ਲੇਡੀ ਮੈਡੀਕਲ ਅਫ਼ਸਰ ਅਤੇ ਉਸ ਦੇ ਸਟਾਫ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਪੰਜਾਬ ਸਰਕਾਰ ਨੂੰ ਸੁਚੇਤ ਕਰਦਿਆਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਅੱਜ ਪੀਸੀਐਮਐਸਏ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਕਰਤਾਰ ਸਿੰਘ ਅਤੇ ਜਨਰਲ ਸਕੱਤਰ ਡਾਕਟਰ ਮੁਨੀਸ਼ ਕੁਮਾਰ ਦੀ ਅਗਵਾਈ ਹੇਠ ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਪਵਨ ਕੁਮਾਰ ਸ਼ਗੋਤਰਾ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਐਸੋਸੀਏਸ਼ਨ ਦੇ ਮੈਂਬਰ ਡਾਕਟਰ ਨਵਪ੍ਰੀਤ ਕੌਰ, ਡਾਕਟਰ ਹਰਪੁਨੀਤ ਕੌਰ, ਡਾਕਟਰ ਸੰਦੀਪ ਦਮਨਾ, ਡਾਕਟਰ ਜਗਦੀਪ ਸਿੰਘ ਅਤੇ ਨਰਸਿੰਗ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਸਿਸਟਰ ਪਰਮਜੀਤ ਅਤੇ ਸਿਸਟਰ ਸਿਕੰਦਰ ਵੀ ਹਾਜ਼ਰ ਸਨ। ਸਿਹਤ ਪੇਸ਼ੇਵਰਾਂ ਵਿਰੁੱਧ ਹਮਲਿਆਂ ਦੀਆਂ ਅਜਿਹੀਆਂ ਘਟਨਾਵਾਂ ਸਾਡੀਆਂ ਡਾਕਟਰੀ ਸੇਵਾਵਾਂ ਦੀ ਸੁਰੱਖਿਆ ਅਤੇ ਅਖੰਡਤਾ ਨੂੰ ਕਮਜ਼ੋਰ ਕਰਦੀਆਂ ਹਨ। ਪੀਸੀਐਮਐਸਏ ਨੇ ਦੁਹਰਾਇਆ ਕਿ ਅਜਿਹੀਆਂ ਘਟਨਾਵਾਂ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਹਸਪਤਾਲਾਂ ਵਿੱਚ ਸੁਰੱਖਿਆ ਪ੍ਰਬੰਧ ਸਿਰਫ਼ ਸਟਾਫ਼ ਲਈ ਹੀ ਨਹੀਂ ਸਗੋਂ ਹਸਪਤਾਲ ਦੇ ਮਰੀਜ਼ਾਂ ਅਤੇ ਕੀਮਤੀ ਸਮਾਨ ਲਈ ਵੀ ਜ਼ਰੂਰੀ ਹਨ। ਸਮਰਪਿਤ ਸਿਹਤ ਸੰਭਾਲ ਕਰਮਚਾਰੀ ਜੋ ਸਭ ਤੋਂ ਵੱਧ ਲੋੜਵੰਦਾਂ ਦੀ ਸੇਵਾ ਕਰਨ ਲਈ ਆਪਣਾ ਜੀਵਨ ਸਮਰਪਿਤ ਕਰਦੇ ਹਨ, ਫਿਰ ਵੀ ਬਹੁਤ ਅਸੁਰੱਖਿਅਤ ਅਤੇ ਚੁਣੌਤੀਪੂਰਨ ਹਾਲਤਾਂ ਵਿੱਚ ਕੰਮ ਕਰਦੇ ਹਨ। ਨਸ਼ਿਆਂ ਦੀ ਦੁਰਵਰਤੋਂ ਅਤੇ ਬਰਬਾਦੀ ਦੇ ਵਧਣ ਨਾਲ, ਇੱਕ ਸੁਰੱਖਿਅਤ ਮਾਹੌਲ ਪ੍ਰਦਾਨ ਕਰਨਾ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ ਕਿਉਂਕਿ ਲੋਕਾਂ ਨੂੰ ਲੜਾਈਆਂ ਤੋਂ ਬਾਅਦ ਹਸਪਤਾਲਾਂ ਵਿੱਚ ਲਿਆਂਦਾ ਜਾਂਦਾ ਹੈ। ਇਨ੍ਹਾਂ ਸਮਰਪਿਤ ਪੇਸ਼ੇਵਰਾਂ 'ਤੇ ਹਮਲਾ ਕਰਨਾ ਉਨ੍ਹਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਅਸੀਂ ਸਾਰੇ ਅਜਿਹੀ ਹਿੰਸਾ ਦੀ ਨਿੰਦਾ ਕਰਦੇ ਹਾਂ ਅਤੇ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਵੇ। ਅਸੀਂ ਸਥਾਨਕ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਨ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਅਪੀਲ ਕਰਦੇ ਹਾਂ। ਸਾਡੇ ਸਿਹਤ ਸੰਭਾਲ ਪੇਸ਼ੇਵਰਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਸਭ ਤੋਂ ਮਹੱਤਵਪੂਰਨ ਹੈ ਅਤੇ ਸਾਨੂੰ ਸਮੂਹਿਕ ਤੌਰ 'ਤੇ ਅਜਿਹਾ ਮਾਹੌਲ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ ਜਿੱਥੇ ਉਹ ਹਿੰਸਾ ਜਾਂ ਪਰੇਸ਼ਾਨੀ ਦੇ ਬਿਨਾਂ ਆਪਣੇ ਫਰਜ਼ ਨਿਭਾ ਸਕਣ।



# ਅੱਖ ਦਾਨ ਨੂੰ ਲੋਕ ਲਹਿਰ ਬਣਾਉਣ ਦੀ ਜ਼ਰੂਰਤ: ਡਾ. ਕਿਰਪਾਲ ਸਿੰਘ





**ਸੰਗਰੂਰ, (ਦਲਜੀਤ ਕੌਰ)** ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜਿਲ੍ਹਾ ਹਸਪਤਾਲ ਵਿਖੇ ਸਿਵਲ ਸਰਜਨ ਡਾ. ਕਿਰਪਾਲ ਸਿੰਘ ਦੀ ਅਗਵਾਈ ਵਿਚ ਅੱਖਾਂ ਦਾਨ ਕਰਨ ਸਬੰਧੀ ਜਾਗਰੂਕਤਾ ਕਰਵਾਇਆਂ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਡਾ. ਕਿਰਪਾਲ ਸਿੰਘ ਨੇ ਕਿਹਾ ਕਿ ਮਰਨ ਉਪਰੰਤ ਅੱਖ ਦਾਨ ਕਰਨ ਦੀ ਜਾਗਰੂਕਤਾ ਪੈਦਾ ਕਰਨ ਲਈ 25 ਅਗਸਤ ਤੋਂ 8 ਸਤੰਬਰ ਤੱਕ ਅੱਖ ਦਾਨ ਜਾਗਰੂਕਤਾ ਪੰਦਰਵਾੜਾ ਮਨ੍ਹਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਅੱਖਾਂ ਦਾਨ ਸਿਰਫ ਮੌਤ ਤੋਂ ਬਾਅਦ ਹੀ ਹੁੰਦੀਆਂ ਹਨ, ਅੱਖਾਂ ਦਾਨ ਕਰਨ ਨਾਲ ਇੱਕ ਵਿਅਕਤੀ ਦੋ ਵਿਅਕਤੀਆਂ ਦੀ ਜਿੰਦਗੀ ਰੋਸ਼ਨ ਕਰ ਸਕਦਾ ਹੈ। ਅੱਖਾਂ ਦਾਨ ਮੌਤ ਤੋਂ 4 ਤੋਂ 6 ਘੰਟਿਆਂ ਦੇ ਵਿੱਚ ਹੀ ਹੋਣੀਆਂ ਚਾਹੀਦੀਆਂ ਹਨ।ਕਿਸੇ ਵੀ ਉਮਰ ਦਾ ਵਿਅਕਤੀ ਚਾਹੇ ਉਸਦੇ ਐਨਕਾਂ ਲੱਗੀਆ ਹੋਣ, ਅੱਖਾਂ ਦੇ ਅਪਰੇਸ਼ਨ ਹੋਏ ਹੋਣ, ਅੱਖਾਂ ਵਿੱਚ ਲੈਂਜ ਪਾਏ ਹੋਣ ਜਾਂ ਬੀ।ਪੀ। ਅਤੇ ਸ਼ੁਗਰ ਦਾ ਮਰੀਜ਼ ਹੈ, ਵੀ ਅੱਖ ਦਾਨ ਕਰ ਸਕਦਾ ਹੈ। ਮੌਤ ਉਪਰੰਤ ਅੱਖਾਂ ਦਾਨ ਲਈ ਅੱਖ ਬੈਂਕ ਦੀ ਟੀਮ ਅੱਖਾਂ ਦਾਨ ਕਰਨ ਵਾਲੇ ਵਿਅਕਤੀ ਦੇ ਘਰ ਜਾਂਦੀ ਹੈ ਅਤੇ ਅੱਖਾਂ ਦਾਨ ਕਰਨ ਦੀ ਪ੍ਰਕਿਰਿਆ 10-15 ਮਿੰਟਾਂ ਵਿੱਚ ਹੀ ਮੁਕੰਮਲ ਕਰ ਲਈ ਜਾਂਦੀ ਹੈ। ਜਿਹਨਾਂ ਮਰੀਜਾਂ ਨੂੰ ਐਚ।ਆਈ।ਵੀ।/ ਏਡਜ, ਰੇਬੀਜ, ਦਿਮਾਗੀ ਬੁਖਾਰ ਅਤੇ ਕਾਲਾ ਪੀਲੀਆ ਹੈ ਉਹ ਅੱਖਾਂ ਦਾਨ ਨਹੀਂ ਕਰ ਸਕਦੇ। ਉਹਨਾਂ ਕਿਹਾ ਕਿ ਅੱਖ ਦਾਨ ਨੂੰ ਲੋਕ ਲਹਿਰ ਬਣਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਅੱਖਾਂ ਲੈਣ ਅਤੇ ਅੱਖਾਂ ਦਾਨ ਦੇਣ ਵਾਲਿਆਂ ਦੇ ਵਿਚਲੇ ਅੰਤਰ ਨੂੰ ਘਟਾਇਆ ਜਾ ਸਕੇ। ਉਹਨਾਂ ਕਿਹਾ ਕਿ ਧਾਰਮਿਕ ਆਗੂਆਂ ਨੇ ਵੀ ਅੰਗਦਾਨ ਅਤੇ ਅੱਖਾਂ ਦੇ ਦਾਨ ਦੀ ਮਹੱਤਤਾ ਲਈ ਪ੍ਰੇਰਿਆ ਹੈ।

ਅੱਖਾਂ ਦੇ ਮਾਹਿਰ ਡਾ।ਨਿਧੀ ਗੁਪਤਾ ਨੇ ਦੱਸਿਆ ਕਿ ਅੱਖ ਦਾਨ ਕਰਨ ਲਈ ਨੇੜੇ ਦੇ ਅੱਖਦਾਨ ਕੇਂਦਰ ਜਾਂ 104 ਟੋਲ ਫ੍ਰੀ ਹੈਲਪਲਾਈਨ ਜਾਂ ਆਨ ਲਾਈਨ ਵਿਭਾਗ ਦੀ ਵੈਬ ਸਾਈਟ ਰਾਹੀ ਰਜਿਸਟਰ ਕੀਤਾ ਜਾ ਸਕਦਾ ਹੈ।ਉਨ੍ਹਾਂ ਨੇ ਦੱਸਿਆ ਕਿ ਆਧੁਨਿਕ ਤਰੀਕੇ ਨਾਲ ਵਿਅਕਤੀ ਦੀ ਪੂਰੀ ਅੱਖ ਕੱਢੀ ਨਹੀਂ ਜਾਂਦੀ ਸਗੋਂ ਸਿਰਫ ਕੋਰਨੀਆਂ ਹੀ ਕੱਢਿਆ ਜਾਂਦਾ ਹੈ, ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਮੁਹਿੰਮ ਵਿਚ ਆਪਣਾ ਸਹਿਯੋਗ ਦਿਓ, ਤੁਹਾਡੀਆਂ ਦਾਨ ਕੀਤੀਆਂ ਅੱਖਾਂ ਦੋ ਜਿੰਦਗੀਆਂ ਨੂੰ ਰੋਸ਼ਨੀ ਦੇ ਸਕਦੀਆਂ ਹਨ। ਕੈਂਪ ਮੌਕੇ ਅੱਖਾਂ ਦਾਨ ਕਰਨ ਲਈ ਪ੍ਰਣ ਵੀ ਕਰਵਾਇਆ ਗਿਆ। ਇਸ ਮੌਕੇ ਜਿਲ੍ਹਾ ਮਾਸ ਮੀਡੀਆਂ ਅਫਸਰ ਕਰਨੈਲ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਸਰੋਜ ਰਾਣੀ, ਬਲਾਕ ਐਕਸ਼ਟੈਸ਼ਨ ਐਜੂਕੇਟਰ ਹਰਦੀਪ ਕੁਮਾਰ, ਹਰਪ੍ਰੀਤ ਕੌਰ, ਡੀ.ਸੀ.ਐਮ. ਦੀਪਕ ਕੁਮਾਰ ਅਤੇ ਆਈ ਮੋਬਾਈਲ ਯੂਨਿਟ ਦਾ ਸਮੂਹ ਸਟਾਫ ਅਤੇ ਆਸ਼ਾ ਮੌਜੂਦ ਸਨ।

# ਤਰਕਸ਼ੀਲਾਂ ਨੇ ਸਰਕਾਰੀ ਹਾਈ ਸਕੂਲ ਕੁਲਾਰ ਖ਼ੁਰਦ ਵਿਖੇ ਪੁਸਤਕ ਪ੍ਰਦਰਸ਼ਨੀ ਲਗਾਈ

**ਸੰਗਰੂਰ, (ਦਲਜੀਤ ਕੌਰ)** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਤੇ ਛੇਵੀਂ ਚੇਤਨਾ ਪਰਖ ਪ੍ਰੀਖਿਆ ਬਾਰੇ ਜਾਣਕਾਰੀ ਦੇਣ ਹਿੱਤ ਚਲਾਈ ਮੁਹਿੰਮ ਤਹਿਤ ਅਜ ਸਰਕਾਰੀ ਹਾਈ ਸਕੂਲ ਕੁਲਾਰ ਖ਼ੁਰਦ ਵਿਖੇ ਪੁਸਤਕ ਪ੍ਰਦਰਸ਼ਨੀ ਲਗਾ ਕੇ ਵਿਗਿਆਨਕ ਵਿਚਾਰ ਅਪ-ਨਾਉਣ ਤੇ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸਭ ਤੋਂ ਪਹਿਲਾਂ ਸਕੂਲ ਮੁਖੀ ਚੰਦਰ ਭਾਨ ਜੀ ਤਰਕਸ਼ੀਲ ਟੀਮ ਦਾ ਸਵਾਗਤ ਕੀਤਾ, ਉਸਤੋਂ ਬਾਅਦ ਮਾਸਟਰ ਭੁਪਿੰਦਰ ਸਿੰਘ ਜੀ ਨੇ ਤਰਕਸ਼ੀਲ ਟੀਮ ਬਾਰੇ








ਜਾਣਕਾਰੀ ਦਿੰਦਿਆਂ ਵਿਗਿਆਨਕ ਦ੍ਰਿਸ਼ਟੀਕੋਣ ਬਾਰੇ ਜਾਣਕਾਰੀ ਦਿੱਤੀ।

ਇਸ ਸਮੇਂ ਤਰਕਸ਼ੀਲ ਆਗੂ ਮਾਸਟਰ ਪਰਮਵੇਦ ਨੇ ਵਿਦਿਆਰਥੀਆਂ ਨੂੰ ਪੁਸਤਕ ਪ੍ਰਦਰਸ਼ਨੀ ਵਿੱਚ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ ਭੇਟ ਕਰਦਿਆਂ ਅਗਾਂਹ ਵਧੂ ਵਿਚਾਰਾਂ ਵਾਲੀਆਂ ਪੁਸਤਕਾਂ ਤੇ ਵਿਗਿਆਨਕ ਸੋਚ ਦੀ ਅਹਿ-ਮੀਅਤ ਬਾਰੇ ਦੱਸਦਿਆਂ ਹਾਜ਼ਰੀਨ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜੀਵਾਦੀ ਵਿਚਾਰਾਂ ਦੀ ਦਲਦਲ ਵਿੱਚੋਂ ਨਿਕਲ ਕੇ ਵਿਗਿਆਨਕ ਦ੍ਰਿਸ਼ਟੀਕੋਣ ਦੇ ਉਜਾਲੇ ਵਿੱਚ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ। ਉਨ੍ਹਾਂ ਮੰਨਣ ਤੋਂ ਪਹਿਲਾਂ ਹਰ ਗੱਲ ਵਿਚਾਰਣ ਲਈ ਕਿਹਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਸ਼ਖ਼ਸੀਅਤ ਦੇ ਵਿਕਾਸ ਲਈ ਸਿਲੇਬਸ ਦੀਆਂ ਪੁਸਤਕਾਂ ਤੋਂ ਬਿਨਾਂ ਹੋਰ ਗਿਆਨਵਰਧਕ ਪੁਸਤਕਾਂ ਵੀ ਪੜ੍ਹ-ਨੀਆਂ ਚਾਹੀਦੀਆਂ ਹਨ।

ਇਸ ਸਮੇਂ ਜੋਨ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਨੇ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਇਹ ਪ੍ਰੀਖਿਆ ਸਤੰਬਰ ਟੈਸਟ ਤੋਂ ਬਾਅਦ ਹੋਵੇਗੀ, ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ। ਮਿਡਲ ਤੇ ਸੈਕੰਡਰੀ ਪੱਧਰ ਦੇ ਓ ਐਮ ਆਰ ਸ਼ੀਟ ਤੇ 100 ਬਹੁ ਚੋਣਾਵੀ ਪ੍ਰਸ਼ਨ ਆਧਾਰ ਤੇ ਦੋ ਪੇਪਰ ਹੋਣਗੇ। ਮੈਰਿਟ ਕਲਾਸ ਵਾਈਜ ਬਣੇਗੀ। ਸੂਬਾ, ਜੋਨ ਤੇ ਇਕਾਈ ਪੱਧਰ ਤੇ ਮੈਰਿਟ ਬਣੇਗੀ। ਉਨ੍ਹਾਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਮਾਸਟਰ ਮਲਿੰਦਰ ਸਿੰਘ ਨੇ ਟੀਮ ਦਾ ਧੰਨਵਾਦ ਕਰਦਿਆਂ ਤੇ ਵਿਦਿਆਰਥੀਆਂ ਨੂੰ ਆਪਣਾ ਨਜ਼ਰੀਆ ਵਿਗਿਆਨਕ ਬਣਾਉਣ ਦਾ ਸੱਦਾ ਦਿੰਦਿਆਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ।ਇਸ ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਦਵਿੰਦਰ ਕੌਰ, ਨਵਨੀਤ ਸਿੰਘ, ਸਰੂਚੀ ਗੋਇਲ, ਬੰਪਰਜੋਤ ਪਰਮਾਰ, ਨੀਤੂ ਰਾਣੀ, ਗੀਤਾ ਰਾਣੀ, ਵਿਜੈ ਕੁਮਾਰ ਸਿਲਕੀ, ਬਲਜੀਤ ਕੌਰ, ਸਰਬਜੀਤ ਕੌਰ, ਪਿਯੰਕਾ ਗੁਪਤਾ, ਵਿਕਾਸ ਭਾਗਰੀਆ, ਪਰਵਿੰਦਰਜੀਤ ਸਿੰਘ ਆਦਿ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।

# ਸੂਬੇਦਾਰ ਪਾਲ ਸਿੰਘ ਦੇ ਨਾਂ ਤੇ ਜਗਤਪੁਰ ’ਚ ਪੱਟੀ ਦਾ ਨਾਮਕਰਨ ਕੀਤਾ





**ਮੁਕੰਦਪੁਰ (ਪੱਤਰ ਪ੍ਰੇਰਕ)–**1965 ਦੀ ਭਾਰਤ ਪਾਕ ਜੰਗ ਚ ਸ਼ਹੀਦ ਹੋਏ ਸੂਬੇਦਾਰ ਪਾਲਾ ਸਿੰਘ ਜਿਸ ਦੇ ਨਾਂ ਤੇ ਪਿੰਡ ਜਗਤਪੁਰ ਵਿੱਚ ਪੱਟੀ ਦਾ ਨਾਮਕਰਨ ਕੀਤਾ ਗਿਆ ।ਵਰਨਣਯੋਗ ਹੈ ਕਿ ਜਗਤਪੁਰ ਪਿੰਡ ਵਿੱਚ ਪਹਿਲਾਂ ਮਸੰਦਾ ਪੱਟੀ, ਸਿੱਖਾਂ ਪੱਟੀ ਅਤੇ ਧੁੰਮਾ ਪੱਟੀ ਆਦਿ ਹਨ। ਹੁਣ ਜਗਤਪੁਰ ਚ ਸ਼ਹੀਦਾਂ ਦੇ ਨਾਂਅ ਨੂੰ ਬਰਕਰਾਰ ਰੱਖਣ ਦੇ ਲਈ ਸਤਿਕਾਰ ਵਜੋ ਪੱਟੀ ਦਾ ਨਾਂ 'ਸੂਬੇਦਾਰ ਪਾਲਾ ਸਿੰਘ 'ਦੇ ਨਾਂ ਤੇ ਰੱਖਿਆ ਗਿਆ ਹੈ ।ਇਹਨਾਂ ਤੋਂ ਇਲਾਵਾ ਜੋਗਿੰਦਰ ਸਿੰਘ ਪੁੱਤਰ ਦਲੀਪਾ ਰਾਮ ਅਤੇ ਅਤਰਾ ਰਾਮ ਵੀ ਦੇਸ਼ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਚੁੱਕੇ ਹਨ। ਇਸ ਪੱਟੀ ਦੇ ਨਾਂਅ ਦਾ ਐਲਾਨ ਬੀਤੇ ਦਿਨ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵਲੋਂ ਜਗਤਪੁਰ ਵਿੱਚ ਕਰਵਾਏ ਗਏ ਤੀਆਂ ਦੇ ਮੇਲੇ ਦੌਰਾਨ ਕੀਤਾ ਗਿਆ। ਇਸ ਮੌਕੇ ਤੇ ਸਮਾਗਮ ਵਿੱਚ ਪਹੁੰਚੇ ਸਮੂੰਹ ਨਗਰ ਨਿਵਾਸੀਆਂ ਵੱਲੋਂ ਇਸ ਨਾਂਅ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਦੇਸ ਰਾਜ , ਸੰਤੋਖ ਲਾਲ ਡੀਪੀ, ਮਾਸਟਰ ਰਸ਼ਪਾਲ ਸਿੰਘ ਪਾਲੀ ਸੰਧੂ, ਜਰਨੈਲ ਸਿੰਘ ਆਦਿ ਹਾਜ਼ਰ ਸਨ।

# ਸਰੀ 'ਚ ਕਰਵਾਏ ਸੁਰ ਮੇਲੇ ਨਾਲ ਦਰਸ਼ਕਾਂ ਦੀ ਹੋਈ 'ਬੱਲੇ-ਬੱਲੇ'!

## ਕੁਲਵਿੰਦਰ ਧਨੋਆ ਅਤੇ ਹੁਸਨਪ੍ਰੀਤ ਦੀ ਜੋੜੀ ਦੇ ਗੀਤਾਂ ਦੀ ਝੜੀ ਨਾਲ ਬਣਿਆ ਦਿਲਚਸਪ ਮਾਹੌਲ






**ਵੈਨਕੁਵਰ, (ਮਲਕੀਤ ਸਿਘ)–** ਮਿਨੀ ਪੰਜਾਬ ਵੱਜੋ ਜਾਣੇ ਜਾਂਦੇ ਕੈਨੇਡਾ ਦੇ ਸਰੀ ਸ਼ਹਿਰ ਦੇ 88 ਐਵਿਨੀਓ ਤੇ ਸਥਿਤ ਬੇਅਰ ਕਰੀਕ ਪਾਰਕ ਦੇ ਆਰਟ ਸੈਂਟਰ ਚ ਅੱਜ ਸ਼ਾਮੀ 'ਧਨੋਆ ਇੰਟਰਟੇਨਮੈਂਟ' ਵੱਲੋਂ ਸਥਾਨਕ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਇਕ 'ਸੁਰ ਮੇਲੇ' ਦਾ ਆਯੋਜਨ ਕਰਵਾਇਆ ਗਿਆ। ਸ਼ਾਮੀ 7.30 ਵਜੇ ਤੋਂ ਦੇਰ ਰਾਤ ਤਕਰੀਬਨ 10.45 ਤੀਕ ਲਗਾਤਾਰ ਨਿਰੰਤਰ ਚੱਲੇ ਇਸ ਸੁਰ ਮੇਲੇ ਚ ਵੱਡੀ ਗਿਣਤੀ ਚ ਪੁੱਜੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕਰਕੇ ਖੁਲ ਦਿਲੀ ਨਾਲ ਇਹਦਾ ਆਨੰਦ ਮਾਣਿਆ।

ਇਸ ਸੁਰ ਮੇਲੇ ਦੀ ਸ਼ੁਰੂਆਤ ਉਭਰਦੀ ਓਮਰ ਦੇ ਗਾਇਕ ਅਰਜਨ ਢਿੱਲੋਂ ਵੱਲੋ ਇੱਕ ਧਾਰਮਿਕ ਗੀਤ ਗਾ ਕੇ ਕੀਤੀ ਗਈ। ਇਸ ਮਗਰੋਂ ਨੌਜੁਆਨ ਗਾਇਕ ਅਕਾਸ਼ਦੀਪ ਅਤੇ ਉਘੀ ਗਾਇਕਾਂ ਕੌਰ ਮਨਦੀਪ ਵੱਲੋਂ ਅਪਣੇ ਚੌਣਵੇ ਗੀਤਾਂ ਦੀ ਪੇਸ਼ਕਾਰੀ ਕਰਕੇ ਹਾਲ 'ਚ ਮੌਜੂਦ ਦਰਸ਼ਕਾਂ ਦੀ 'ਬੱਲੇ-ਬੱਲੇ ਕਰਵਾ ਛੱਡੀ। ਇਸ ਦੌਰਾਨ ਕੌਰ ਮਨਦੀਪ ਵੱਲੋ ਜਦੋ ਲੰਬੀ ਹੇਕ ਚ ਮਿਰਜ਼ਾ ਗਾਇਆ ਗਿਆ ਤਾ ਸਮੁੱਚੇ ਹਾਲ ਚ ਹਾਜ਼ਰ ਦਰਸ਼ਕਾਂ ਦੀਆ ਤਾੜੀਆਂ ਨਾਲ ਹਾਲ ਪੂਰੀ ਤਰਾਂ ਗੂੰਜ ਉਠਿਆ ਇਸ ਉਪਰੰਤ ਉਘੇ ਪੰਜਾਬੀ ਗਾਇਕ ਕੁਲਵਿੰਦਰ ਧਨੋਆ ਅਤੇ ਉਹਨਾਂ ਦੀ ਸਾਥਨ ਕਲਾਕਾਰ ਅਤੇ ਉੱਘੀ ਪੰਜਾਬੀ ਗਾਇਕਾ ਹੁਸਨਪ੍ਰੀਤ ਤੇ ਅਧਾਰਿਤ ਜੋੜੀ ਵੱਲੋਂ ਪੰਜਾਬੀ ਲੋਕ ਗਾਇਕੀ ਦੇ ਚੌਣਵੇ ਗੀਤਾਂ ਦੀ ਲਗਾਤਾਰ ਲਗਾਈ ਗਈ ਝੜੀ ਨਾਲ ਸੁਰ ਮੇਲਾ ਹੋਰ ਵੀ ਦਿਲਚਸਪ ਅਤੇ ਰੰਗੀਨ ਹੋ ਗਿਆ ਮਹਿਸੂਸ ਹੋਇਆ ਅੱਜ ਦੇ ਇਸ ਸੁਰ ਮੇਲੇ ਚ ਚੌਣਵੇ ਗੀਤਾਂ ਦੀ ਧੁਨ ਤੇ ਮੇਲੇ ਚ ਹਾਜ਼ਰ ਦਰਸਕ ਥਿਰਕਦੇ ਨਜਰੀ ਆਏ। ਅਖੀਰ ਚ ਮੇਲੇ ਦੇ ਆਯੋਜਿਕਾਂ ਵੱਲੋ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਮੇਲੇ ਦੇ ਬਾਹਰਵਾਰ ਕੁਝ ਲੋਕਾਂ ਨੇ ਆਪਣੇ ਵਿਚਾਰ ਸਾਂਝੇ ਕਰ ਦੀਆਂ ਮੇਲੇ ਚ ਆਏ ਗਾਇਕ/ਗਾਇਕਾਵਾਂ ਦੀ ਪੇਸ਼ਕਾਰੀ ਤੇ ਖੁਸ਼ੀ ਸਾਂਝੀ ਕੀਤੀ।

# ਸਿਆਸਤਦਾਨਾਂ ਨੇ ਪੰਜਾਬ ਨੂੰ ਸਮੱਸਿਆਵਾਂ ਦਾ ਸਮੁੰਦਰ ਬਣਾਇਆ- ਰਾਮੂਵਾਲੀਆ







**ਵੈਨਕੁਵਰ, (ਮਲਕੀਤ ਸਿਘ)–** ਕੈਨੇਡਾ ਫੇਰੀ ਦੌਰਾਨ ਇਥੇ ਪੁੱਜੇ ਸਾਬਕਾ ਕੇਂਦਰੀ ਮੰਤਰੀ ਅਤੇ ਘਾਗ ਸਿਆਸੀ ਨੇਤਾ ਬਲਵੰਤ ਸਿੰਘ ਰਾਮੂਵਾਲੀਆ ਦਾ ਵਿਦੇਸ਼ਾਂ ਵਿੱਚ ਜਲਵਾ ਹਾਲੇ ਵੀ ਪੂਰੀ ਤਰ੍ਹਾਂ ਬਰਕਰਾਰ ਹੈ। ਪਿਛਲੇ ਦਿਨੀਂ ਵੈਨਕੂਵਰ ਅਤੇ ਸਰ੍ਹੀ ਵਿੱਚ ਵੱਖ ਵੱਖ ਸਮਾਗਮਾਂ ਵਿੱਚ ਪੰਜਾਬੀਆਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਜਿਕਰਯੋਗ ਹੈ ਕਿ ਵੱਖ ਵੱਖ ਪਾਰਟੀਆਂ ਦੇ ਕੁਝ ਸਿਆਸਤਦਾਨ ਇਸ ਵਰ੍ਹੇ ਕੈਨੇਡਾ ਆਏ ਪਰ ਲੋਕਾਂ ਦੇ ਵਿਰੋਧ ਦੇ ਡਰੋਂ ਪਬਲਿਕ ਮੀਟਿੰਗਾਂ ਕਰਨ ਤੋਂ ਦੂਰ ਹੀ ਰਹੇ।

।ਰਾਮੂਵਾਲੀਆ ਪਿਛਲੇ ਚਾਰ ਦਹਾਕਿਆਂ ਤੋਂ ਵਿਦੇਸ਼ੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਲਈ ਤਤਪਰ ਰਹੇ ਜਿਸਦੇ ਨਤੀਜੇ ਵਜੋਂ ਅਨੇਕਾਂ ਕਿਸਮ ਦੇ ਮਸਲੇ ਹੱਲ ਹੋਏ ਤੇ ਅੱਜ ਵੀ ਪੰਜਾਬੀ ਰਾਮੂਵਾਲੀਆ ਨੂੰ ਆਪਣੇ ਮਸਲਿਆਂ ਦਾ ਪਹਿਰੇਦਾਰ ਮੰਨ ਰਹੇ ਹਨ। ਰਾਮੂਵਾਲੀਆ ਨੇ ਸਰ੍ਹੀ ਦੇ ਇੱਕ ਹਾਲ ਵਿੱਚ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਮੈਨੂੰ ਦੁੱਖ ਹੈ ਕਿ ਸਿਆਸਤਦਾਨਾਂ ਦੀ ਬੇਕਿਰਕ ਖ਼ੁਦਗ਼ਰਜ਼ੀ ਕਰਕੇ ਪੰਜਾਬ ਸਮੱਸਿਆਵਾਂ ਦਾ ਸਮੁੰਦਰ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀਆਂ ਸਕੀਮਾਂ ਦੀ ਥਾਂ ਸਿਰਫ ਚੋਣਾਂ ਲੜਨ ਤੇ ਜਿੱਤਣ ਦੀਆਂ ਸਕੀਮਾਂ ਹੀ ਬਣਾਉਂਦੀਆਂ ਹਨ। ਰਾਮੂਵਾਲੀਆ ਨੇ ਹੋਰ ਕਿਹਾ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਅਸਲ ਮੁੱਦੇ ਛੱਡਕੇ ਮੌਕਾਪ੍ਰਸਤੀ ਦੀ ਸਿਆਸਤ ਕਰ ਰਹੀਆਂ ਹਨ।



ਉਨ੍ਹਾਂ ਪਰਵਾਸੀ ਪੰਜਾਬੀਆਂ ਕਿਹਾ ਕਿ ਜਦੋਂ ਕੋਈ ਲੀਡਰ ਵਿਦੇਸ਼ ਆਵੇ ਤਾਂ ਉਸ ਦਾ ਗੁਲਦਸਤਿਆਂ ਨਾਲ ਸਵਾਗਤ ਕਰਨ ਦੀ ਥਾਂ ਆਪਣੀਆਂ ਸਮੱਸਿਆਵਾਂ ਦਾ ਪੇਪਰ ਦੇਕੇ ਸਵਾਲ ਕਰਨ ਦੀ ਆਦਤ ਪਾਓ। ਰਾਮੂਵਾਲੀਆ ਨੇ ਆਪਣੇ ਸੰਬੋਧਨ ਤੋਂ ਬਾਅਦ ਖੁੱਲ੍ਹਾ ਐਲਾਨ ਕਰਦਿਆਂ ਕਿਹਾ ਕਿ ਜੇਕਰ ਮੈਨੂੰ ਕੋਈ ਵੀ ਸਵਾਲ ਕਰਨਾ ਚਹੁੰਦਾ ਹੈ ਤਾਂ ਮਾਇਕ ਉੱਤੇ ਆਕੇ ਕਰ ਸਕਦਾ ਹੈ।

ਇਸ ਮੌਕੇ ਘੱਟ ਗਿਣਤੀ ਕਮਿਸ਼ਨ ਦੇ ਉਪ ਚੇਅਰਮੈਨ ਰਹੇ ਪ੍ਰੋ: ਬਾਵਾ ਸਿੰਘ ਨੇ ਕਿਹਾ ਜਿੰਨ੍ਹਾ ਟਾਈਮ ਸ੍।ਰਾਮੂਵਾਲੀਆ ਵਰਗਾ ਤਜਰਬੇਕਾਰ ਤੇ ਪੜ੍ਹਿਆ ਲਿਖਿਆ ਲੀਡਰ ਪੰਜਾਬ ਦੀ ਵਾਗਡੋਰ ਨਹੀਂ ਫੜ੍ਹਦਾ ਉਨ੍ਹਾਂ ਟਾਇਮ ਸਮੱਸਿਆਵਾਂ ਨੇ ਪੰਜਾਬ ਦਾ ਖਹਿੜਾ ਨਹੀਂ ਛੱਡਣਾ।ਇਸ ਮੌਕੇ ਚਮਕੌਰ ਸਿੰਘ ਸੇਖੋਂ, ਨਵਦੀਪ ਸਿੰਘ ਗਿੱਲ ਮੰਡੀ ਕਲਾਂ, ਬੀਬੀ ਰੁਪਿੰਦਰ ਕੌਰ ਸਿੱਧੂ, ਮੋਹਨ ਗਿੱਲ, ਜਰਨੈਲ ਸਿੰਘ ਸੇਖਾ, ਪ੍ਰਿੰਸੀਪਲ ਮਲੂਕ ਚੰਦ ਕਲੇਰ, ਅੰਗਰੇਜ਼ ਬਰਾੜ, ਦਰਸ਼ਨ ਸੰਘਾ, ਸੁਰਜੀਤ ਮਾਧੋਪੁਰੀ, ਸੁਖਵਿੰਦਰ ਸਿੰਘ ਚੋਹਲਾ ਆਦਿ ਬੁਲਾਰਿਆਂ ਨੇ ਰਾਮੂਵਾਲੀਆ ਵੱਲੋਂ ਕੀਤੇ ਕੰਮਾਂ ਦਾ ਜ਼ਿਕਰ ਕੀਤਾ। ਇਸ ਮੌਕੇ ਸਰਪੰਚ ਭਾਗ ਸਿੰਘ ਦੁੱਨੇਕੇ, ਤੇਜਾ ਸਿੰਘ ਸਰਪੰਚ, ਕੌਰ ਸਿੰਘ, ਹਰਮਨ ਰਣਵਿਜੇ, ਕਰਨੈਲ ਸਿੰਘ ਸ਼ੇਰਪੁਰੀ, ਗੀਤਕਾਰ ਜਸਵੀਰ ਗੁਣਾਂਚੌਰੀਆ, ਹਰਜੀਤ ਗੁੱਡੂ, ਇੰਦਰਜੀਤ ਧਾਲੀਵਾਲ, ਦਲਜੀਤ ਰਾਏ, ਸੁਖਚੈਨ ਬਰਗਾੜੀ, ਹਰਵਿੰਦਰ ਵਿਰਕ, ਹਰਦੀਪ ਗਿੱਲ ਤੇ ਲਾਡੀ ਢਿਲਵਾਂ ਸਮੇਤ ਸੈਂਕੜੇ ਲੋਕ ਹਾਜ਼ਰ ਸਨ।

# 'ਕੈਨੇਡੀਅਨ ਐਸੋ. ਆਫ ਸੈਲਫ ਇੰਪਲਾਈਜ਼' ਵੱਲੋ ਸਰੀ 'ਚ ਵਿਸ਼ਾਲ ਇਕੱਤਰਤਾ

## ਸਾਂਸਦ ਟਿੱਮ ਉਪ.ਲ, ਜਸਰਾਜ ਹਲਣ ਸਮੇਤ ਕਈ ਆਗੂਆਂ ਨੇ ਕੀਤੀ ਸ਼ਿਰਕਤ











**ਵੈਨਕੁਵਰ, (ਮਲਕੀਤ ਸਿਘ)–** ਕੈਨੇਡੀਅਨ ਐਸੋਸੀਏਸ਼ਨ ਆਫ ਸੈਲਫ ਇੰਪਲਾਈਜ ' ਵੱਲੋਂ ਸਥਾਨਕ ਕਾਰੋਬਾਰੀਆਂ ਦੇ ਸਾਂਝੇ ਉੱਦਮ ਸਦਕਾ ਸਰੀ ਦੇ ਪਾਇਲ ਬਿਜ਼ਨਸ ਸੈਂਟਰ 'ਚ ਸਥਿਤ ਬੋਲੀਵੁੱਡ ਬੈਕੁੰਇਟ ਹਾਲ 'ਚ ਕਾਰੋਬਾਰਾਂ ਨੂੰ ਚਲਾਉਣ ਸਬੰਧੀ ਆਉਂਦੀਆਂ ਮੁਸਕਿਲਾਂ ਅਤੇ ਇਹਨਾਂ ਦਾ ਢੁਕਵਾਂ ਹੱਲ ਲੱਭਣ ਲਈ ਇੱਕ ਵਿਸ਼ਾਲ ਇਕੱਤਰਤਾ ਦਾ ਆਯੋਜਨ ਕਰਵਾਇਆ ਗਿਆ ਲਜਿਸ ਵਿੱਚ ਵੱਡੀ ਗਿਣਤੀ 'ਚ ਪੁੱਜੇ ਵੱਖ-ਵੱਖ ਕਾਰੋਬਾਰੀਆਂ ਨੇ ਹਿੱਸਾ ਲਿਆ। ਇਸ ਮੌਕੇ ਇੱਥੇ ਪੁੱਜੇ ਕਾਰੋਬਾਰੀਆਂ ਨੇ ਜਿਥੇ ਪ੍ਰਮੁੱਖ ਬੁਲਾਰਿਆਂ ਨੇ ਵਿਚਾਰ ਸੁਣੇ, ਉਥੇ ਇਨਾ ਮੁਸ਼ਕਲਾਂ ਸਬੰਧੀ ਆਪਸ ਵਿੱਚ ਵੀ ਖੁੱਲ ਕੇ ਚਰਚਾ ਕੀਤੀ ਲ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਐਡਮਿੰਟਨ ਤੋਂ ਪੁੱਜੇ ਪੰਜਾਬੀ ਮੂਲ ਸਾਸਦ ਟਿੱਮ ਉਪ.ਲ ਨੇ ਹਾਜ਼ਰ ਕਾਰੋਬਾਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਲਗਾਤਾਰ ਵੱਧ ਰਹੀ ਮਹਿਗਾਈ ਅਤੇ ਕਾਰੋਬਾਰੀਆਂ ਨੂੰ ਪੇਸ਼ ਆ ਰਹੀਆਂ ਕਈ ਤਰਾਂ ਦੀਆ ਮੁਸ਼ਕਲਾਂ ਲਈ ਸਰਕਾਰੀ ਨੀਤੀਆਂ ਨੂੰ ਜਿੰਮੇਵਾਰ ਠਹਿਰਾਇਆ। ਉਹਨਾਂ ਤੋਂ ਇਲਾਵਾ ਸਾਸਦ ਜਸਰਾਜ ਹੱਲਣ, ਅੰਮ੍ਰਿਤ ਭਾਰਤਵਾਜ ਜੋਹਲ ਰਸਟਿਡ, ਕੇਰੀ ਲੇਨ ਫਾਈਡਲੇ, ਬਲਦੀਪ ਸਿੰਘ, ਹਰਜਿੰਦਰ ਸਿੰਘ ਸਿਵ ਪੰਜਾਬੀ, ਦੀਪਕਾ ਸ਼ਰਮਾ ਜਸ਼ਨ ਰੰਧਾਵਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮਨਦੀਪ ਧਾਲੀਵਾਲ, ਜੈਸੀ ਸਹੋਤਾ, ਮਜ ਵਲੈਟ ਜੀਸਨ, ਅੰਮ੍ਰਿਤ ਢੋਟ, ਤੇਗਜੋਤ ਬੱਲ, ਸਾਂਝੀ ਲੇਨ ਦਿਵੇਦੀ, ਸਿਮਰ ਪੱਡਾ, ਦਲਜਿੰਦਰ ਸਿੰਘ ਆਦਿ ਹਾਜ਼ਰ ਸਨ। ਅੱਜ ਦੇ ਇਸ ਇਕੱਤਰਤਾ ਸਮਾਗਮ ਦੇ ਆਯੋਜ਼ਿਕਾ ਹੈਪੀ ਜੋਸ਼ੀ,ਰੋਨ ਧਾਲੀਵਾਲ ਅਤੇ ਸੈਂਡੀ ਖੇਲਾ ਵੱਲੋਂ ਆਏ ਹੋਏ ਸਾਰੇ ਹੀ ਬੁਲਾਰਿਆਂ ਤੇ ਬਾਕੀ ਪਤਵੰਤਿਆਂ ਦਾ ਇਥੇ ਪੁੱਜਣ ਲਈ ਧੰਨਵਾਦ ਕੀਤਾ ਗਿਆ। ਇੱਕਤਰਤਾ ਸਮਾਗਮ ਦੇ ਅਖੀਰ 'ਚ ਸ਼ਾਮ ਨੂੰ ਆਏ ਹੋਏ ਸਾਰੇ ਮਹਿਮਾਨਾਂ ਤੇ ਪਤਵੰਤਿਆ ਵੱਲੋਂ ਬੋਲੀਵੁੱਡ ਬੈਕੁਇਟ ਹਾਲ ਦੀ ਰਸੋਈ 'ਚ ਤਿਆਰ ਕੀਤੇ ਸਵਾਦਲੇ ਭੋਜਨ ਦਾ ਵੀ ਲੁਤਫ ਉਠਾਇਆ ਗਿਆ ਇਸ ਦੌਰਾਨ ਅਖੀਰਲੇ ਪੜਾਅ ਤਹਿਤ ਨੌਜਵਾਨ ਗਾਇਕ ਹਿਤੈਸ਼ ਵੱਲੋਂ ਗਾਏ ਗਏ ਚੋਣਵੇਂ ਗੀਤਾਂ ਦੀ ਪੇਸ਼ਕਾਰੀ ਨਾਲ ਨਾ ਸਮੁੱਚਾ ਮਾਹੌਲ ਹੋਰ ਵੀ ਰੰਗੀਨ ਅਤੇ ਦਿਲਚਸਪ ਬਣਿਆ ਮਹਿਸੂਸ ਕੀਤਾ ਗਿਆ।

# ਸਰੀ ਰੇਕੀ ਸਬੰਧੀ ਤੀਸਰੇ ਸਾਲ ਦਾ ਸ਼ੋਅ ਆਯੋਜਿਤ, ਡਾਕਟਰ ਐਨ ਕੇ ਸ਼ਰਮਾ ਤੇ ਡਾ. ਸਵੇਤਾ ਨੇ ਸਾਂਝੀ ਕੀਤੀ ਜਾਣਕਾਰੀ






**ਵੈਨਕੂਵਰ (ਮਲਕੀਤ ਸਿੰਘ)** ਸਰੀ ਦੀ 132 ਤੇ ਸਥਿਤ ਤਾਜ ਪਾਰਕ ਕਨਵੈਂਸ਼ਨ ਸੈਂਟਰ 'ਚ "ਲਿੰਕ ਆਫ ਸੋਲ" ਤਹਿਤ ਸੋਮਵਾਰ ਨੂੰ ਤੀਸਰੇ ਸਾਲ ਦਾ ਸ਼ੋਅ ਆਯੋਜਿਤ ਕਰਵਾਇਆ ਗਿਆ ਲ ਇਸ ਵਿੱਚ ਸਥਾਨਕ ਭਾਈਚਾਰੇ ਦੇ ਲੋਕਾਂ ਨੇ ਬੜੇ ਉਤਸਾਹ ਨਾਲ ਸ਼ਿਰਕਤ ਕੀਤੀ ਇਸ ਮੌਕੇ ਤੇ ਨਵੀਂ ਦਿੱਲੀ ਤੋਂ ਵਿਸ਼ੇਸ਼ ਤੌਰ ਤੇ ਕਨੇਡਾ ਪੁੱਜੇ ਡਾਕਟਰ ਐਨ ਕੇ ਸ਼ਰਮਾ ਅਤੇ ਡਾਕਟਰ ਸਵਿਤਾ ਸ਼ਰਮਾ ਵੱਲੋ ਹਾਜ਼ਰ ਲੋਕਾਂ ਨੂੰ ਰੇਕੀ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਇਸ ਤੋਂ ਹੋਣ ਵਾਲੇ ਸਰੀਰ ਲਾਭਾ ਬਾਰੇ ਖੁੱਲ ਕੇ ਦੱਸਿਆ ਇਸ ਦੌਰਾਨ ਉਹਨਾਂ ਵੱਲੋਂ ਬੜੇ ਹੀ ਵਧੀਆ ਤਰੀਕੇ ਨਾਲ ਹਾਜ਼ਰ ਲੋਕਾਂ ਨੂੰ ਰੇਕੀ ਦੀਆਂ ਵੱਖ-ਵੱਖ ਵਿਧੀਆ ਸਬੰਧੀ



ਸਰੀਰਕ ਪ੍ਰੈਕਟਿਸ ਵੀ ਕਰਵਾਈ ਗਈ। ਇਸ ਮੌਕੇ ਤੇ ਹੋਰਨਾ ਤੋ ਇਲਾਵਾ, ਦੇਵ ਰਾਏ ਸੰਮੀ ਧਰਜ, ਮਨਜਿੰਦਰ ਪੰਨੂ, ਸੁਵਾਮੀ ਅਗਰਵਾਲ ਲਵਲੀਨ (ਪੂਰਬਾ ਫਰਨੀਚਰ) ਪਰਮਿੰਦਰ ਸ਼ਰਮਾ, ਸ਼ਾਇਰ ਔਜਲਾ, ਰਾਣੀ ਮਾਂਗਟ, ਸ਼ਰਮਾ ਫੋਟੋਗਰਾਫ ਨਿਰਭੈ ਸਿੰਘ ਕੈਂਥ (ਨਿਊ ਵੇ ਰੇਲਿੰਗ ਅਤੇ ਮਨਜੀਤ ਵਿਰਕ ਵੀ ਹਾਜਰ ਸਨ। ਇਸ ਸ਼ੋ ਦੇ ਅਖੀਰ ਵਿੱਚ ਉਕਤ ਸ਼ੋਅ ਦੇ ਅਯੋਜਕ ਜੈਸ ਗਿੱਲ ਅਤੇ ਲਵੀ ਪੰਨੂ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਤੇ ਹਾਜਰ ਪਤਵੰਤਿਆਂ ਦਾ ਧੰਨਵਾਦ ਕੀਤਾ ਗਿਆ। ਰਾਤ ਨੂੰ ਸਾਰਿਆਂ ਵੱਲੋਂ ਤਾਜ ਕਨਵੈਂਸ਼ਨ ਸੈਂਟਰ ਦੀ ਰਸੋਈ ਵਿੱਚ ਤਿਆਰ ਕੀਤੇ ਭੋਜਨ ਰਲ ਮਿਲ ਕੇ ਆਨੰਦ ਮਾਣਿਆ।

# ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵੱਲੋਂ ਜਗਤਪੁਰ ਵਿੱਚ ਕਰਵਾਇਆ ਗਿਆ 'ਤੀਆਂ ਦਾ ਮੇਲਾ ' ਯਾਦਗਾਰੀ ਹੋ ਨਿਬੜਿਆ






**ਮੁਕੰਦਪੁਰ–** ਮੇਲੇ ਜਿੱਥੇ ਸਾਡੇ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ, ਉੱਥੇ ਭਾਈਚਾਰਕ ਸਾਂਝ, ਪੰਜਾਬੀ ਵਿਰਸੇ ਅਤੇ ਵਿਰਾਸਤ ਨੂੰ ਪ੍ਰਫੁਲਿਤ ਕਰਨ ਵਿੱਚ ਆਪਣਾ ਵਿਲੱਖਣ ਯੋਗਦਾਨ ਪਾਉਂਦੇ ਹਨ। ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ ਚ ਸਮਾਜ ਦੇ ਹਰ ਪਹਿਲੂ ਤੋਂ ਸੇਵਾ ਹਿਤ ਸਮ-ਰਪਿਤ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵੱਲੋਂ ਟੇਕ ਚੰਦ ਜਗਤਪੁਰ ਦੀ ਸਰ-ਪ੍ਰਸਤੀ ਹੇਠ ਕਰਵਾਇਆ ਗਿਆ 'ਤੀਆਂ ਦਾ ਮੇਲਾ' ਵਿਲੱਖਣ ਪੈੜਾ ਪਾਉਂਦਾ ਹੋਇਆ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ ।ਇਸ ਮੇਲੇ ਦਾ ਉਦਘਾਟਨ ਸ੍ਰੀ ਮਤੀ ਸੀਤਾ ਰਾਣੀ ਲੋਧੀ ਪੁਰ ਨੇ ਕੀਤਾ। ਸ੍ਰੀ ਮਤੀ ਰੁਪਿੰਦਰ ਕੌਰ ਮੰਡੇਰ ਨੇ ਬਹੁਤ ਪ੍ਰਭਾਵਸ਼ਾਲੀ ਅਤੇ ਖੂਬਸੂਰਤ ਅੰਦਾਜ਼ ਦੇ ਵਿੱਚ ਮੰਚ ਸੰਚਾਲਕ ਵਲੋ ਭੂਮਿਕਾ ਨਿਭਾਉਦਿਆਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ। ਇਸ ਮੇਲੇ ਵਿੱਚ ਮੁਟਿਆਰਾਂ ਨੇ ਪਹੁੰਚ ਕੇ ਮੇਲੇ ਦਾ ਖੂਬ ਆਨੰਦ ਮਾਣਿਆ ਅਤੇ ਇਸ ਮੇਲੇ ਵਿੱਚ ਮੰਡੇਰ , ਸਰਕਾਰੀ ਪ੍ਰਾਇਮਰੀ ਅਤੇ ਹਾਈ ਸਕੂਲ ਜਗਤਪੁਰ ਦੀਆਂ ਵਿਦਿਆਰਥਣਾਂ ਨੇ ਵੱਖ-ਵੱਖ ਗੀਤਾਂ ਤੇ ਬਾਕਮਾਲ ਪੇਸ਼ਕਾਰੀ ਕਰਕੇ ਨਿਵੇਕਲਾ ਰੰਗ ਬੰਨਿਆ ।ਇਸ ਮੇਲੇ ਵਿੱਚ ਗਿੱਧੇ ਭੰਗੜੇ ਤੋਂ ਇਲਾਵਾ ਵੱਖ-ਵੱਖ ਗੀਤਾਂ ਤੇ ਡਾਂਸ ਤੇ ਕੋਰੀਓਗ੍ਰਾਫੀ ਕੀਤੀ ਗਈ।ਅਧਿਆਪਕ ਨੀਲਮ ਦੇਵੀ ਨੇ ਕਿਹਾ ਕਿ ਇਹ ਤੀਆਂ ਦਾ ਨਹੀਂ ਸਗੋ ਧੀਆਂ ਦਾ ਮੇਲਾ ਹੈ ਪਰ ਧੀਆਂ ਦੇ ਨਾਲੋ ਨੂੰਹਾਂ ਵਿਚ ਨਿਵੇਕਲਾ ਉਤਸ਼ਾਹ ਪਾਇਆ ਜਾ ਰਿਹਾ ਹੈ।ਪ੍ਰਬੰਧਕ ਮਨਜੀਤ ਕੌਰ ਜਗਤਪੁਰ, ਨੇ ਤੀਆਂ ਦੇ ਮੇਲੇ ਵਿੱਚ ਪਹੁੰਚੇ ਨਗਰ ਨਿਵਾਸੀਆ ਦਾ ਧੰਨਵਾਦ ਕਰਦਿਆ ਕਿਹਾ ਕਿ ਇਹ ਮੇਲੇ ਸਾਰਿਆਂ ਦੇ ਸਹਿਯੋਗ ਨਾਲ ਹੀ ਕਾਮਯਾਬ ਹੁੰਦੇ ਹਨ ਤੇ ਸਾਨੂੰ ਸਾਰਿਆਂ ਦਾ ਸਹਿਯੋਗ ਦੇਣਾ ਚਾਹੀਦਾ ਹੈ। ਇਸ ਮੌਕੇ ਤੇ ਖਾਣ ਪੀਣ ਦਾ ਵੀ ਵਿਸ਼ੇਸ਼ ਪ੍ਰਬੰਧ ਟਰੱਸਟ ਵੱਲੋਂ ਕੀਤਾ ਗਿਆ। ਮੇਲੇ ਵਿੱਚ ਪਹੁੰਚੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਇਸ ਮੇਲੇ ਨੂੰ ਕਾਮਯਾਬ ਕਰਨ ਵਿੱਚ ਮਾਸਟਰ ਰਸ਼ਪਾਲ ਸਿੰਘ ਕਮਲਜੀਤ ਕੌਰ ਉਆਣ, ਰਾਣੀ ਲੋਈ, ਕਮਲਜੀਤ ਕੌਰ, ਸੰਦੀਪ ਕੌਰ, ਜੁਗਿੰਦਰ ਕੌਰ, ਪਾਲੀ ਸੰਧੂ, ਸੰਤੋਖ ਲਾਲ ਡੀ ਪੀ, ਸਰਬਜੀਤ ਸਿੰਘ, ਨਵਦੀਪ ਸਿੰਘ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਹਰਦੇਵ ਸਿੰਘ ਬੋਪਾਰਾਏ ਰਿਜਰਵੇਸ਼ਨ ਚੋਰ ਫੜੋ ਮੋਰਚੇ ਦੇ ਮਾਲਵਾ ਜੋਨ ਇੰਚਾਰਜ ਨਿਯੁਕਤ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਸੂਬੇ ਅੰਦਰ ਬਣੇ ਜਾਅਲੀ ਜਾਤੀ ਸਰਟੀਫਿਕੇਟਾਂ ਨੂੰ ਰੱਦ ਕਰਵ-ਾਉਣ ਲਈ ਪਿਛਲੇ ਲੰਬੇ ਸਮੇਂ ਤੋ ਚੱਲ ਰਹੇ ਰਿਜਰਵੇਸ਼ਨ ਚੋਰ ਫੜੋ ਮੋਰਚੇ ਵੱਲੋਂ ਉਘੇ ਸਮਾਜ ਸੇਵੀ ਹਰਦੇਵ ਸਿੰਘ ਬੋਪਾਰਾਏ ਨੂੰ ਉਹਨਾਂ ਦੀਆਂ ਅਨੁਸੂਚਿਤ ਜਾਤੀ ਵਰਗ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਮੁੱਖ ਰੱਖ ਕੇ ਮੋਰਚੇ ਦਾ ਮਾਲਵਾ ਜੋਨ ਦਾ ਇੰਚਾਰਜ ਨਿਯੁਕਤ ਕੀਤਾ ਗਿਆ।

ਮੋਰਚੇ ਵੱਲੋਂ ਮਾਲਵਾ ਜੋਨ ਦੇ ਇੰਚਾਰਜ ਨਿਯੁਕਤ ਹੋਣ ਤੇ ਹਰਦੇਵ ਸਿੰਘ ਬੋਪਾਰਾਏ ਨੇ ਮੋਰਚੇ ਦੇ ਸੰਸਥਾਪਕ ਜਸਵੀਰ ਸਿੰਘ ਪਮਾਲੀ ਦਾ ਧੰਨਵਾਦ ਕਰਦਿਆਂ ਕਿਹਾ, ਕਿ ਜੋ ਰਿਜਰਵੇਸ਼ਨ ਚੋਰ ਫੜੋ ਮੋਰਚੇ ਵੱਲੋਂ ਉਹਨਾਂ ਨੂੰ ਜਿੰਮੇਵਾਰੀ ਦਿੱਤੀ ਗਈ ਹੈ। ਉਹ ਉਸਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਮੋਰਚੇ ਦੇ ਅਜੰਡੇ ਅਤੇ ਮੋਰਚੇ ਦੀਆਂ ਗਤੀਵਿਧੀਆਂ ਨੂੰ ਮਾਲਵੇ ਦੇ ਹਰ ਜਿਲ੍ਹੇ, ਹਰ ਬਲਾਕ ਅਤੇ ਹਰ ਪਿੰਡ ਵਿੱਚ ਲਿਜਾ ਕੇ ਐਸ ਸੀ ਸਮਾਜ ਦੇ ਲੋਕਾਂ ਨੂੰ ਆਪਣੇ ਹੱਕਾਂ ਅਤੇ ਹਿੱਤਾਂ ਦੀ ਪ੍ਰਾਪਤੀ ਲਈ ਜਾਗਰੂਕ ਕੀਤਾ ਜਾਵੇਗਾ।

# ਰੋਟਰੀ ਕਲੱਬ ਧੂਰੀ ਨੇ ਕਾਲਜ ਨੂੰ ਅਲਮਾਰੀਆਂ ਅਤੇ ਇੱਕ ਕੰਪਿਊਟਰ ਸੈਂਟ ਕੀਤਾ ਦਾਨ



**ਧੂਰੀ (ਦਲਜੀਤ ਕੌਰ)–** ਰੋਟਰੀ ਕਲੱਬ ਧੂਰੀ ਨੇ ਯੂਨੀਵਰਸਿਟੀ ਕਾਲਜ ਬੇਨੜਾ ਦੀ ਲਾਇਬ੍ਰੇਰੀ ਵਿੱਚ ਕਿਤਾਬਾਂ ਰੱਖਣ ਲਈ ਦੋ ਅਲਮਾਰੀਆਂ, ਇੱਕ ਰੈਕ ਅਤੇ ਦਫ਼ਤਰ ਲਈ ਇੱਕ ਕੰਪਿਊਟਰ ਸੈਂਟ ਦਾਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਕਿਹਾ ਕਿ ਰੋਟਰੀ ਕਲੱਬ ਧੂਰੀ ਦੇ ਪ੍ਰਧਾਨ ਰੋਟੇਰ-ੀਅਨ ਬਲਜੀਤ ਸਿੰਘ ਸਿੱਧੂ ਵੱਲੋਂ ਆਪ ਕਾਲਜ ਨੂੰ ਇਹ ਸਾਰਾ ਸਮਾਨ ਸੌਂਪਿਆ ਗਿਆ। ਉਨ੍ਹਾਂ ਕਿਹਾ ਕਿ ਕੰਪਿਊਟਰ ਸੈਂਟ ਰੋਟੇਰ-ੀਅਨ ਹੁਕਮ ਚੰਦ ਸਿੰਗਲਾ ਵੱਲੋਂ ਅਤੇ ਲਾਇਬ੍ਰੇਰੀ ਲਈ ਸਮਾਨ ਸ੍ਰੀਮਤੀ ਸਵਰਨ ਕੌਰ ਮੁਸਾਫਿਰ ਵੱਲੋਂ ਦਾਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਨੇ ਰੋਟਰੀ ਕਲੱਬ ਦੇ ਪ੍ਰਧਾਨ ਅਤੇ ਸਮੂਹ ਮੈਂਬਰਾਂ ਦਾ ਵੱਖ ਵੱਖ ਸਮੇਂ ਕਾਲਜ ਦੀ ਕੀਤੀ ਸਹਾਇਤਾ ਲਈ ਧੰਨਵਾਦ ਕੀਤਾ।

ਇਸ ਮੌਕੇ ਕਲੱਬ ਦੇ ਅਹੁਦੇਦਾਰ ਰੋਟੇਰੀਅਨ ਹੁਕਮ ਚੰਦ ਸਿੰਗਲਾ, ਰੋਟੇਰੀਅਨ ਮਦਨ ਲਾਲ ਸ਼ਰਮਾ, ਰੋਟੇਰੀਅਨ ਰਮੇਸ਼ ਗੋਇਲ, ਸ੍ਰੀਮਤੀ ਬਲਵਿੰਦਰ ਕੌਰ ਸਿੱਧੂ, ਸ੍ਰੀਮਤੀ ਸਵਰਨ ਕੌਰ ਮੁਸਾਫਿਰ, ਰੋਟੇਰੀਅਨ ਸੀ.ਐਸ. ਮੁਸਾਫਿਰ ਅਤੇ ਕਾਲਜ ਸਟਾਫ਼ ਵਿੱਚੋਂ ਡਾ. ਅਸ਼ੋਕ ਕੁਮਾਰ, ਡਾ. ਹਰਵਿੰਦਰ ਸਿੰਘ, ਡਾ. ਰਕੇਸ਼ ਕੁਮਾਰ, ਡਾ. ਗਗਨਦੀਪ ਸਿੰਘ, ਡਾ. ਊਸ਼ਾ ਜੈਨ, ਸ. ਮਹਿੰਦਰ ਸਿੰਘ ਤੇ ਸ੍ਰੀਮਤੀ ਮਨਪ੍ਰੀਤ ਕੌਰ ਮੌਜੂਦ ਸਨ।

# ਕੋਲਕਤਾ ਵਿੱਚ ਹੋਏ ਦਰਦਨਾਕ ਬਲਾਤਕਾਰ ਅਤੇ ਹੱਤਿਆ ਕਾਂਡ ਦੀ ਸ਼ਿਕਾਰ ਹੋਈ ਦੇਸ਼ ਦੀ ਬੇਟੀ "ਡਾਕਟਰ ਮੌਮਿਤਾ ਦੇਬਨਾਥ" ਨੂੰ ਯਾਦ ਕਰਦਿਆਂ...

## "ਬਗਾਵਤ"

ਜਦ ਉਹ ਸ਼ੀਸ਼ੇ ਮੂਹਰੇ ਆਪਣਾ ਚਿਹਰਾ ਤੱਕਦੀ
ਆਪਣੀ ਸੂਰਤ ਨਾਲ ਗੱਲਾਂ ਕਰਦੀ
ਕਿ ਮੈਂ ਪੜਾਂਗੀ ਲਿਖਾਂਗੀ ਡਾਕਟਰ ਬਣਾਂਗੀ
ਦੁਖੀਆਂ ਦਾ ਦੁੱਖ ਹਰਾਂਗੀ
ਮਾਪਿਆਂ ਦਾ ਨਾਮ ਰੌਸ਼ਨ ਕਰਾਂਗੀ

ਫਿਰ ਉਹ ਸੋਚਦੀ
ਜਦ ਮੈਂ ਇਸ ਦੁਨੀਆਂ ਤੇ ਆ
ਮਾਰੀ ਸੀ ਪਹਿਲੀ ਕਿਲਕਾਰੀ
ਮੰਮੀ ਪਾਪਾ ਖੁਸ਼ ਸਨ
ਕਿ ਸਾਡੇ ਘਰ ਜਨਮੀ ਹੈ
ਇੱਕ ਬੇਟੀ ਪਿਆਰੀ

ਫਿਰ ਉਨ੍ਹਾਂ ਦੇ ਢੇਰ ਸਾਰੇ ਪਿਆਰ
ਲਗਨ ਤੇ ਮਿਹਨਤ ਦੀ ਕਮਾਈ ਸਦਕਾ
ਉਹ ਡਾਕਟਰ ਬਣ
ਟ੍ਰੇਨਿੰਗ ਕਰ ਰਹੀ ਸੀ
ਆਪਣੀ ਮੰਜ਼ਿਲ ਵੱਲ
ਕਦਮ ਧਰ ਰਹੀ ਸੀ
ਤਾਂ ਇਸ ਸਫਰ ਤੇ
ਇੱਕ ਰਾਤ ਜਦ ਉਹ
ਡਿਊਟੀ ਕਰ ਰਹੀ ਸੀ
ਉਹ ਕਿਧਰੇ ਖਤਰੇ ਵਿੱਚ ਨਹੀਂ
ਸਗੋਂ ਆਪਣੇ ਹੀ ਕਰਮ ਖੇਤਰ ਵਿੱਚ
ਕਰਮ ਕਰ ਰਹੀ ਸੀ
ਦੁਖੀਆਂ ਦੇ ਦੁੱਖ ਹਰ ਰਹੀ ਸੀ
ਤਾਂ ਅਚਾਨਕ
ਉਸ ਦੇ ਬੁਣੇ ਸੁਪਨਿਆਂ ਦੇ
ਬੁਣੇ ਮਹਿਲ ਉੱਪਰ
ਇੱਕ ਭਿਆਨਕ ਹਮਲਾ ਹੋਇਆ
ਤੇ ਸੁਪਨਿਆਂ ਦਾ ਮਹਿਲ
ਢਹਿ ਢੇਰੀ ਹੋਇਆ
ਡਿਊਟੀ ਕਰਦਿਆਂ ਥੱਕ ਚੁੱਕੀ
ਉਹ ਡਾਕਟਰ ਧੀ
ਦੋ ਘੜੀ ਅਰਾਮ ਲਈ
ਇੱਕ ਕਮਰੇ ਵੱਲ ਗਈ
ਅੱਖ ਲੱਗੀ
ਕੋਈ ਡਰਾਉਣੀ ਆਵਾਜ਼ ਆਈ
ਇੱਕ ਦਮ ਉਹ ਉੱਠੀ ਘਬਰਾਈ
ਤਾਂ ਸਾਹਮਣੇ ਬੰਦੇ ਦੀ ਸ਼ਕਲ ਵਿੱਚ
ਖੜ੍ਹਾ ਸੀ ਕੋਈ ਹੈਵਾਨ
ਸ਼ਕਲੋਂ ਬੇਖੌਫ ਗੁੰਡਾ ਕਾਤਿਲ ਸ਼ੈਤਾਨ

ਜੋ ਆਉਂਦਿਆਂ ਹੀ ਝਪਟਿਆ
ਉਸ ਧੀ ਦੇ ਕੋਮਲ ਅੰਗਾਂ ਉੱਪਰ
ਉਹ ਰੋਈ ਕੁਰਲਾਈ
ਬਹੁਤ ਉੱਚੀ ਆਵਾਜ਼ ਲਾਈ
ਤੇ ਜ਼ਿੰਦਗੀ ਦੀ ਭੀਖ ਮੰਗੀ

ਪਰ !!
ਉਸ ਖਾਮੋਸ਼ ਅਤੇ ਡਰਾਉਣੀ ਰਾਤ ਵਿੱਚ
ਉਸ ਨੂੰ ਬਚਾਉਣ ਵਾਲਾ
ਕੋਈ ਨਾ ਆਇਆ
ਜ਼ਾਲਮ ਨੇ ਉਸ ਕੁੜੀ ਤੇ
ਕਿੰਨਾ ਕੁ ਕਹਿਰ ਢਾਇਆ
ਸ਼ਬਦਾਂ ਤੋਂ ਪਰੇ ਦੀ ਗੱਲ ਹੈ

ਉਹ ਟੁੱਟ ਪਿਆ ਉਸ ਮਾਸੂਮ ਉੱਪਰ
ਜਿਵੇ ਬਾਜ਼ ਇੱਕ ਚਿੜੀ ਨੂੰ
ਦਬੋਚਦਾ ਹੈ
ਨੋਚਦਾ ਹੈ ਅਤੇ
ਬਿਖੇਰ ਦਿੰਦਾ ਹੈ ਇੱਕ ਇੱਕ ਕਰਕੇ
ਉਸ ਦੇ ਖੰਭ
ਹੁਣ ਉਸ ਨੂੰ ਯਕੀਨ ਹੋ ਗਿਆ ਸੀ
ਕਿ ਹਾਰ ਚੁੱਕੀ ਹੈ ਉਹ
ਜ਼ਿੰਦਗੀ ਦੀ ਜੰਗ

ਉਸ ਸੋਚਿਆ ਹੁਣ ਤੂੰ
ਕੁਝ ਕਰ ਹਿੰਮਤ
ਬਚਾ ਲੈ ਆਪਣੀ ਅਜ਼ਮਤ
ਚੰਡੀ ਬਣ
ਹੁਣ ਕਾਹਦਾ ਡਰ
ਕਿਉਂਕਿ ਹੁਣ ਤਾਂ ਇਹ ਰਾਤ
ਹੈ ਤੇਰੀ ਜ਼ਿੰਦਗੀ ਦੀ ਆਖਰੀ ਰਾਤ

ਜ਼ਿੰਦਗੀ ਅਤੇ ਮੌਤ ਦੇ ਯੁੱਧ ਵਿੱਚ
ਤੋੜ ਸੁੱਟਿਆ ਸੀ ਹੁਣ ਉਸਦਾ
ਮੂੰਹ ਸਿਰ ਅਤੇ ਅੱਖਾਂ
ਉਸ ਬੇਖੌਫ ਦਰਿੰਦੇ ਨੇ
ਕਰ ਦਿੱਤਾ ਗਿਆ ਜਿਸਮ ਲੀਰੋ ਲੀਰ
ਇਜ਼ਤਾਂ ਤਾਰ ਤਾਰ
ਡੂੰਘੀਆਂ ਚੋਟਾਂ ਮਾਰ
ਪਲਾਂ ਵਿੱਚ ਹੀ ਲਾਸ਼ ਬਣਾ ਦਿੱਤਾ
ਇੱਕ ਕੋਮਲ ਸਰੀਰ
ਥਾਂ ਥਾਂ ਤੋਂ ਜਖ਼ਮੀ ਪਿੰਡਾ
ਟੁੱਟੀਆਂ ਹੱਡੀਆਂ
ਖੂਨ ਨਾਲ ਲਥਪਥ
ਵਿਗਾੜ ਦਿੱਤੀ ਸੀ ਕੁਕਰਮਾਂ ਨਾਲ
ਉਸ ਕੁੜੀ ਦੀ ਖੂਬਸੂਰਤ ਤਸਵੀਰ

ਇਹ ਦਹਿਸ਼ਤ
ਇਹ ਵਹਿਸ਼ਤ
ਦੇਖਦਿਆਂ ਹੰਢਾਉਂਦਿਆਂ ਇੰਜ ਲਗਦੈ
ਕਿ ਇਸਦਾ ਵੀ ਹੈ ਕੋਈ ਖਾਸ ਮਕਸਦ
ਪ੍ਰਬੰਧ ਵੱਲੋਂ ਕਰਾਉਣਾ ਇਹ ਅਹਿਸਾਸ
ਕਿ ਸਾਡੇ ਅਤੇ ਤਹਾਡੇ ਦਰਮਿਆਨ
ਕੋਹਾਂ ਦਾ ਫਰਕ ਐ
ਤੁਹਾਨੂੰ ਸਮਝਣਾ ਚਾਹੀਦੈ
ਕਿ ਘਾਹੀਆਂ ਦੇ ਪੁੱਤ ਹਮੇਸ਼ਾ
ਘਾਹ ਹੀ ਖੋਤਦੇ ਨੇ
ਫਿਰ ਉਹ ਕਿਉਂ
ਉੱਚੀਆਂ ਸੋਚਾਂ ਸੋਚਦੇ ਨੇ ?

ਜੇਕਰ ਤੁਸੀਂ ਵੀ ਅਜਿਹਾ ਸੋਚਿਆ
ਤਾਂ ਫਿਰ ਹਾਲ ਸਭ ਦਾ ਇੰਜ ਹੀ ਹੋਣਾ ਏ
ਤਾਂ ਫਿਰ ਤੁਸੀਂ ਵੀ
ਜ਼ਿੰਦਗੀ ਭਰ ਰੋਣਾ ਏ

ਅਸੀਂ ਪ੍ਰਬੰਧ ਹੀ
ਅਜਿਹਾ ਸਿਰਜਿਆ ਹੈ
ਜਿਸ ਵਿੱਚ ਘੁੱਗੀਆਂ ਚਿੜੀਆਂ ਅਤੇ ਸਾਰਖਾਂ ਨੇ
ਸ਼ਿਕਰਿਆਂ ਹੱਥੋਂ ਅਣਆਈ ਅਣਕਿਆਸੀ
ਮੌਤ ਮਰਨਾ ਏ
ਅਸੀਂ ਤਾਂ ਲਗਾਤਾਰ
ਜੋ ਵੀ ਹਿੰਮਤ ਕਰੇਗਾ
ਸਿਰ ਚੁੱਕੇਗਾ
ਚੱਕਰਵਿਊ ਤੋੜੇਗਾ
ਉਸ ਦਾ ਹਸ਼ਰ ਇਸੇ ਤਰਾਂ ਕਰਨਾ ਏ

ਪਰ ਲੋਕ ਜਦ ਅਣਖਾਂ ਵਾਲੇ ਕਲਮਾਂ ਵਾਲੇ
ਅਣਖੀ ਇਬਾਰਤ ਲਿਖਦੇ ਨੇ ਪੜ੍ਹਦੇ ਨੇ
ਤਾਂ ਉਹ ਅੱਖਰਾਂ ਵਿਚੋਂ ਹੀ ਅੱਖਰ ਲੱਭ
ਨਵੇਂ ਸ਼ਬਦ ਘੜਦੇ ਨੇ
ਇਨ੍ਹਾਂ ਸ਼ਬਦਾਂ ਚੋਂ ਹੀ
ਲੋਕ ਬੁੱਲਾਂ ਤੇ ਆਉਂਦਾ ਇਹ ਸ਼ਬਦ
"ਬਗਾਵਤ"
ਜਦ ਲੋਕਾਂ ਦੀ ਸਮਝ ਪੈਂਦਾ ਹੈ
ਤਾਂ ਜਗੀਰੂ ਪ੍ਰਬੰਧ ਢਹਿੰਦਾ ਹੈ
ਫਿਰ ਦੌੜਦੇ ਹੋਏ ਮੁਜ਼ਰਿਮਾਂ ਨੂੰ ਸਜਾਵਾਂ
ਮੁਨਸਿਫ ਨਹੀਂ
ਸਗੋਂ ਲੋਕ ਦਿੰਦੇ ਨੇ
ਬੇਰੋਕ ਦਿੰਦੇ ਨੇ
ਤੇ ਜ਼ੁਲਮਾਂ ਵਿਰੁੱਧ
ਆਪਣੀ ਸਾਰੀ ਤਾਕਤ
ਝੋਕ ਦਿੰਦੇ ਨੇ॥

**ਅਵਤਾਰ "ਲੰਗੇਰੀ"**
**91-94632-60181**

# ਜਨਵਾਦੀ ਇਸਤਰੀ ਸਭਾ ਵਲੋਂ ਬਲਾਤਕਾਰੀਆਂ ਨੂੰ ਸਖ਼ਤ ਸਜਾ ਦੇਣ ਦੀ ਮੰਗ - ਸੁਭਾਸ਼ ਮੱਟੂ




**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਜਨਵਾਦੀ ਇਸਤਰੀ ਸਭਾ ਦੇ ਸੱਦੇ ਤੇ ਗੜੀ ਮੱਟੋਂ ਦਰਵਾਜੇ ਸਾਹਮਣੇ ਟਰੇਨੀ ਡਾਕਟਰ ਮੌਮਿਤਾ ਦੇਬ ਨਾਥ ਦੇ ਬਲਾਤਕਾਰੀ ਕਾਤਲਾਂ ਨੂੰ ਫਾਹੇ ਲਗਵਾਉਣ ਲਈ ਵਿਸ਼ਾਲ ਇਕੱਠ ਕਰਕੇ ਮਮਤਾ ਬੈਨਰਜੀ ਸਰਕਾਰ, ਮੋਦੀ ਸਰਕਾਰ ਦਾ ਪੁੱਤਲਾ ਸਾੜਿਆ। ਇਸ ਮੌਕੇ ਬੀਬੀ ਸੁਭਾਸ਼ ਮੱਟੂ ਸੂਬਾਈ ਮੀਤ ਪ੍ਰਧਾਨ ਜਨਵਾਦੀ ਇਸਤਰੀ ਸਭਾ, ਬੀਬੀ ਸੁਰਿੰਦਰ ਚੁੰਬਰ ਸਾਬਕ ਬਲਾਕ ਸੰਮਤੀ ਮੈਂਬਰ, ਜਿਲ੍ਹਾ ਸਕੱਤਰ, ਡਾਕਟਰ ਮਨਪ੍ਰੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਡਾਕਟਰ ਮੌਮਿਤਾ ਦੇਬ ਨਾਥ ਨੇ ਆਰ ਜੀ ਕਰ ਮੈਡੀਕਲ ਕਾਲਜ, ਹਸਪਤਾਲ ਕੋਲਕਾਤਾ 36ਘੰਟੇ ਲਗਾਤਾਰ ਕੰਮ ਕਰਨ ਤੋਂ ਬਾਅਦ ਅਰਾਮ ਕਰਨ ਲਈ ਹਸਪਤਾਲ ਵਿੱਚ ਬਣੇ ਕਮਰੇ ਵਿਚ ਚੱਲੇ ਗਏ। ਬਲਾਤਕਾਰੀਆਂ ਨੇ ਬਲਾਤਕਾਰ ਕਰਕੇ ਡਾਕਟਰ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ। ਸਾਰੀ ਦੁਨੀਆਂ ਵਿੱਚ ਮਮਤਾ ਬੈਨਰਜੀ ਸਰਕਾਰ ਤੇ ਮੋਦੀ ਸਰਕਾਰ ਵਿਰੁੱਧ ਰੌਲਾ ਪੈ ਗਿਆ ਅਤੇ ਆਈ ਐਮ ਏ ਡਾਕਟਰ ਤੇ ਹੋਰ ਮੈਡੀਕਲ ਸਟਾਫ ਨੇ ਹੜਤਾਲ ਤੇ ਬੈਠੇ ਗਏ।ਜਨਵਾਦੀ ਇਸਤਰੀ ਸਭਾ ਪਹਿਲਾਂ ਵੀ ਨਿਰਭਿਆ ਕਾਂਡ ਦਿੱਲੀ ਵਿਰੁੱਧ ਸੰਘਰਸ਼ ਲੜਿਆ ਤੇ ਧੀ ਨਿਰਭਇਆ ਨੂੰ ਇਨਸਾਫ ਦਿਵਾਇਆ। ਹੁਣ ਵੀ ਇਨਸਾਫ ਪਸੰਦ ਲੋਕਾਂ ਨਾਲ ਮਿਲਕੇ ਦੋਸ਼ੀਆਂ ਨੂੰ ਸਖਤ ਸਜਾ ਦਿਵਾਉਣ ਤਕ ਘੋਲ ਜਾਰੀ ਰਹੇਗਾ। ਮੈਡੀਕਲ ਸਟਾਫ, ਡਾਕਟਰਾਂ ਦੀ ਸੁਰੱਖਿਆ ਲਈ ਕੌਮੀ ਸੁਰੱਖਿਆ ਕਾਨੂੰਨ ਬਣਾਇਆ ਜਾਵੇ। ਇਸ ਮੌਕੇ ਮਹਿੰਦਰ ਕੌਰ, ਰਚਨਾ ਦੇਵੀ, ਸੁਨੀਤਾ ਦੇਵੀ, ਜਸਵਿੰਦਰ ਕੌਰ, ਰੇਨੂ ਬਾਲਾ, ਮਨਦੀਪ ਕੌਰ, ਕਮਲੇਸ਼ ਰਾਣੀ, ਜੁਗਿੰਦਰ ਕੌਰ, ਦਲਜੀਤ ਕੌਰ, ਰੇਸ਼ਮ ਕੌਰ, ਸੀਮਾ ਦੇਵੀ, ਸੰਤੋਸ਼ ਕੁਮਾਰੀ, ਵਿਜੈ ਕੁਮਾਰੀ, ਦਰਸ਼ਨ ਸਿੰਘ ਮੱਟੂ, ਬਲਰਾਜ ਪੰਡਿਤ, ਸ਼ਿਵ ਕੁਮਾਰ ਪੰਡਿਤ ਤੇ ਹੋਰ ਹਾਜਰ ਸਨ। ਆਖਰ ਵਿੱਚ ਪੁਤਲੇ ਨੂੰ ਅਗ ਲਗਾਈ ਗਈ ਅਤੇ ਬਲਾਤਕਾਰੀਆਂ ਨੂੰ ਫਾਹੇ ਲਾਓ ਦੇ ਨਾਹਰੇ ਲਗਾਏ ਗਏ।

ਬੁੱਧ ਚਿੰਤਨ

# ਪੰਜਾਬ ਦੇ ਲੋਕਾਂ ਨੂੰ ਨਾਇਕ ਦੀ ਭਾਲ!

ਇਸ ਸਮੇਂ ਪੰਜਾਬ ਨਾਇਕ ਵਿਹੂਣਾ ਹੋ ਗਿਆ ਹੈ। ਪੰਜਾਬ ਵਿੱਚ ਕੋਈ ਅਜਿਹਾ ਆਗੂ ਨਜ਼ਰ ਨਹੀਂ ਆਉਂਦਾ ਜਿਹੜਾ ਇਸ ਦੀ ਅਗਵਾਈ ਕਰ ਸਕੇ। ਸਿਆਸਤ, ਧਰਮ ਤੇ ਸਮਾਜ ਵਿੱਚ ਖਲਾਅ ਪੈਦਾ ਹੋ ਗਿਆ ਹੈ। ਇਸ ਸਮੇਂ ਜਦੋਂ ਅਸੀਂ ਅਤੀਤ, ਵਰਤਮਾਨ ਤੇ ਭਵਿੱਖ ਬਚਾਉਣ ਦੇ ਸੋਚਦੇ ਹਾਂ ਤਾਂ ਨਿਰਾਸ਼ਾ ਪੱਲੇ ਪੈਂਦੀ ਹੈ। ਸਿਆਸੀ ਪਾਰਟੀਆਂ ਦੇ ਆਗੂਆਂ ਦੇ ਸਭ ਸਿਆਣੇ ਅਖਵਾਉਣ ਵਾਲੇ ਹਨ ਪਰ ਪੱਲੇ ਕਿਸੇ ਦੇ ਕੋਲ ਕੁੱਝ ਨਹੀਂ। ਧਰਮ ਵਿੱਚ ਡੇਰਿਆਂ ਦੇ ਬਾਬੇ ਸਿੱਖੀ ਸਿਧਾਤਾਂ ਦਾ ਘਾਣ ਕਰ ਰਹੇ ਹਨ। ਉਹਨਾਂ ਦੁਆਲੇ ਭੀੜ ਦਿਨੋਂ ਦਿਨ ਵੱਧ ਰਹੀ ਹੈ। ਵੱਖਰੇ ਦੇਸ਼ ਦੀ ਮੰਗ ਕਰਨ ਵਾਲੇ ਰੋਟੀਆਂ ਸੇਕਣ ਲੱਗੇ ਹਨ । ਜਦੋਂ ਅਤੀਤ ਵੱਲ ਝਾਤੀ ਮਾਰਦੇ ਹਾਂ ਤਾਂ ਆ ਕੁੱਝ ਨਜ਼ਰ ਆਉਂਦਾ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਆਗੂ ਆਪਣੀ ਚਮੜੀ ਤੇ ਦਮੜੀ ਬਚਾਉਣ ਦੀ ਖਾਤਰ ਭਾਜਪਾ ਦੇ ਭਗਵੇ ਰੱਥ ਵਿੱਚ ਸਵਾਰ ਹੋ ਰਹੇ ਹਨ । ਭਾਜਪਾ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਹਾਲਤ "ਚੋਰ ਨਾਲੋਂ ਪੰਡ ਕਾਹਲੀ" ਵਾਲੀ ਬਣੀ ਪਈ ਹੈ। ਈਡੀ ਦੇ ਛਾਪਿਆਂ ਤੋਂ ਡਰਦੇ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਇਹ "ਸੁੱਚੇ ਸੂਰਮੇ" ਕੀ ਭਾਜਪਾ ਦੇ ਕਮਲ ਨੂੰ ਪੰਜਾਬ ਵਿੱਚ ਖਿੜਾਅ ਸਕਣਗੇ? ਦੂਜੇ ਪਾਸੇ ਦੇਸ਼ ਭਰ ਵਿੱਚ ਵਡੇ ਪੱਧਰ ਉਤੇ ਭਾਜਪਾ ਦਾ ਵਿਰੋਧ ਹੋ ਰਿਹਾ ਹੈ ਤੇ ਇਹ ਪੰਜਾਬੀ ਉਸਨੂੰ ਬਚਾਉਣ ਲਈ ਆਪਣੇ ਸਮਰਥਕਾਂ ਦੇ ਅੱਖੀਂ ਘੱਟਾ ਪਾ ਰਹੇ ਹਨ । ਸਾਰੀਆਂ ਹੀ ਸਿਆਸੀ ਪਾਰਟੀਆਂ ਅੰਦਰ ਘਬਰਾਹਟ ਹੈ । ਉਨ੍ਹਾਂ ਨੂੰ ਜੇਲ੍ਹ ਦਾ ਨਹੀਂ, ਸਗੋਂ ਉਹਨਾਂ ਜ਼ਮੀਨਾਂ ਜਾਇਦਾਦਾਂ ਦੇ ਖੁਸ ਜਾਣ ਦਾ ਡਰ ਵੱਢ ਵੱਢ ਖਾ ਰਿਹਾ ਹੈ ਜਿਹੜੀਆਂ ਉਨ੍ਹਾਂ ਨੇ ਖੁਦ "ਦਸਾਂ ਨਹੁਆਂ" ਦੀ ਕਿਰਤ ਕਮਾਈ ਕਰਕੇ ਬਣਾਈਆਂ ਹਨ ਜਿਹਨਾਂ ਬਾਰੇ ਬਾਬਾ ਨਾਨਕ ਜੀ ਕਹਿੰਦੇ ਹਨ,

"ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨਾ ਜਾਈ ।"
(੧੭)

ਨਵੇਂ ਪੰਜਾਬ ਦੀ ਸਿਰਜਣਾ ਕਰਨ ਵਾਲ਼ੇ ਤੇ ਸਿਆਸੀ ਪਾਰਟੀਆਂ ਦਾ ਬਦਲ ਪੇਸ਼ ਕਰਨ ਵਾਲ਼ੇ ਟਿਕਟਾਂ ਦੀ ਬਲੈਕ ਸਿਨਮੇ ਦੇ ਬਲੈਕੀਆਂ ਵਾਂਗੂੰ ਕਰਦੇ ਰਹੇ ਸਨ । ਜਲੰਧਰ ਵਿੱਚ ਟਿਕਟਾਂ ਦੀ ਵੰਡ ਵੇਲ਼ੇ ਅਹਾਤੇ ਵਿੱਚ ਹੋਈ ਲੜਾਈ ਵਾਂਗੂੰ ਮਾਲਕ ਹੀ ਕੁੱਟਿਆ ਗਿਆ ਸੀ। ਹੁਣ ਉਹ ਪੰਜਾਬ ਦਾ ਮਾਲਕ ਬਣ ਬੈਠ ਗਿਆ ਹੈ । ਲੋਕਾਂ ਦਾ ਜਿਤਾਏ ਨੂੰ ਉਸਦੀ ਪਾਰਟੀ ਦੇ ਕੁੱਝ ਨੇਤਾ ਉਸਨੂੰ ਬਦਨਾਮ ਕਰ ਰਹੇ ਹਨ।

ਪੰਜਾਬ ਦੇ ਲੋਕ ਮੇਲੇ ਵਿੱਚ ਗੁਆਚੇ ਜੁਆਕ ਵਾਂਗੂੰ ਮੁਟਰ ਮੁਟਰ ਝਾਕ ਰਹੇ ਹਨ। ਜਿਵੇਂ ਉਸ ਜੁਆਕ ਨੂੰ ਕੁਝ ਦੇਰ ਲਈ ਸਾਰੇ ਹੀ ਆਪਣੇ ਲੱਗਦੇ ਹੁੰਦੇ ਹਨ ਪਰ ਅਸਲ ਵਿੱਚ ਉਹ ਹੁੰਦੇ ਕਿਸੇ ਹੋਰ ਦੇ ਹਨ।

ਪੰਜ ਸਦੀਆਂ ਤੋਂ ਗੁਰਾਂ ਦੇ ਨਾਂ ਤੇ ਵੱਸਦਾ ਆ ਰਿਹਾ ਪੰਜਾਬ ਹੁਣ ਵਫ਼ਾਦਾਰਾਂ ਦਾ ਨਹੀਂ, ਗਦਾਰਾਂ ਦਾ ਦੇਸ਼ ਬਣ ਗਿਆ ਹੈ । ਪੰਜ ਗੱਗੇ ਇਹੋ ਜਿਹੇ ਵਿਅਕਤੀਆਂ ਦੇ ਉਪਰ ਪੂਰੇ ਢੁੱਕਦੇ ਹਨ । ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾਓ ਇਹ ਪੰਜ ਗੱਗੇ ਕਿਹੜੇ ਹੋ ਸਕਦੇ ਹਨ?

ਪੰਜਾਬ ਦੀ ਅਬਾਦੀ ਸਵਾ ਤਿੰਨ ਕਰੋੜ ਹੈ। ਕੀ ਡੁੱਬਦੇ ਪੰਜਾਬ ਨੂੰ ਬਚਾਉਣ ਲਈ ਏਨੀ ਵੱਡੀ ਆਬਾਦੀ ਵਿੱਚ ਸਿਰਫ਼ 117 ਇਮਾਨਦਾਰ ਤੇ ਸੱਚੇ ਸੁੱਚੇ, ਨਿਸ਼ਕਾਮ ਸੇਵਾਦਾਰਾਂ ਦਾ ਕਾਲ ਪੈ ਗਿਆ ਹੈ? ਪੰਜਾਬ ਵਿੱਚ ਗੱਲੀਂ ਬਾਤੀਂ ਬਣੇ "ਸੂਰਮਿਆਂ" ਦੀ ਕੋਈ ਘਾਟ ਨਹੀਂ ਪਰ ਉਹਨਾਂ ਦੀ ਹਾਲਤ ਸਾਧ ਦੇ ਅਨ੍ਹੂੰਹਿਆਂ ਵਰਗੀ ਹੈ। ਡੰਗ ਸਾਰੇ ਹੀ ਮਾਰਦੇ ਹਨ ਪਰ ਮਾਰਦੇ ਆਪਣਿਆਂ ਨੂੰ ਹੀ ਹਨ । ਛਪਾਰ ਦੇ ਮੇਲੇ ਵਿੱਚ ਲੁੱਚੀਆਂ ਬੋਲੀਆਂ ਪਾਉਣ ਵਾਲ਼ਿਆਂ ਦੇ ਲੱਗਦੇ ਵੱਖਰੇ ਅਖਾੜਿਆਂ ਵਾਂਗੂੰ, ਇਹ ਵੀ ਆਮ ਲੋਕਾਂ ਤੋਂ ਵੱਖਰੇ ਹੋ ਕੇ ਚੱਲਦੇ ਹਨ । ਪੰਜਾਬ ਦੇ ਲੋਕ ਨਾਲੇ ਸੁਣੀ ਜਾਂਦੇ ਹਨ ਤੇ ਨਾਲੇ ਮੂੰਹ ਵਿੱਚ ਗਾਹਲਾਂ ਕੱਢੀ ਜਾਂਦੇ ਹਨ ਪਰ ਕਿਸੇ ਨੂੰ ਕੋਈ ਰੋਕਦਾ ਤੇ ਟੋਕਦਾ ਨਹੀਂ । ਅਸੀਂ ਦਾਅਵਾ ਤਾਂ ਗੁਰੂ ਗੋਬਿੰਦ ਸਿੰਘ ਦੇ ਵਾਰਸ ਹੋਣ ਦਾ ਕਰਦੇ ਹਾਂ ਪਰ ਕਾਰੇ ਸਦੀਆਂ ਪਹਿਲਾਂ ਉਹਨਾਂ ਨੂੰ ਦਗਾ ਦੇਣ ਵਾਲ਼ੇ ਪਹਾੜੀ ਰਾਜਿਆਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਤਬਾਹ ਕਰਨ ਵਾਲ਼ੇ ਡੋਗਰਿਆਂ ਵਾਲ਼ੇ ਹੀ ਹਨ । ਗੁਰੂ ਸਾਹਿਬ ਜੀ ਨੇ ਤਾਂ ਲੋਕਾਂ ਖਾਤਰ ਆਪਣਾ ਸਾਰਾ ਪਰਿਵਾਰ ਹੀ ਵਾਰ ਦਿੱਤਾ ਸੀ ਪਰ ਅਸੀਂ ਆਪਣੀ ਜਾਨ ਤੇ ਜਾਇਦਾਦਾਂ ਬਚਾਉਣ ਦੀ ਖਾਤਰ ਸਭ ਕੁੱਝ ਭੁੱਲ ਭੁਲਾਅ ਗਏ ਹਾਂ । ਇਹ ਮੌਕਾਪ੍ਰਸ਼ਤੀ ਦੀ ਗੰਦੀ ਸਿਆਸਤ ਪੰਜਾਬ ਨੂੰ ਕਿੱਧਰ ਲੈ ਜਾਵੇਗੀ ? ਪੰਜਾਬ ਦੇ ਧਾਰਮਿਕ ਤੇ ਸਿਆਸੀ ਆਗੂ ਤਾਂ ਕਿਸੇ ਤੀਜੀ ਧਿਰ ਦੇ ਗੁਲਾਮ ਹੋ ਚੁੱਕੇ ਹਨ । ਇਹ ਸਭ ਗੰਦੇ ਕਿਰਦਾਰ ਵਾਲ਼ੇ ਤੇ ਸਿੱਖੀ ਦੇ ਗੱਦਾਰ ਬਣ ਗਏ ਹਨ । ਤਖ਼ਤ ਦਾ ਸਾਬਕਾ ਸੇਵਾਦਾਰ ਹਰਪ੍ਰੀਤ ਸਿੰਘ ਬਠਿੰਡੇ ਵਾਲ਼ਾ ਲੋਕਾਂ ਕੋਲ਼ੋਂ ਗੁਰੂ ਲਈ ਵਫ਼ਾਦਾਰੀ ਨਹੀਂ, ਬਾਦਲਾਂ ਦੇ ਲਈ ਵੋਟਾਂ ਮੰਗਦਾ ਰਿਹਾ ਹੈ । ਬੱਲੇ ਓਏ ਤੇਰੀ ਕੀ ਕੀ ਸਿਫਤ ਕਰਾਂ ? ਲੋਕ ਅੱਖਾਂ ਤੋਂ ਨਹੀਂ, ਅਕਲੋਂ ਵੀ ਅੰਨ੍ਹੇ ਹੋ ਗਏ ਹਨ । ਅੰਨ੍ਹੀਂ ਸ਼ਰਧਾ ਵੱਸ ਸਮਾਜ ਨੂੰ ਵਰਨਾਂ ਤੇ ਜਾਤਾਂ ਪਾਤਾਂ ਵਿੱਚ ਵੰਡਣ ਵਾਲ਼ਿਆਂ ਦੇ ਮੁੜ੍ਹ ਗੁਲਾਮ ਬਣੀ ਜਾ ਰਹੇ ਹਨ। ਗੁਰਬਾਣੀ ਦੇ 'ਸਾਹਿਬ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ' ਦੇ ਸੁਨਹਿਰੇ ਸਿਧਾਂਤ ਨੂੰ ਛੱਡਕੇ ਦੋਗਲੇ ਬਣ ਗਏ ਹਨ । ਗੁਰੂ ਨਾਨਕ ਪਾਤਸ਼ਾਹ ਜੀ ਨੇ ਪੰਜ ਸਦੀਆਂ ਪਹਿਲਾਂ ਮਨੁੱਖਤਾ ਦੇ ਅਜਿਹੇ ਗੱਦਾਰ ਲੋਕਾਂ ਲਈ ਹੀ ਤਾਂ ਕਿਹਾ ਸੀ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥੩॥
(੬੬੨-੬੬੩)

ਤਾਇਆ ਬਿਸ਼ਨਾ ਕਹਿੰਦਾ ਹੁੰਦਾ "ਇਹਨਾਂ ਨਾਲੋਂ ਤਾਂ ਕੋਠੇ ਵਾਲ਼ੀ ਵੇਸ਼ਵਾ ਜ਼ਿਆਦਾ ਇੱਜ਼ਤਦਾਰ ਹੁੰਦੀ ਹੈ ਜਿਹੜੀ ਭਾਂਵੇਂ ਜਿਸਮ ਵੇਚਦੀ ਹੈ ਪਰ ਆਪਣੀ ਸੋਚ ਨਹੀਂ ਵੇਚਦੀ ਪਰ ਇੱਥੇ ਤਾਂ ਟੱਬਰ, ਕੁਣਬੇ ਤੇ ਪੂਰੀਆਂ ਬਰਾਦਰੀਆਂ ਹੀ ਵਿਕਾਊ ਹਨ, ਜਿਹਨਾਂ ਦੀਆਂ ਵੋਟਾਂ ਦਾ ਸੌਦਾ ਸਮਾਜ ਦੇ ਗੱਦਾਰ ਲੋਕ ਕਰ ਰਹੇ ਹਨ!"

ਕਿੱਥੋਂ ਲੱਭੀਏ ਸਮਰਾਟ ਅਸ਼ੋਕ,
ਨਾਇਕ ਵਿਹੂਣੇ ਹੋ ਗਏ ਲੋਕ,
ਨਾ ਕੋਈ ਰੋਕ ਤੇ ਨਾ ਕੋਈ ਟੋਕ,
ਬੁੱਕਦੇ ਫਿਰਨ ਵਪਾਰੀ ਬੋਕ,
ਕੀਮਤ ਦੱਸ ਤੇ ਤਾਲ਼ੀ ਠੋਕ?

ਪੰਜਾਬ ਦੀ ਜੋ ਹਾਲਤ ਹੈ, ਉਹ ਤੁਸੀਂ ਜਾਣਦੇ ਹੀ ਹੋ!

ਘਰਾਂ ਵਿਚ ਵਿਹਲੇ ਬੈਠੇ ਕਿਰਤ ਵਿਹੂਣੇ ਲੋਕ ਨਾਮੁਰਾਦ ਬੀਮਾਰੀਆਂ ਤੋਂ ਅਵਾਜ਼ਾਰ ਹਨ, ਸਰਕਾਰੀ ਹਸਪਤਾਲਾਂ ਵਿਚ ਡਾਕਟਰ ਨਹੀਂ, ਦਵਾਈਆਂ ਨਹੀਂ, ਸਕੂਲਾਂ ਵਿੱਚ ਅਧਿਆਪਕ ਨਹੀਂ, ਪੜ੍ਹੇ ਲਿਖੇ ਨੌਜਵਾਨਾਂ ਕੋਲ਼ ਕੋਈ ਰੁਜਗਾਰ ਨਹੀਂ, ਕਿਸਾਨਾਂ ਦੀਆਂ ਫਸਲਾਂ ਦਾ ਸਹੀ ਮੁੱਲ ਨਹੀਂ ਮਿਲ਼ਦਾ, ਕਰਜ਼ੇ ਦੀ ਪੰਡ ਦਿਨੋਂ ਭਾਰੀ ਹੁੰਦੀ ਜਾ ਰਹੀ ਹੈ, ਮਜ਼ਦੂਰ ਹੱਥਲ਼ ਹੋਏ ਬੈਠੇ ਹਨ, ਧੀਆਂ ਸ਼ਗਨ ਦੀ ਉਡੀਕ 'ਚ, ਬਜ਼ੁਰਗ ਬੁਢਾਪਾ ਪੈਨਸ਼ਨ ਦੀ ਉਡੀਕ 'ਚ ਬੈਠੇ ਹਨ, ਬੇਰੁਜ਼ਗਾਰੀ ਦੀ ਭੰਨੀ ਜਵਾਨੀ ਨਸ਼ਿਆਂ ਦੀ ਦਲਦਲ 'ਚ ਫਸ ਕੇ ਮਰਨ ਕਿਨਾਰੇ ਹੈ। ਥਾਣਿਆਂ ਤੇ ਸਰਕਾਰੀ ਦਫ਼ਤਰਾਂ ਵਿਚ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ।

ਸਮਾਜ ਵਿਚ ਲੋਕਾਂ ਦੇ ਪੈਰਾਂ ਦੀਆਂ ਤਲੀਆਂ ਹੇਠ ਅੰਗਿਆਰ ਮਘ ਰਹੇ ਹਨ। ਉਹ ਹਰ ਤਰ੍ਹਾਂ ਦੇ ਅੰਗਿਆਰਾਂ ਉਪਰ ਤੁਰਨ ਦੇ ਆਦੀ ਹੋ ਗਏ ਹਨ। ਉਹਨਾਂ ਸਾਹਮਣੇ ਦੁਸ਼ਵਾਰੀਆਂ ਹੀ ਦੁਸ਼ਵਾਰੀਆਂ ਹਨ, ਬਚਣ ਦਾ ਕੋਈ ਰਸਤਾ ਨਹੀਂ। ਸਿਆਸੀ ਲੋਕ ਹੀ ਨਹੀਂ, ਸਮਾਜ ਵਿੱਚ ਹੋਰ ਵੀ ਬਥੇਰੀਆਂ 'ਸਮਾਜ-ਸੇਵੀ' ਸੰਸਥਾਵਾਂ ਹਨ ਜਿਹੜੀਆਂ ਆਪੋ ਆਪਣੀ ਡਫਲੀ ਵਜਾ ਰਹੀਆਂ ਹਨ। ਧਰਮ ਦਾ ਚੋਲ਼ਾ ਪਾਈ ਬੈਠੇ ਅਖੌਤੀ ਸਾਧ, ਸੰਤ, ਬਾਬੇ ਤੇ ਮਨਘੜਤ ਸਵਰਗ ਨਰਕ ਦੀਆਂ ਗੱਲਾਂ ਕਰਨ ਵਾਲ਼ੇ ਪੁਜਾਰੀ, ਸਾਹਿਤ ਤੇ ਸੱਭਿਆਚਾਰ ਦੇ ਸੇਵਾਦਾਰ ਹੋਣ ਦਾ ਨਾਟਕ ਕਰਨ ਵਾਲ਼ੇ ਮੌਕਾਪ੍ਰਸਤ ਲੋਕ, ਸਭ ਆਪੋ ਆਪਣਾ ਰਾਗ ਅਲਾਪ ਰਹੇ ਹਨ। ਲੋਕਾਂ ਨੂੰ ਸਮਝ ਹੀ ਨਹੀਂ ਆ ਰਿਹਾ ਕਿ ਇਹਨਾਂ ਵਿਚੋਂ ਉਹਨਾਂ ਦਾ ਵਫ਼ਾਦਾਰ ਕੌਣ ਹੈ ਤੇ ਗੱਦਾਰ ਕੌਣ।


ਬੁੱਧ ਸਿੰਘ ਨੀਲੋਂ
91-94643-70823

ਸਿਆਸੀ ਪਾਰਟੀਆਂ ਪੰਜ ਸਾਲ ਲੋਕਾਂ 'ਤੇ ਰਾਜ ਕਰਦੀਆਂ ਹਨ ਤੇ ਲੋਕਾਂ ਨੂੰ ਲੁੱਟ ਪੁੱਟ ਕੇ ਆਪਣੀਆਂ ਤਜ਼ੌਰੀਆਂ ਭਰਦੀਆਂ ਹਨ। ਜਦੋਂ ਲੋਕ ਉਹਨਾਂ ਤੋਂ ਅੱਕ ਜਾਂਦੇ ਹਨ ਤਾਂ ਤਾਂ 'ਉੱਤਰ ਕਾਂਟੋ ਮੈਂ ਚੜ੍ਹਾਂ' ਦੇ ਸਿਧਾਂਤ ਤੇ ਅਮਲ ਕਰਦੇ ਹੋਏ ਲੋਕਾਂ ਦੀ ਨਕੇਲ ਵਿਰੋਧੀ ਨੂੰ ਫੜਾ ਕੇ ਘੱਟੋਘੱਟ ਪੰਜ ਸਾਲ ਲਈ ਸਨਿਆਸ ਆਸ਼ਰਮ ਧਾਰਨ ਕਰ ਲੈਂਦੀਆਂ ਹਨ। ਜਦ ਖਾਧਾ ਪੀਤਾ ਹਜ਼ਮ ਹੋ ਜਾਂਦਾ ਹੈ ਤੇ ਲੋਕ ਉਹਨਾਂ ਦੀਆਂ ਬਦਬਖਤੀਆਂ ਭੁੱਲ ਭੁਲਾਅ ਜਾਂਦੇ ਹਨ ਤਾਂ ਨਵਾਂ ਅਵਤਾਰ ਧਾਰਕੇ ਫਿਰ ਪਰਗਟ ਹੋ ਜਾਂਦੀਆਂ ਹਨ।

ਇਹਨਾਂ ਦੀਆਂ ਬਦਬਖਤੀਆਂ ਕਰਕੇ ਆਮ ਵਰਗ ਹਰ ਪਾਸਿਓਂ ਹਨ੍ਹੇਰੇ ਵੱਲ ਵਧ੍ਹ ਰਿਹਾ ਹੈ। ਸਿਹਤ, ਸਿੱਖਿਆ ਤੇ ਰੁਜ਼ਗਾਰ ਵਿਹੂਣਾ ਹੋਇਆ ਅਵਾਮ ਅੱਜ ਅੱਕੀਂ ਪਲਾਹੀਂ ਹੱਥ ਮਾਰ ਰਿਹਾ ਹੈ। ਉਸ ਦੀ ਬਾਂਹ ਫੜ੍ਹਨ ਵਾਲਾਂ ਕੋਈ ਨਹੀਂ। ਬੇਉਮੀਦੇ ਲੋਕ ਕਦੇ ਡੇਰਿਆਂ ਵੱਲ ਦੌੜਦੇ ਹਨ, ਕਦੇ ਸਿਆਸੀ ਪਾਰਟੀਆਂ ਦੇ ਜਲਸਿਆਂ ਵੱਲ ਭੱਜਦੇ ਹਨ, ਕਦੇ ਉਹਨਾਂ ਨੂੰ ਇਹ ਲਗਦਾ ਹੈ ਕਿ ਕੋਈ ਹੋਰ ਉਹਨਾਂ ਦੀ ਡੁਬਦੀ ਬੇੜੀ ਬੰਨੇ ਲਾ ਦੇਵੇਗਾ।

ਸਮਾਜ ਦੇ ਹਰ ਖੇਤਰ ਵਿਚ ਚੌਧਰੀਆਂ ਦੀ ਤਾਂ ਭਰਮਾਰ ਹੈ ਪਰ ਸਮਰਾਟ ਅਸੋਕ ਵਰਗਾ, ਗੁਰਬਾਣੀ ਰਚੇਤੇ ਪੈਂਤੀਆਂ ਮਹਾਂ ਪੁਰਖਾਂ ਵਰਗਾ, ਗੁਰੂ ਗੋਬਿੰਦ ਸਿੰਘ ਸਾਹਿਬ ਵਰਗਾ, ਬੰਦਾ ਸਿੰਘ ਬਹਾਦਰ ਵਰਗਾ, ਮਹਾਰਾਜਾ ਰਣਜੀਤ ਸਿੰਘ ਵਰਗਾ, ਭੀਮਰਾਓ ਅੰਬੇਦਕਰ ਵਰਗਾ ਕੋਈ ਨਾਇਕ ਬਣਦਾ ਨਜ਼ਰ ਨਹੀਂ ਆ ਰਿਹਾ। ਜਿਹਨਾਂ ਸੰਸਥਾਵਾਂ ਨੇ ਨਾਇਕ ਤਿਆਰ ਕਰਨੇ ਸਨ, ਉਹ ਸਭ ਦੀਆਂ ਸਭ ਖੁਦ ਨਾਇਕ ਵਿਹੂਣੀਆਂ ਹੋ ਗਈਆਂ ਹਨ। ਇਸੇ ਕਰਕੇ ਉਹਨਾਂ ਨੂੰ ਆਪਣੀ ਆਪੋ-ਧਾਪੀ ਪਈ ਹੋਈ ਹੈ।

ਸਿਆਸੀ ਆਗੂਆਂ ਨੇ ਆਮ ਲੋਕਾਂ ਨੂੰ ਸਿਰਫ਼ ਇੱਕ 'ਵੋਟਰ' ਬਣਾ ਕੇ ਰੱਖ ਦਿੱਤਾ ਹੈ ਤੇ ਉਹਨਾਂ ਅੰਦਰੋਂ ਇਨਸਾਨੀਅਤ ਮਾਰ ਮੁਕਾਅ ਦਿੱਤੀ ਹੈ। ਹਰ ਪੰਜ ਸਾਲ ਬਾਅਦ ਉਹਨਾਂ ਨੂੰ ਵਰਤ ਲਿਆ ਜਾਂਦਾ ਹੈ। ਪਾਰਟੀਆਂ ਫੱਟੇ ਤੇ ਝੰਡੇ ਬਦਲ ਬਦਲ ਕੇ ਰਾਜ ਕਰ ਰਹੀਆਂ ਹਨ। ਵਿਕਾਸ ਦੇ ਨਾਂ 'ਤੇ ਲੋਕਾਂ ਦੇ ਦਿੱਤੇ ਟੈਕਸ ਨੂੰ ਆਪਣੇ ਹਿੱਤਾਂ ਲਈ ਵਰਤਦੀਆਂ ਹਨ। ਉਪਰ ਤੋਂ ਥੱਲੇ ਤੱਕ ਰਿਸ਼ਵਤ ਦਾ ਬੋਲ ਬਾਲਾ ਹੈ। ਭ੍ਰਿਸ਼ਟਾਚਾਰ ਦੀ ਦਲਦਲ 'ਚ ਲੋਕ ਡੁੱਬ ਰਹੇ ਹਨ। ਬੀਮਾਰੀਆਂ ਨਾਲ਼ ਅਣਿਆਈ ਮੌਤੇ ਮਰ ਰਹੇ ਹਨ ਲੋਕ, ਨਸ਼ਿਆਂ ਦੀ ਲਤ ਲੱਗਣ ਨਾਲ਼ ਜਵਾਨੀ ਗੰਭੀਰ ਬੀਮਾਰੀਆਂ ਦਾ ਸ਼ਿਕਾਰ ਹੋ ਰਹੀ ਹੈ। ਪੰਜਾਬ ਦੇ ਨੌਜਵਾਨਾਂ ਦੀ ਮਰਦਾਨਾ ਤਾਕਤ ਘਟ ਰਹੀ ਹੈ। ਹਾਲਾਤ ਦਿਨੋਂ ਦਿਨ ਗੰਭੀਰ ਹੋ ਰਹੇ ਹਨ। ਟੈਸਟ ਟਿਊਬ ਬੇਬੀ ਹਸਪਤਾਲ ਧੜਾਧੜ ਖੁੱਲ੍ਹ ਰਹੇ ਹਨ ਤੇ ਪੰਜਾਬੀਆਂ ਦੀ ਨਸਲ ਬਦਲੀ ਦੀਆਂ ਸਾਜ਼ਿਸ਼ਾਂ ਦੀਆਂ ਕੰਨਸੋਆਂ ਹਨ। ਪੰਜਾਬ ਵਿੱਚ ਨੇਪਾਲੀ ਤੇ ਗੜ੍ਹਵਾਲੀ ਬੀਜ ਬੀਜਣ ਦੀਆਂ ਅਫ਼ਵਾਹਾਂ ਉਡ ਰਹੀਆਂ ਹਨ !




ਪੰਜਾਬ ਦੀਆਂ ਕੁੜੀਆਂ ਤੇ ਮੁੰਡੇ ਵਿਦੇਸ਼ਾਂ ਨੂੰ ਜਾ ਰਹੇ ਹਨ। ਜਵਾਨੀ, ਬੌਧਿਕ ਸ਼ਕਤੀ ਤੇ ਸਰਮਾਇਆ ਵਿਦੇਸ਼ ਵੱਲ ਜਾ ਰਿਹਾ ਹੈ। ਪਿੰਡਾਂ ਦੇ ਲੋਕ ਸ਼ਹਿਰਾਂ ਵੱਲ ਦੌੜ ਰਹੇ ਹਨ। ਕਾਰਖਾਨੇ ਬੰਦ ਹੋ ਰਹੇ ਹਨ, ਜਿਹਨਾਂ ਦੇ ਕੋਲ਼ ਰੁਜ਼ਗਾਰ ਸੀ, ਉਹ ਵੀ ਬੇਰੁਜ਼ਗਾਰ ਹੋ ਰਹੇ ਹਨ। ਹਰ ਤਰ੍ਹਾਂ ਦਾ ਮਾਫ਼ੀਆ ਰੂੜੀ ਦੇ ਢੇਰ ਵਾਂਗੂੰ ਲਗਾਤਾਰ ਵਧ ਰਿਹਾ ਹੈ। ਹਰ ਥਾਂ 'ਤੇ ਮਾਫੀਆ ਦਾ ਕਬਜ਼ਾ ਹੈ। ਆਮ ਲੋਕਾਂ ਨੂੰ ਲੁੱਟਣ ਲਈ ਹਰ ਥਾਂ ਪੁਲਸ ਵਾਲ਼ੇ ਤੇ ਉਹਨਾਂ ਪਿੱਛੇ ਸਿਆਸਤਦਾਨ ਖੜ੍ਹੇ ਹਨ। ਜਿਹੜੇ ਪੁਲਸ ਵਾਲ਼ਿਆਂ ਤੇ ਸਿਆਸਤਦਾਨਾ ਨੇ ਆਮ ਲੋਕਾਂ ਦੀ ਰਾਖੀ ਕਰਨੀ ਸੀ ਉਹ ਆਪ ਹੀ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ।

ਲੋਕਾਂ ਕੋਲ਼ੋਂ ਲਿਖਣ ਤੇ ਬੋਲਣ ਦੀ ਆਜ਼ਾਦੀ ਖੋਹਣ ਲਈ ਸੰਵਿਧਾਨ ਦਾ ਨੱਕ ਮਰੋੜਿਆ ਜਾ ਰਿਹਾ ਹੈ। ਲੋਕਾਂ ਦੇ ਮਸਲੇ ਨਜਿੱਠਣ ਨਾਲ਼ੋਂ ਕੁਰਸੀ ਦੀ ਲੜਾਈ ਲਈ ਸਿਆਸੀ ਪਾਰਟੀਆਂ ਨੂੰ ਵੱਧ ਫਿਕਰ ਹੈ। ਇਸੇ ਕਰਕੇ ਇਹ ਸਿਆਸੀ ਚੌਧਰੀ ਇੱਕ ਦੂਜੇ ਦੇ ਖਿਲਾਫ਼ ਰੈਲੀਆਂ ਕਰਦੇ ਹਨ। ਜਿਹੜੇ ਲੋਕਾਂ ਦੀਆਂ ਜ਼ਮੀਰਾਂ ਮਰ ਗਈਆਂ ਹਨ, ਉਹ ਕੁਝ ਦਮੜਿਆਂ ਖਾਤਰ ਇਹਨਾਂ ਦੀਆਂ ਰੈਲੀਆਂ ਵਿੱਚ ਜਾਂਦੇ ਹਨ।

ਸਿਆਸੀ ਮਦਾਰੀਆਂ ਨੇ ਅਚੂਕ ਨੁਸਖਾ ਲੱਭ ਲਿਆ ਹੈ। ਪਹਿਲਾਂ ਲੋਕਾਂ ਨੂੰ ਕਿਰਤਹੀਣ ਕਰੋ, ਫੇਰ ਉਹਨਾਂ ਨੂੰ ਮੁਫਤ ਦੀ ਚਾਟ 'ਤੇ ਲਾ ਦਿਓ। ਉਹ ਕੋਹਲੂ ਦੇ ਅਸੀਲ ਬਲ਼ਦ ਵਾਂਗੂੰ ਅੱਖਾਂ ਮੀਟੀ ਮਗਰ ਮਗਰ ਤੁਰੇ ਆਉਣਗੇ। ਇਸ ਮੁਫ਼ਤਖੋਰੀ ਨੇ ਲੋਕਾਂ ਨੂੰ ਵੋਟਾਂ ਪੈਣ ਵੇਲੇ ਸਿਆਸੀ ਆਗੂਆਂ ਵਲੋਂ ਵੰਡੀ ਜਾ ਰਹੀ ਮੁਫ਼ਤ ਦੀ ਸ਼ਰਾਬ ਤੇ ਨਕਦ ਨਾਵੇਂ ਦਾ ਮੁਹਤਾਜ਼ ਬਣਾਕੇ ਰੱਖ ਦਿੱਤਾ ਹੈ। ਉਹ ਪੰਜ ਸਾਲ ਵੋਟਾਂ ਪੈਣ ਦੀ ਉਡੀਕ ਕਰਦੇ ਹਨ । ਆਪਣੀ ਇੱਜ਼ਤ, ਮਾਣ, ਬੋਲੀ, ਸੱਭਿਆਚਾਰ ਸਭ ਗਹਿਣੇ ਪਾ ਕੇ ਬੇਸ਼ਰਮੀ ਦਾ ਨੰਗਾ ਨਾਚ ਨੱਚਦੇ ਹਨ।

ਹੁਣ ਨਾਇਕ ਵਿਹੂਣੇ ਹੋਏ ਪੰਜਾਬੀਆਂ ਦੀ ਬਾਂਹ ਫੜਨ ਵਾਲ਼ਾ ਕੋਈ ਵੀ ਨਿਧੜਕ ਆਗੂ ਕਿਸੇ ਵੀ ਪਾਸੇ ਨਜ਼ਰ ਨਹੀਂ ਆ ਰਿਹਾ। ਜਿਹੜੇ ਆਪਣੇ ਆਪ ਨੂੰ 'ਨਾਇਕ ' ਹੋਣ ਦਾ ਆਪੇ ਹੀ ਖਿਤਾਬ ਲਈ ਬੈਠੇ ਹਨ ਉਹ ਸਭ ਆਪੋ ਆਪਣੀਆਂ ਰੋਟੀਆਂ ਸੇਕਦੇ ਨਜ਼ਰ ਆ ਰਹੇ ਹਨ। ਧਰਮ ਤੇ ਸਿਆਸਤ ਦਾ ਚੋਲ਼ਾ ਪਾਈ ਬੈਠੇ ਲੋਕ ਆਮ ਲੋਕਾਂ ਦੀਆਂ ਭੀੜਾਂ ਤਾਂ ਜ਼ਰੂਰ 'ਕੱਠੀਆਂ ਕਰਦੇ ਹਨ ਪਰ ਉਹਨਾਂ ਨੂੰ ਰਾਹੇ ਪਾਉਣ ਦੀ ਥਾਂ ਕੁਰਾਹੇ ਪਾ ਰਹੇ ਹਨ। ਇੱਕ ਸੋਹਣਾ ਸਮਾਜ ਬਣਾਉਣ ਦੇ ਢੰਗ ਤਰੀਕੇ ਕੋਈ ਵੀ ਨਹੀਂ ਦੱਸ ਰਿਹਾ।

ਹੁਣ ਸਾਨੂੰ ਰਸੂਲ ਹਮਜ਼ਾਤੋਵ ਦੀਆਂ ਗੱਲਾਂ ਚੇਤੇ ਆਉਂਦੀਆਂ ਹਨ ਜਿਹੜਾ ਕਹਿ ਗਿਆ ਹੈ ਕਿ 'ਸਾਨੂੰ ਆਪਣੇ ਰਸਤੇ ਆਪ ਚੁਨਣੇ ਚਾਹੀਦੇ ਹਨ।' ਪਰ ਅਸੀਂ ਤਾਂ ਬਣੇ ਬਣਾਏ ਰਸਤਿਆਂ ਉਪਰ ਤੁਰਨ ਦੇ ਆਦੀ ਹੋ ਗਏ ਹਾਂ। ਅਸੀਂ ਕਦੋਂ ਤੱਕ ਆਪਣੇ 'ਫਰਜ਼ਾਂ ਵੱਲ ਪਿੱਠ ਕਰੀ ਰੱਖਾਂਗੇ? ਸਾਡੇ ਮਹਾਨ ਗੁਰੂ ਇਸ ਧਰਤੀ ਤੋਂ ਰੁਖ਼ਸਤ ਹੋਣ ਤੋਂ ਪਹਿਲਾਂ ਸਾਨੂੰ ਸ਼ਬਦ ਗੁਰੂ ਦੇ ਲੜ ਲਾ ਗਏ ਸਨ। ਅਜੋਕੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਹੀ ਸਾਡੇ ਮਹਾਂ ਨਾਇਕ ਹਨ ਜਿੱਥੋਂ ਸੇਧ ਲੈਕੇ ਅਸਾਂ ਆਪਣੀ ਆਜ਼ਾਦ ਹਸਤੀ ਕਾਇਮ ਰੱਖਣੀ ਹੈ। ਜਦੋਂ ਤੱਕ ਅਸੀਂ ਸ਼ਬਦ-ਗੁਰੂ ਦੇ ਲੜ ਨਹੀਂ ਲੱਗਦੇ ਅਸੀਂ ਨਾਇਕ ਵਿਹੂਣੇ ਹੀ ਰਹਾਂਗੇ। ਸ਼ਬਦ ਨੇ ਸਾਨੂੰ ਚੇਤਨਾ ਦੇਣੀ ਹੈ ਪਰ ਅਸੀਂ ਤਾਂ 'ਸ਼ਬਦ' ਦੀ ਰਮਜ਼ ਪਛਾਨਣ ਦੀ ਥਾਂ ਮਨਘੜਤ ਸਾਖੀਆਂ ਤੇ ਨਿਰਭਰ ਹੋ ਗਏ ਹਾਂ। ਸ਼ਬਦ ਗੁਰੂ ਨਾਲ਼ੋਂ ਟੁੱਟ ਕੇ ਦੇਹਧਾਰੀਆਂ ਦੇ ਡੇਰਿਆਂ ਵੱਲ ਤੁਰ ਪਏ ਹਾਂ । ਕੀ ਉਹ ਡੇਰੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਵੀ ਹਨ ? ਉਹ ਤਾਂ ਉਹਨਾਂ ਸਿਰਫ਼ ਮੱਥਾ ਟਿਕਵਾਉਣ, ਪੈਸੇ ਕਮਾਉਣ ਤੇ ਲੋਕਾਂ ਨੂੰ ਭਰਮਾਉਣ ਖਾਤਰ ਹੀ ਰੱਖਿਆ ਹੋਇਆ ਹੈ। ਉਹ ਸਭ ਗੁਰਮਤਿ ਦਾ ਰਾਹ ਛੱਡਕੇ ਕਰਮਕਾਂਡਾਂ ਦੇ ਜੰਗਲ਼ ਵਿਚ ਗਵਾਚਦੇ ਜਾ ਰਹੇ ਹਨ। ਉਹਨਾਂ ਮਗਰ ਲੱਗ ਕੇ ਅਸੀਂ ਵੀ ਸ਼ਬਦ ਗੁਰੂ ਤੋਂ ਦੂਰ ਹੁੰਦੇ ਜਾ ਰਹੇ ਹਾਂ !

ਪਤਾ ਨਹੀਂ ਹੁਣ ਕਦੋਂ ਵਾਪਸ ਪਰਤਾਂਗੇ ਆਪਾਂ ?
ਕਦੋਂ ਜਿਉਂਦੇ ਜਾਗਦੇ ਹੋਣ ਦਾ ਸਾਨੂੰ ਹੋਵੇਗਾ ਅਹਿਸਾਸ?
ਸਾਡੇ ਅੰਦਰੋਂ ਮਰ ਚੁੱਕੀ ਮਨੁੱਖਤਾ ਕਦੋਂ ਜਾਗੇਗੀ?

ਹਾਲਾਤ ਕਹਿੰਦੇ ਹਨ ਕਿ ਹੁਣ ਸਾਨੂੰ ਆਪਣਾ ਨਾਇਕ ਖੁਦ ਹੀ ਬਣਨਾ ਪਵੇਗਾ। ਗਰਜਾਂ ਛੱਡਕੇ ਫਰਜ਼ਾਂ ਦੀ ਜੰਗ ਲੜਨ ਲਈ ਤੁਰਨਾ ਪਵੇਗਾ। ਹੁਣ ਕਿਸੇ ਸ਼ਹੀਦ ਭਗਤ ਸਿੰਘ ਨੇ ਵਾਪਸ ਨਹੀਂ ਆਉਣਾ। ਸਾਡੇ ਕੋਲ਼ ਇੱਕ ਹੀ ਰਸਤਾ ਹੈ ਕਿ ਖੁਦ ਭਗਤ ਸਿੰਘ ਬਣ ਜਾਈਏ।

ਲੋਕਾ ਜਾਗ ਬਈ ਆ…
ਹੁਣ ਜਾਗੋ ਆਈ ਆ।
ਸ਼ਬਦ ਗੁਰੂ ਦੀ ਜੋਤ ਜਗਾ ਲੈ,
ਸਭ ਨੂੰ ਆਪਣੇ ਨਾਲ਼ ਰਲ਼ਾ ਲੈ,
ਬਈ ਹੁਣ ਜਾਗੋ ਆਈ ਆ…
ਬਿਨਾਂ ਕਿਤਾਬਾਂ ਅਕਲ ਨਾ ਆਉਂਦੀ,
ਹਰ ਕਿਤਾਬ ਕੁੱਝ ਨਵਾਂ ਸਿਖਾਉਂਦੀ,
ਦੋਸਤ ਇਹਨੂੰ ਬਣਾ ਲੈ,
ਬਈ ਹੁਣ ਜਾਗੋ ਆਈ ਆ…
ਕਿਤਾਬ ਨੂੰ ਨਾਇਕ ਬਣਾ ਲੈ
ਬਈ ਹੁਣ ਜਾਗੋ ਆਈ ਆ…
ਹੁਣ ਪੰਜਾਬੀਓ ਸੋਚੋ, ਤੁਹਾਡਾ ਕੀ ਬਣੇਗਾ ?
ਅਬ ਤੇਰਾ ਕਿਆ ਹੋਗਾ… ਪੰਜਾਬ ਸਿਆਂ…

ਸਾਰੀ ਗੁਰਬਾਣੀ ਬੰਦੇ ਦੇ ਮਨ ਨੂੰ ਸੰਬੋਧਨ ਕਰਦੀ ਹੈ, ਆਪਣੇ ਫ਼ਰਜ਼ਾਂ ਤੋਂ ਭਟਕ ਗਏ ਲੋਕਾਂ ਨੂੰ ਗੁਰਬਾਣੀ ਤਾਅਨੇ ਮਿਹਣੇ ਦੇਂਦੀ ਹੈ, ਫਿਟਕਾਰਾਂ ਪਾਉਂਦੀ ਹੈ। ਤਾਂਹੀ ਤਾਂ ਕਹਿੰਦੀ ਹੈ:

ਖਤ੍ਰੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਕਹੀ ॥ (੬੬੨-੬੩)*

ਹੱਕ ਸੱਚ ਦੀ ਲੜਾਈ ਲੜਨ ਵਾਲੇ ਸਾਡੇ ਪੈਂਤੀ ਮਹਾਂਪੁਰਖ, ਮੁਗਲਾਂ ਤੋਂ ਰਾਜ ਖੋਹਣ ਵਾਲ਼ੇ ਅਠਾਰਵੀਂ ਸਦੀ ਦੇ ਸਿੰਘ ਸ਼ਹੀਦ, ਵੀਹਵੀਂ ਸਦੀ ਦੇ ਦੇਸ਼ ਭਗਤ ਗਦਰੀ ਬਾਬੇ, ਸਾਰੇ ਹੀ ਜਰੂਰ ਤੁਹਾਨੂੰ ਲਾਹਨਤਾਂ ਪਾ ਰਹੇ ਹੋਣਗੇ ! ਪਰ ਤੁਹਾਨੂੰ ਤੇ ਉਹ ਸੁਣਦੀਆਂ ਹੀ ਨਹੀਂ!

ਤੁਹਾਨੂੰ ਤੇ ਚਾਰ ਚੁਫੇਰੇ ਈਡੀ ਵਾਲ਼ੀਆਂ ਕੀੜੀਆਂ ਦੇ ਭੌਣ ਹੀ ਦਿਸ ਰਹੇ ਹਨ!

ਯਾਦ ਰੱਖਿਓ ਜਿਵੇਂ 'ਗਦਰ ਲਹਿਰ' ਦੇ ਗੱਦਾਰ ਕਿਰਪਾਲ ਸਿੰਘ ਨੂੰ ਲੋਕ ਅੱਜ ਤਕ ਲਾਹਨਤਾਂ ਪਾਉਂਦੇ ਹਨ, ਉਸੇ ਤਰ੍ਹਾਂ ਪੰਜਾਬ ਦੇ ਹਿੱਤ ਵੇਚਣ ਵਾਲ਼ੇ ਟਕੇ ਟਕੇ ਲਈ ਵਿਕਾਊ ਸਿਆਸਤਦਾਨੋਂ, ਬਖ਼ਸ਼ਣਾ ਇਤਿਹਾਸ ਨੇ ਤੁਹਾਨੂੰ ਵੀ ਨਹੀਂ ਹੈ !

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਸੰਪੂਰਨਤਾ ਦਿਵਸ 'ਤੇ ਵਿਸ਼ੇਸ ਲੇਖ

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ - ਸੰਪੂਰਨਤਾ



ਸੰਤੋਖ ਸਿੰਘ ਸੰਧੂ
+64 22 071 0935

ਅੱਜ ਸਿੱਖ ਜਗਤ ਆਪਣੇ ਸਦਜੀਵਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ ਮਨਾ ਰਿਹਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦੋ ਵਾਰ ਹੋਈ ਸੀ। ਪਹਿਲੀ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਮੇਤ ਪੰਜ ਸਿੱਖ ਗੁਰੂਆਂ, 15 ਭਗਤਾਂ, 4 ਸਿੱਖ ਸੰਤਾਂ ਅਤੇ 13 ਭੱਟਾਂ ਦੀ ਉਚਾਰੀ ਹੋਈ ਬਾਣੀ ਦਾ ਸੰਕਲਨ ਕਰਕੇ ਉਸ ਵੇਲੇ ਦੇ ਉੱਘੇ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਕੋਲੋਂ ਲਿਖਵਾ ਕੇ ਇੱਕ ਗ੍ਰੰਥ ਤਿਆਰ ਕਰਵਾਇਆ। ਇਸ ਗ੍ਰੰਥ ਦੀ ਸੰਪੂਰਨਤਾ 30 ਅਗਸਤ 1604 ਈ: ਨੂੰ ਹੋਈ । ਇਸੇ ਸਾਲ ਪਹਿਲੀ ਸਤੰਬਰ ਨੂੰ ਇਸ ਗ੍ਰੰਥ ਸਾਹਿਬ ਨੂੰ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਤਿਆਰ ਹੋਈ ਇਮਾਰਤ ਵਿੱਚ ਸਥਾਪਿਤ ਕਰਕੇ ਇਸਦਾ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ।

ਇਸ ਤਰ੍ਹਾਂ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਗੁਰਬਾਣੀ ਦੇ ਨਿਰੰਤਰ ਨਿਤਨੇਮ ਅਤੇ ਕੀਰਤਨ ਦੀ ਸ਼ੁਰੂਆਤ ਹੋਈ। ਇਸ ਨਿਤਨੇਮ ਦੀ ਖਾਸੀਅਤ ਇਹ ਸੀ ਕਿ ਇਸ ਧਾਰਮਿਕ ਅਸਥਾਨ ਵਿਖੇ ਕਿਸੇ ਵੀ ਵਰਣ ਜਾਂ ਜਾਤ ਦੇ ਮਨੁੱਖ ਦੇ ਪ੍ਰਵੇਸ਼ ਕਰਨ ਦੀ ਮਨਾਹੀ ਨਹੀਂ ਸੀ, ਜਿਵੇਂ ਕਿ ਇਸਤੋਂ ਪਹਿਲਾਂ ਤਥਾਕਥਿਤ ਦਲਿਤ ਜਾਂ ਸ਼ੂਦਰ ਵਰਣ ਦੇ ਲੋਕਾਂ ਦੇ ਧਾਰਮਿਕ ਅਸਥਾਨਾਂ ਵਿੱਚ ਪ੍ਰਵੇਸ਼ ਕਰਨ ਦੀ ਮਨਾਹੀ ਹੁੰਦੀ ਸੀ। ਇਸ ਤਰ੍ਹਾਂ ਸਮਾਜ ਦੇ ਸਾਰੇ ਵਰਣਾਂ ਅਤੇ ਜਾਤਾਂ ਦੇ ਲੋਕ ਇੱਥੇ ਬਿਨਾ ਝਿਜਕ ਆ ਕੇ ਗੁਰਬਾਣੀ ਅਤੇ ਕੀਰਤਨ ਦਾ ਰਸ ਮਾਣਨ ਲੱਗੇ। ਗੁਰੂ ਸਾਹਿਬ ਨੇ ਉਸ ਵੇਲੇ ਨੀਂਵੇਂ ਵਰਗ ਦੇ ਲੋਕਾਂ ਉੱਤੇ ਲੱਗੀਆਂ ਹੋਈਆਂ ਪੁਰਾਣੀਆਂ ਅਤੇ ਤਰਕਹੀਣ ਬੰਦਸ਼ਾਂ ਨੂੰ ਖ਼ਤਮ ਕਰਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਸਾਂਝੀਵਾਲਤਾ ਦਾ ਕੇਂਦਰ ਬਣਾਇਆ ਸੀ। ਉਸ ਵੇਲੇ ਦੇ ਦਲਿਤ ਜਾਣੇ ਜਾਂਦੇ ਪਰ ਉੱਚ ਕੋਟੀ ਦੇ ਵਿਦਵਾਨਾਂ, ਪ੍ਰਭੂ ਭਗਤੀ ਦੇ ਸੱਚੇ ਸੁੱਚੇ ਪੈਰੋਕਾਰਾਂ ਅਤੇ ਮਨੁੱਖ ਜਾਤੀ ਨੂੰ ਇੱਕ ਰੂਪ ਸਮਝਣ ਅਤੇ ਕਹਿਣ ਵਾਲੇ ਭਗਤਾਂ - ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭਗਤ ਨਾਮ ਦੇਵ ਜੀ ਦੀ ਬਾਣੀ ਨੂੰ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਯੋਗ ਥਾਂ ਦੇ ਕੇ ਨਿਵਾਜਿਆ।

ਇਸ ਗ੍ਰੰਥ ਸਾਹਿਬ ਦਾ ਨਾਂ ਆਦਿ ਗ੍ਰੰਥ ਕਰਕੇ ਲਿਆ ਜਾਂਦਾ ਹੈ।ਗੁਰੂ ਗ੍ਰੰਥ ਸਾਹਿਬ ਦੀ ਇਹ ਬੀੜ ਅੱਜ ਵੀ ਜਲੰਧਰ ਤੋਂ ਉਤਰ-ਪੱਛਮ ਦੀ ਦਿਸ਼ਾ ਵਿੱਚ ਕੋਈ 15 ਕਿਲੋਮੀਟਰ ਦੂਰ ਸਥਿਤ ਕਸਬੇ ਕਰਤਾਰਪੁਰ ਵਿੱਚ ਧੀਰਮੱਲੀਆਂ ਦੇ ਪਰਿਵਾਰ ਕੋਲ ਮੌਜੂਦ ਅਤੇ ਸੁਰੱਖਿਅਤ ਪਈ ਹੋਈ ਹੈ। ਇਹ ਬੀੜ ਮੌਜੂਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਵਗਾਮੀ ਸਰੂਪ ਹੈ।

ਦੂਸਰੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਸਵੇਂ ਗੁਰੂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੰਨ 1704 ਤੋਂ 1706ਵਿੱਚ ਕੀਤੀ ਗਈ । ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗ਼ਲ ਹਕੂਮਤ ਜਾਂ ਜ਼ਾਲਿਮ ਔਰੰਗਜ਼ੇਬ ਸਰਕਾਰ ਨਾਲ ਲਗਾਤਾਰ ਖ਼ੂੰਨੀ ਯੰਗਾਂ ਤੋਂ ਫੁਰਸਤ ਮਿਲੀ ਤਾਂ ਗੁਰੂ ਜੀ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਆ ਕੇ ਨਿਵਾਸ




ਕੀਤਾ। ਦੱਸਿਆ ਜਾਂਦਾ ਹੈ ਕਿ ਇਸ ਦੌਰਾਨ ਗੁਰੂ ਜੀ ਨੇ ਕੁਝ ਸਿੱਖਾਂ ਨੂੰ ਕਰਤਾਰਪੁਰ ਭੇਜ ਕੇ ਧੀਰਮੱਲੀ ਪਰਿਵਾਰ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੰਗੀ। ਪ੍ਰਚਲਤ ਮਾਨਤਾ ਹੈ ਕਿ ਧੀਰਮੱਲੀ ਪਰਿਵਾਰ ਨੇ ਉਹ ਬੀੜ ਦੇਣ ਤੋਂ ਨਾਂਹ ਕਰਦਿਆਂ ਕਿਹਾ ਕਿ ਜੇ ਗੋਬਿੰਦ ਸਿੰਘ ਗੁਰੂ ਹੈ ਤਾਂ ਉਹ ਖੁਦ ਨਵਾਂ ਗ੍ਰੰਥ ਤਿਆਰ ਕਰ ਲਵੇ। ਗੁਰੂ ਗੋਬਿੰਦ ਸਿੰਘ ਜੀ ਤਾਕਤ ਨਾਲ ਵੀ ਉਹ ਆਦਿ ਗ੍ਰੰਥ ਸਾਹਿਬ ਦੀ ਬੀੜ ਹਾਸਿਲ ਕਰ ਸਕਦੇ ਸਨ ਪਰ ਉਨ੍ਹਾਂ ਨੇ ਭਰਾ-ਮਾਰੂ ਕਲੇਸ਼ ਤੋਂ ਗੁਰੇਜ ਕਰਦੇ ਹੋਇਆਂ ਅੰਤਰ-ਧਿਆਨ ਸਮਾਧੀ ਵਿੱਚ ਬੈਠ ਕੇ ਬਾਣੀ ਦਾ ਉਚਾਰਣ ਕਰਦਿਆਂ ਭਾਈ ਮਨੀ ਸਿੰਘ ਨੂੰ ਨਾਲ ਨਾਲ ਲਿਖਣ ਲਈ ਕਿਹਾ। ਇੰਝ ਸੰਨ 1706 ਵਿੱਚ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੂਬਹੂ ਉਚਾਰ ਕੇ ਨਵਾਂ ਗ੍ਰੰਥ ਸਾਹਿਬ ਤਿਆਰ ਕੀਤਾ ਗਿਆ। ਇਸ ਨਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 59 ਸ਼ਬਦ ਅਤੇ 57 ਸਲੋਕ ਜੋੜੇ ਗਏ। ਫਿਰ ਦਮਦਮਾ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਜਦ ਸੰਨ 1708 ਵਿੱਚ ਨੰਦੇੜ (ਦੱਖਣ) ਵੱਲ ਜਾਣ ਲੱਗੇ ਤਾਂ ਇਹ ਨਵਾਂ ਗੁਰੂ ਗ੍ਰੰਥ ਸਾਹਿਬ ਨਾਲ ਲੈ ਗਏ। ਉਥੇ 20 ਅਕਤੂਬਰ 1708 ਨੂੰ ਉਸ ਨਵੇਂ ਗ੍ਰੰਥ ਨੂੰ ਸਦਜੀਵਤ ਗੁਰੂ ਦਾ ਦਰਜਾ ਦਿੱਤਾ। ਉਸਤੋਂ ਬਾਅਦ ਨਵੇਂ ਗੁਰੂ ਗ੍ਰੰਥ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਜੋਂ ਮਾਨਤਾ ਸ਼ੁਰੂ ਹੋਈ। ਇਸ ਦਿਹਾੜੇ ਨੂੰ ਹਰ ਸਾਲ ਗੁਰ ਗੱਦੀ ਦਿਵਸ ਕਰਕੇ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਵਿੱਚ ਸਭ ਤੋਂ ਵੱਧ ਸਨਮਾਨਿਤ ਗ੍ਰੰਥ ਹੈ। ਇਸ ਵਿੱਚ ਗੁਰਬਾਣੀ ਦੇ 5894 ਸ਼ਬਦ ਦਰਜ । ਇਸ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ਨ ਸਰੂਪ ਸੰਨ 1864 ਵਿੱਚ ਤਿਆਰ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਲ 1430 ਅੰਕ ਹਨ ਅਤੇ 33 ਖੰਡ ਹਨ। ਪਹਿਲੇ ਤਿੰਨ ਖੰਡ ਪ੍ਰਾਰਥਨਾ ਦੇ ਹਨ, ਜਿਨ੍ਹਾਂ ਵਿੱਚ ਪਹਿਲਾ ਖੰਡ ਸ੍ਰੀ ਜਪੁਜੀ ਸਾਹਿਬ (ਸਵੇਰ ਵੇਲੇ ਦੀ ਪ੍ਰਾਰਥਨਾ), ਦੂਸਰਾ ਖੰਡ ਸ੍ਰੀ ਸੋਦਰੁ ਰਹਿਰਾਸ ਸਾਹਿਬ (ਸ਼ਾਮ ਵੇਲੇ ਦੀ ਪ੍ਰਾਰਥਨਾ) ਅਤੇ ਤਸਿਰਾ ਖੰਡ ਕੀਰਤਨ ਸੋਹਿਲਾ (ਸੌਣ ਵੇਲੇ ਦੀ ਪ੍ਰਾਰਥਨਾ) ਅਤੇ ਸੰਪਨ ਖੰਡ ਵਿੱਚ ਸਲੋਕ ਤੇ ਮੁਦਾਵਣੀ ਸਾਹਿਬ ਦੀ ਬਾਣੀ ਦਰਜ ਹੈ।

**ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼:**

1. ਪ੍ਰਮਾਤਮਾ ਇੱਕ ਹੀ ਹੈ : ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ ਕਿ ਸਮੁੱਚੇ ਬ੍ਰਹਿਮੰਡ ਦਾ ਮਾਲਿਕ ਪ੍ਰਭੂ ਇੱਕ ਹੀ ਹੈ। ਮਨੁੱਖਾ ਸਮਾਜ ਨੇ ਪ੍ਰਮਾਤਮਾ ਨੂੰ ਆਪਣੇ ਧਰਮ, ਜਾਤ, ਨਸਲ, ਦੇਸ ਅਤੇ ਖਿੱਤੇ ਅਨੁਸਾਰ ਵੰਡ ਕੇ ਆਪਣੀ ਮਾਨਤਾ ਮੁਤਾਬਕ ਪ੍ਰਭੂ ਦੇ ਵੱਖ ਵੱਖ ਨਾਮ ਰੱਖ ਲਏ ਸਨ। ਇੰਝ ਇਹ ਇੱਕ ਭਰਮ ਬਣ ਗਿਆ ਕਿ ਸਭਨਾਂ ਦਾ ਪ੍ਰਭੂ ਵੱਖਰਾ ਵੱਖਰਾ ਹੈ।
2. ਪ੍ਰਭੂ ਸਦਾ ਸੱਚ ਅਤੇ ਸਭਨਾ ਅੰਦਰ ਵੱਸਦਾ ਹੈ : ਗੁਰਬਾਣੀ ਵਿੱਚ ਪ੍ਰਭੂ ਦੀ ਹੋਂਦ ਉਤੇ ਬੜਾ ਜ਼ੋਰ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ ਕਿ ਪ੍ਰਭੂ ਇੱਕ ਸੱਚਾਈ ਹੈ ਅਤੇ ਉਸਦਾ ਘਟ ਘਟ ਵਿੱਚ ਵਾਸ ਹੈ।
3. ਸਾਰੇ ਮਨੁੱਖ ਬਰਾਬਰ ਹਨ: ਮਨੁੱਖ ਨੇ ਇਸ ਸ੍ਰਿਸ਼ਟੀ ਉਤੇ ਮਨੁੱਖਾਂ ਵਿਚਕਾਰ ਧਰਮਾਂ, ਫਿਰਕਿਆਂ, ਉਚ, ਨੀਚ ਦੇ ਨਾਂ ਉਤੇ ਵੰਡੀਆਂ ਪਾਈਆਂ ਹੋਈਆਂ ਹਨ । ਗੁਰਬਾਣੀ ਵਿੱਚ ਇਨ੍ਹਾਂ ਵੰਡੀਆਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਸਭ ਮਨੁੱਖਾਂ ਨੂੰ ਬਰਾਬਰ ਮੰਨਿਆਂ ਗਿਆ ਹੈ।
4. ਮਰਦ ਤੇ ਔਰਤ ਵਿੱਚ ਕੋਈ ਉਤਮ ਅਤੇ ਕੋਈ ਘਟੀਆ ਨਹੀਂ ਹੈ : ਸਾਡਾ ਸਮਾਜ ਮਰਦ ਪ੍ਰਧਾਨ ਸਮਾਜ ਸੀ। ਔਰਤਾਂ ਨੂੰ ਮਰਦਾਂ ਤੋਂ ਘਟੀਆ ਮੰਨਿਆਂ ਜਾਂਦਾ ਸੀ। ਇਹ ਵਿਤਕਰਾ ਅੱਜ ਵੀ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਕੁਰੀਤੀ ਦੀ ਸਖ਼ਤ ਨਿਖੇਧੀ ਕੀਤੀ ਹੈ।
5. ਪੰਜ ਵੱਕਾਰਾਂ ਉਤੇ ਕਾਬੂ: ਮਨੁੱਖ ਦੇ ਜੀਵਨ ਵਿੱਚ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨਾਂ ਦੇ ਪੰਜ ਵੱਕਾਰ ਹਨ। ਇਨ੍ਹਾਂ ਵੱਕਾਰਾਂ ਵਿੱਚ ਲਿਪਤ ਹੋ ਕੇ ਮਨੁੱਖ ਕਈ ਤਰ੍ਹਾਂ ਦੇ ਪਾਪ ਕਰਦਾ ਹੋਇਆ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ। ਗੁਰਬਾਣੀ ਮਨੁੱਖ ਨੂੰ ਇਨ੍ਹਾਂ ਵੱਕਾਰਾਂ ਨੂੰ ਕਾਬੂ ਵਿੱਚ ਰੱਖਦਿਆਂ ਸਦਾ ਪ੍ਰਭੂ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੰਦੀ ਹੈ।
6. ਸਦਾ ਪ੍ਰਭੂ ਦੇ ਹੁਕਮ ਵਿੱਚ ਰਹੋ : ਦੁਖ ਸੁਖ ਜ਼ਿੰਦਗੀ ਦਾ ਹਿੱਸਾ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਵਿੱਚ ਰਹਿਣ ਦੀ ਨਸੀਹਤ ਕੀਤੀ ਗਈ ਹੈ।
7. ਸਦਾ ਪ੍ਰੇਮ, ਦਯਾ, ਨਿਮਰਤਾ ਤੇ ਹਮਦਰਦੀ ਧਾਰਨ ਕਰੋ: ਗੁਰਬਾਣੀ ਵਿੱਚ ਮਨੁੱਖ ਨੂੰ ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਉਤੇ ਬਹੁਤ ਜ਼ੋਰ ਦਿੱਤਾ ਗਿਆ ਹੈ।

# ਦਸਮੇਸ਼ ਪਿਤਾ ਜੀ ਦੇ 52 ਦਰਬਾਰੀ ਕਵੀ ਅਤੇ ਵਿਦਵਾਨ

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੰਕਲਪ ਧਰਮ ਵਿਚ ਸਮਾਜ ਨੂੰ ਪੁਰਾਤਨ ਝੂਠੇ ਕਰਮ-ਕਾਂਡਾਂ ਅਤੇ ਰਹੁ-ਰੀਤਾਂ ਵਿਚੋਂ ਕੱਢ ਕੇ ਇਨਕਲਾਬੀ ਸਵੈ-ਮਾਣ ਵਾਲਾ ਜੀਵਨ ਜਿਉਣ ਦੇ ਸਮਰੱਥ ਬਣਾਉਣਾ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਉਪਦੇਸ਼ ਵਿਚ ਵਿਕਸਤ ਸ਼ਬਦਾਵਲੀ ਦਾ ਭੰਡਾਰ ਸੀ। ਉਹਨਾਂ ਨੂੰ ਦੂਸਰੇ ਧਰਮਾਂ ਦਾ ਗਿਆਨ ਸੀ। ਜਿਸ ਨਾਲ ਉਹ ਆਤਮਕ ਵਿੱਦਿਆ ਵਿਚ ਨਿਪੁੰਨ ਸਨ। ਉਹਨਾਂ ਨੇ ਬਹੁਤ ਸਾਰਾ ਸਮਾਂ ਸੰਤਾਂ, ਫਕੀਰਾਂ ਨਾਲ ਚਰਚਾ ਵਿਚ ਬਿਤਾਇਆ। ਸਿਧ ਗੋਸ਼ਟੀ ਵੀ ਉਹਨਾਂ ਦੇ ਇਸ ਹੁਨਰ ਤੇ ਹੀ ਆਧਾਰਿਤ ਸੀ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ ਅੰਗ 660



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਹੇ ਨਾਨਕ! ਜਦ ਤੱਕ ਦੁਨੀਆਂ ਵਿਚ ਜਿਊਣਾ ਹੈ, ਪ੍ਰਮਾਤਮਾ ਦੀ ਸਿਫ਼ਤ ਸਲਾਹ ਸੁਣਨੀ ਕਰਨੀ ਚਾਹੀਦੀ ਹੈ। ਇਹ ਉਸ ਸਦਭਾਵਨਾ ਦਾ ਮੰਤਰ ਹੈ, ਕਿਸੇ ਦੀ ਗੱਲ ਸੁਣਨਾ ਤੇ ਆਪਣੀ ਕਹਿਣ ਨਾਲ ਸੁਖ ਮਿਲਦਾ ਹੈ। ਇਕ-ਦੂਜੇ ਦੀ ਪਛਾਣ ਹੁੰਦੀ ਹੈ। ਵਿਚਾਰ ਚਰਚਾ ਚਲਦੀ ਹੈ, ਸ਼ੰਕੇ ਦੂਰ ਹੁੰਦੇ ਹਨ। ਗੁਰੂ ਜੀ ਨੇ ਸਿੱਖਾਂ ਨੂੰ ਅਧਿਆਤਮਕ, ਵਿਦਿਅਕ, ਰਾਜਨੀਤਿਕ ਪੱਖੋਂ ਜਾਗਰਿਤ ਕਰਨਾ ਚਾਹਿਆ ਸੀ। ਸਿੱਖਾਂ ਨੂੰ ਆਪਣੀ ਬੋਲੀ, ਆਪਣੀ ਲਿੱਪੀ ਵਿਚ ਉਪਦੇਸ਼ ਪੜ੍ਹਨ ਅਤੇ ਸਮਝਣ ਦੇ ਕਾਬਲ ਬਣਾਉਣ ਲਈ ਗੁਰਮੁਖੀ ਲਿੱਪੀ ਨੂੰ ਇਜ਼ਾਤ ਕੀਤਾ ਅੱਗੇ ਜਾ ਕੇ ਗੁਰੂਆਂ ਨੇ ਇਸ ਨੂੰ ਹੋਰ ਬਣਾਇਆ ਸੰਵਾਰਿਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖਾਂ ਨੂੰ ਹਰ ਪੱਖ ਤੋਂ ਸੰਪੂਰਨ ਬਣਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ। ਇਸਦੀ ਆਰੰਭਤਾ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਲੈ ਕੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ ਅਤ ਸਿੱਖ ਬਾਣੀਕਾਰਾਂ ਦੀ ਪਵਿੱਤਰ ਬਾਣੀ ਲੋਕ ਭਾਸ਼ਾਵਾਂ, ਸੰਤ ਭਾਸ਼ਾ ਸਾਹਿਤ ਦੀ ਉਮਦਾ ਵੰਨਗੀ ਕਾਵਿ ਰੂਪ ਵਿਚ ਹੈ। ਪਵਿੱਤਰ ਬਾਣੀ ਦੀ ਰਚਨਾ ਨੂੰ ਸੰਭਾਲਿਆ ਗਿਆ। ਇਸ ਪ੍ਰਮਾਤਮਾ ਦੀ ਉਸਤਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਾਂ ਇਸਦੀ ਵਾਰਤਕ ਵਿਆਖਿਆ ਮਨ ਨੂੰ ਢਾਰਸ ਜਾਂ ਧੀਰਜ ਹੀ ਨਹੀਂ ਦਿੰਦੀ ਸਗੋਂ ਮਾਨਸਿਕ ਤਸੱਲੀ ਵੀ ਪ੍ਰਾਪਤ ਹੁੰਦੀ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਦਿ ਗ੍ਰੰਥ ਵਿਚ ਗੁਰ-ਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਕੱਤਰ ਕਰਕੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸਾਰੀ ਮਾਨਵ ਜਾਤੀ ਵਾਸਤੇ ਹੈ। ਉਪਦੇਸ਼ ਚਹੁੰ ਵਰਨਾ ਕਾਂਝਾ। ਇਹ ਪੰਜਾਬੀ ਸਾਹਿਤ ਦੀ ਸਿਰਮੌਰ ਸਦੀਵੀ ਵੰਨਗੀ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੰਕਲਪ ਨੂੰ ਅੱਗੇ ਗੁਰੂਆਂ ਨੇ ਨਿਰੰਤਰ ਤੋਰਿਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸੇ ਸੰਕਲਪ ਵਿਚ ਕੌਮ ਉਸਾਰੀ ਦੀ ਵਿਉਂਤਬੰਦੀ ਕੀਤੀ। ਜਿਸ ਵਿਚ ਉਹਨਾਂ ਨੇ ਕਵਿਤਾ ਦਾ ਮਾਧਿਅਮ ਚੁਣਿਆ। ਆਪ ਸਾਹਿਤ ਰਚਨਾ ਕੀਤੀ। ਆਪ ਨੇ ਦੂਸਰੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਜੀ ਨੇ ਪੁਰਾਣਾਂ, ਰਮਾਇਣ, ਮਹਾਂਭਾਰਤ ਦੇ ਸੂਰਮਿਆਂ ਦੀਆਂ ਕਥਾਵਾਂ ਦਾ ਅਨੁਵਾਦ ਕਰਨ ਦਾ ਕਾਰਜ ਆਰੰਭਿਆ। ਦੂਸਰੇ ਰਾਜਿਆਂ ਦੇ ਸਤਾਏ ਹੋਏ ਕਵੀ ਵੀ ਆਪ ਜੀ ਨਾਲ ਆ ਜੁੜੇ। ਗੁਰੂ ਜੀ ਨੂੰ ਆਪ ਸ਼ਾਇਰੀ ਦਾ ਬੜਾ ਸ਼ੌਕ ਸੀ। ਆਪ ਜੀ ਨੇ ਅਜਿਹੀ ਮਨੋਹਰ ਕਵਿਤਾ ਰਚੀ, ਜਿਸ ਨਾਲ ਪੰਜਾਬੀ ਸਾਹਿਤ ਨੂੰ ਹੋਰ ਵੀ ਅਮੀਰੀ ਬਖ਼ਸ਼ੀ। ਉਹਨਾਂ ਨੇ ਵਿਦਵਾਨਾਂ ਨੂੰ ਬਨਾਰਸ ਭੇਜਿਆ ਕਿ ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕਰਨ। ਜਿਹਨਾਂ ਨੇ ਦੂਸਰੀਆਂ ਭਾਸ਼ਾਵਾਂ ਦਾ ਅਨੁਵਾਦ ਕਰਕੇ ਗੁਰੂ ਜੀ ਨਾਲ ਧਰਮ ਪ੍ਰਚਾਰ ਵਿਚ ਮਦਦ ਕੀਤੀ। ਇਹਨਾਂ ਨੂੰ ਨਿਰਮਲੇ ਕਿਹਾ ਜਾਂਦਾ ਸੀ। ਇਸ ਸਾਹਿਤ ਰਚਨਾ ਦਾ ਮਨੋਰਥ ਸੀ ਕਿ ਸਿੱਖਾਂ ਵਿਚ ਬੀਰ ਰਸ ਭਰਿਆ ਜਾਵੇ ਤਾਂ ਜੋ ਉਹ ਜ਼ੁਲਮ ਦੇ ਵਿਰੁੱਧ ਡੱਟਣ ਲਈ ਕੁਰਬਾਨੀ ਤੋਂ ਵੀ ਪਿੱਛੇ ਨਾ ਰਹਿਣ। ਗੁਰੂ ਜੀ ਦੀ ਲੇਖਣੀ ਦਾ ਸਮਾਂ 1678 ਤੋਂ ਸ਼ੁਰੂ ਹੋ ਕੇ ਦੋ ਦਹਾਕੇ ਤੋਂ ਵੱਧ ਚੱਲਿਆ। ਗੁਰੂ ਜੀ 1685-1689 ਤੱਕ ਚਾਰ ਸਾਲ ਦਾ ਸਮਾਂ ਪਾਉਂਟਾ ਸਾਹਿਬ ਦੀ ਪਵਿੱਤਰ ਧਰਤੀ ਤੇ ਠਹਿਰੇ। ਜਿੱਥੇ ਆਪ ਜੀ ਨੇ ਫੌਜੀ ਛਾਉਣੀਆਂ ਸਥਾਪਤ ਕੀਤੀਆਂ, ਉਥੇ ਪੰਜਾਬੀ ਸਾਹਿਤ ਦਾ ਵੀ ਬਹੁਤ ਕੰਮ ਕੀਤਾ। ਗੁਰਬਾਣੀ ਦੀ ਰਚਨਾ ਕੀਤੀ। ਉਦੋਂ ਗੁਰੂ ਜੀ ਸਾਹਿਤ ਰਚਨਾ ਵਾਸਤੇ ਇਕ ਇਕਾਂਤ ਟਿਕਾਣੇ ਦੀ ਤਲਾਸ਼ ਵਿਚ ਸਨ। ਤਦ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਨਾਹਨ ਪਹੁੰਚ ਗਏ। ਉਥੇ ਰਹਿੰਦਿਆਂ ਗੁਰੂ ਜੀ ਇਲਾਕੇ ਦੀ ਸੈਰ ਕਰਦੇ ਰਹੇ, ਸ਼ਿਕਾਰ ਖੇਡਦੇ ਰਹੇ। ਇਕ ਦਿਨ ਰਾਜਾ ਮੇਦਨੀ ਪ੍ਰਕਾਸ਼ ਨੇ ਕਿਹਾ ਤੁਸੀਂ ਮੇਰੀ ਰਿਆਸਤ ਵਿਚ ਜੇਕਰ ਟਿਕ ਜਾਵੋ ਤਾਂ ਚੰਗਾ ਹੋਵੇਗਾ। ਗੁਰੂ ਜੀ ਨੇ ਚੰਗੀ ਜਗ੍ਹਾ ਵੇਖ ਕੇ ਇਕ ਕਿਲਾ ਬਣਵਾਇਆ, ਜਿਸਦਾ ਨਾਂ ਆਪਨੇ ਪਾਉਂਟਾ ਰੱਖਿਆ। ਪਾਉਂਟਾ ਸਾਹਿਬ ਟਿਕ ਕੇ ਆਪਣੇ ਗੁਰਬਾਣੀ ਰਚਨਾ ਦਾ ਕਾਰਜ ਜਾਰੀ ਰੱਖਿਆ।



ਉਸ ਸਮੇਂ ਸੰਸਕ੍ਰਿਤ ਜੋ ਧਰਮ ਪ੍ਰਚਾਰ ਦੀ ਵਿਦਿਆ ਸੀ, ਉਪਰ ਬ੍ਰਾਹਮਣਾਂ ਦਾ ਕਬਜ਼ਾ ਸੀ। ਗੁਰੂ ਜੀ ਨੇ ਉਸ ਗਿਆਨ ਨੂੰ ਲੋਕ ਭਾਸ਼ਾ ਵਿਚ ਰਚ ਕੇ ਆਪਣੇ ਢੰਗ ਦਾ ਪ੍ਰਚਾਰ ਕੀਤਾ। ਉਹਨਾਂ ਦੇ ਅਨੁਪਮ ਇਲਾਹੀ ਦਰਬਾਰ ਵਿਚ ਗੁਣੀਆਂ, ਵਿਦਵਾਨਾਂ, ਕਵੀਆਂ, ਕਲਾਕਾਰਾਂ ਅਤੇ ਕਲਾਕਾਰਾਂ ਦਾ ਵੱਡਾ ਸੰਗਠਨ ਹੋ ਗਿਆ। ਜਿਹਨਾਂ ਵਿਚ 52 ਦਰਬਾਰੀ ਰਤਨ ਕਵੀ ਵੀ ਸ਼ਾਮਲ ਸਨ। ਅਧਿਆਤਮਕ ਉਪਦੇਸ਼ ਦੇ ਨਾਲ ਨਾਲ ਹੋਰ ਸਾਧਨਾਂ ਵਿਚ ਕਥਾ-ਕੀਰਤਨ, ਬੀਰ ਰਸ ਅਤੇ ਸ਼ਸਤਰਾਂ ਦਾ ਸਤਿਕਾਰ ਸੰਭਾਲ ਹੁੰਦੀ ਅਤੇ ਵਿਦਿਆ ਕਲਾ ਅਤੇ ਕਵਿਤਾ ਦੀ ਰੌਣਕ ਵੀ ਬਾਕਮਾਲ ਸੀ। ਦੂਰਦੁਰ ਤੋਂ ਗੁਣੀ ਗੁਰੂ ਜੀ ਦੇ ਦਰਬਾਰ ਦੀ ਸ਼ੋਭਾ ਸੁਣ ਕੇ ਆਉਂਦੇ ਅਤੇ ਪੂਰਾ ਮਾਣ-ਸਤਿਕਾਰ ਪ੍ਰਾਪਤ ਕਰਦੇ ਸ਼ਾਂਤ ਰਹਿਣ ਲੱਗੇ। ਗੁਰੂ ਜੀ ਸਭ ਦਾ ਬਰਾਬਰ ਸਤਿਕਾਰ ਕਰਦੇ। ਭੱਟ ਵੀ ਆਪਣੀਆਂ ਰਚ-ਨਾਵਾਂ ਦਾ ਗਾਇਨ ਕਰਦੇ ਰਹਿੰਦੇ ਸਨ। ਮੁਗਲ ਦਰਬਾਰ ਦੇ ਸਤਾਏ ਹੋਏ ਕਵੀ ਜਿਵੇਂ ਪੰਡਤ ਸੁਖਦੇਵ, ਬਰਿੰਡ, ਅਲੀਮ, ਕਨੂੰਵਰੇਸ਼, ਕਾਸ਼ੀ ਰਾਮ ਅਤੇ ਭਾਈ ਨੰਦ ਲਾਲ ਗੋਆ ਵਰਗੇ ਵੀ ਗੁਰੂ ਜੀ ਦੀ ਪ੍ਰਤੀਪਾਲਣਾ ਹੇਠ ਆ ਗਏ ਸਨ। ਭਾਵੇਂ 52 ਦਰਬਾਰੀ ਰਤਨ ਕਵੀ ਪੱਕੇ ਤੌਰ 'ਤੇ ਗੁਰੂ ਦਰਬਾਰ ਵਿਚ ਰਹੇ, ਪਰ ਸਮੇਂ-ਸਮੇਂ ਵਿਦਵਾਨਾਂ ਦੇ ਆਉਣ ਜਾਣ ਦਾ ਤਾਂਤਾ ਲੱਗਾ ਰਹਿਣਾ ਸੀ। ਸਮੂਹਿਕ ਲੇਖਣੀ ਨਾਲ ਭਾਵੇਂ ਕਿਸੇ ਸਮੇਂ ਸਾਹਿਤ ਦਾ ਵੱਡਾ ਭੰਡਾਰ ਹੋ ਗਿਆ ਸੀ। ਜਿਸਨੂੰ 'ਵਿਦਿਆ ਸਾਗਰ' ਕਿਹਾ ਜਾਂਦਾ ਸੀ। ਪਰ ਅਨੰਦਪੁਰ ਛੱਡਣ ਸਮੇਂ ਖੁਰਦ-ਬੁਰਦ ਹੋ ਗਿਆ। ਸਿਰਫ ਉਹ ਹੀ ਸਾਹਿਤ ਬਚਿਆ ਜੋ ਲੇਖਕਾਂ ਕੋਲ ਸੀ ਜਾਂ ਉਹਨਾਂ ਦੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਸੀ। ਕਵੀਆਂ ਦੀਆਂ ਰਚਨਾਵਾਂ ਵਿਚ ਭਿਆਨਕ ਜੰਗਾਂ ਵਿਚ ਨਗਾਰਿਆਂ ਦੀ ਚੋਟ, ਫੌਜਾਂ ਦੀ ਤਿਆਰੀ, ਰਣਭੂਮੀ ਦੇ ਵੀਰਤਾ ਦ੍ਰਿਸ਼, ਮਹਾਰਾਜ ਦੀ ਸ਼ਖਸੀਅਤ, ਤੀਰ ਅੰਦਾਜ਼ੀ, ਸ਼ਿਕਾਰ, ਗੱਤਕੇ ਦੇ ਕਰਤੱਵ ਆਦਿ ਪ੍ਰਸੰਗਾਂ ਦਾ ਵੇਰਵਾ ਉਹਨਾਂ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਵੱਡੇ-ਵੱਡੇ ਇਕੱਠ ਦੇ ਸਮੇਂ ਰਚਨਾਵਾਂ ਦੇ ਪਰਚੇ ਸੰਗਤਾਂ ਵਿਚ ਵੰਡੇ ਜਾਂਦੇ।

ਦਸਮੇਸ਼ ਪਿਤਾ ਜੀ ਦੀ ਲਾਸਾਨੀ ਸ਼ਖਸੀਅਤ ਬਿਆਨ ਨਹੀਂ ਕੀਤੀ ਜਾ ਸਕਦੀ। ਪਰ ਦਰਬਾਰੀ ਰਤਨ ਕਵੀਆਂ ਨੇ ਆਪ ਜੀ ਦੀ ਸ਼ਖਸੀਅਤ ਦੇ ਦੀਦਾਰ ਪ੍ਰਾਪਤ ਕੀਤੇ ਸਨ। ਉਹਨਾਂ ਨੇ ਸ਼ਖਸੀਅਤ ਨੂੰ ਬਿਆਨ ਕਰਦਿਆਂ ਉਹਨਾਂ ਦਾ ਸਿਰ ਸਤਿਕਾਰ ਵਿਚ ਝੁਕਦਾ ਹੈ। ਗੁਰੂ ਦਰਬਾਰ ਦੇ ਸ਼੍ਰੋਮਣੀ ਕਵੀ ਨੰਦ ਲਾਲ ਜੀ ਆਪਣੀ ਰਚਨਾ 'ਗੰਜਨਾਮਾ' ਵਿਚ ਮਹਾਰਾਜ ਦੇ ਗੁਣਾਂ ਦੀ ਉਪਮਾ ਕਰਦਿਆਂ ਲਿਖਦੇ ਹਨ- ਬਾਦ ਜਾਨਸ਼ ਫਿਦਾਏ ਗੁਰੂ ਗੋਬਿੰਦ ਸਿੰਘ। ਫਰਕ ਓ ਬਰ ਪਾਇ ਗੁਰੂ ਗੋਬਿੰਦ ਸਿੰਘ। ਭਾਵ ਬੇਨਤੀ ਹੈ ਕਿ ਮੇਰੀ ਜਾਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਰਬਾਨ ਹੋਵੇ। ਅਤੇ ਮੇਰਾ ਸੀਸ ਸਦਾ ਮਹਾਰਾਜ ਦੇ ਚਰਨਾਂ ਵਿਚ ਰਹੇ। 52 ਦਰਬਾਰੀ ਰਤਨ ਕਵੀਆਂ ਅਤੇ ਵਿਦਵਾਨਾਂ ਦੇ ਪੱਖ ਵਿਚ ਇਹ ਗੱਲ ਅਹਿਮ ਹੈ ਕਿ ਗੁਰੂ ਜੀ ਨੂੰ ਖੁਦ ਸ਼ਾਇਰੀ ਦਾ ਬੜਾ ਸ਼ੌਕ ਸੀ। ਉਹ ਆਪਣੀ ਨਿਗਰਾਨੀ ਹੇਠ ਕਾਵਿ-ਗੋਸ਼ਟੀਆਂ ਕਰਵਾਉਂਦੇ ਅਤੇ ਕਵੀਆਂ ਨੂੰ ਮਾਣ-ਸਨਮਾਨ ਨਾਲ ਨਿਵਾਜਦੇ। ਅੱਜ ਵੀ ਪਾਉਂਟਾ ਸਾਹਿਬ ਦੀ ਧਰਤੀ ਤੇ ਕਵੀ ਦਰਬਾਰ ਅਸਥਾਨ ਮੌਜੂਦ ਹੈ। ਜਿੱਥੇ ਹਰ ਪੂਰਨਮਾਸ਼ੀ ਦੇ ਦਿਨ ਪ੍ਰਬੰਧਕਾਂ ਵੱਲੋਂ ਕਵੀ ਦਰਬਾਰ ਸਜਾਇਆ ਜਾਂਦਾ ਹੈ।

# ਹਰਿਆਣਾ, ਜੰਮੂ-ਕਸ਼ਮੀਰ ਚੋਣਾਂ-ਭਾਜਪਾ ਦਾ ਅਕਸ ਦਾਅ 'ਤੇ



ਗੁਰਮੀਤ ਪਲਾਹੀ
91-98158-02070

ਇਹ ਸਪਸ਼ਟ ਹੈ ਕਿ ਹਰਿਆਣਾ ਅਤੇ ਜੰਮੂ-ਕਸ਼ਮੀਰ ਦੋਨਾਂ ਹੀ ਸੂਬਿਆਂ ਵਿੱਚ ਹੋਣ ਜਾ ਰਹੀਆਂ ਚੋਣਾਂ ਭਾਰਤੀ ਜਨਤਾ ਪਾਰਟੀ ਲਈ ਸੌਖੀਆਂ ਨਹੀਂ ਹੋਣਗੀਆਂ। ਉਥੇ ਭਾਜਪਾ ਅਤੇ ਕਾਂਗਰਸ/ਇੰਡੀਅਨ ਗਠਬੰਧਨ ਵਿੱਚ ਸਖ਼ਤ ਟੱਕਰ ਹੋਣ ਵਾਲੀ ਹੈ। ਇਹ ਚੋਣਾਂ ਸਤੰਬਰ/ਅਕਤੂਬਰ 2024 ਵਿੱਚ ਹੋ ਰਹੀਆਂ ਹਨ।

ਆਮ ਤੌਰ 'ਤੇ ਹਰਿਆਣਾ ਅਤੇ ਮਹਾਂਰਾਸ਼ਟਰ ਵਿੱਚ ਚੋਣਾਂ ਹੋਣ ਦਾ ਵੇਲਾ ਇਹੋ ਜਿਹਾ ਰਿਹਾ ਹੈ ਪਰ ਹਾਰ ਦੇ ਅਣਜਾਣੇ ਡਰ ਕਾਰਨ ਭਾਜਪਾ ਹਕੂਮਤ ਨੇ ਇਹ ਚੋਣਾਂ ਹਰਿਆਣਾ, ਜੰਮੂ ਕਸ਼ਮੀਰ ਦੀਆਂ ਚੋਣਾਂ ਬਾਅਦ ਕਰਵਾਉਣ ਦਾ ਫੈਸਲਾ ਭਾਰਤੀ ਚੋਣ ਕਮਿਸ਼ਨ ਤੋਂ ਕਰਵਾਇਆ ਹੈ। ਇਥੋਂ ਭਾਜਪਾ ਨੂੰ ਸ਼ਿਵ ਸੈਨਾ (ਯੂ.ਬੀ.ਟੀ.), ਨੈਸ਼ਨਲਿਸਟ ਕਾਂਗਰਸ ਪਾਰਟੀ (ਐਸ.ਸੀ.) ਕਾਂਗਰਸ ਅਤੇ ਹੋਰ ਪਾਰਟੀਆਂ ਦੀ ਆਪਸੀ ਸਾਂਝ ਇੰਡੀਆ ਗਠਜੋੜ ਦਾ ਏਕਾ ਭਾਜਪਾ ਨੂੰ ਪ੍ਰੇਸ਼ਾਨ ਕਰ ਰਿਹਾ ਹੈ, ਕਿਉਂਕਿ ਇੰਡੀਆ ਗੱਠਜੋੜ ਦੇ ਆਗੂ ਸ਼ਰਦ ਪਵਾਰ ਦਾ ਬਿਆਨ ਹੈ ਕਿ ਉਹਨਾ ਦਾ ਪੂਰਾ ਜ਼ੋਰ ਮਹਾਰਾਸ਼ਟਰ 'ਚ ਸਰਕਾਰ ਬਦਲਣ ਤੇ ਕੇਂਦਰਿਤ ਹੈ।

ਉਧਰ ਜੰਮੂ-ਕਸ਼ਮੀਰ 'ਚ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਵਿਚਾਲੇ ਗੱਠਜੋੜ ਹੋ ਰਿਹਾ ਹੈ। ਜਿਥੇ 90 ਸੀਟਾਂ ਉਤੇ ਗਠਜੋੜ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਇਥੇ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਅਰਥਾਤ ਇੰਡੀਆ ਗੱਠਜੋੜ ਦੀ ਤਰਜੀਹ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਕਰਨ ਦੀ ਹੈ। ਉਹਨਾ ਦੀ ਤਰਜੀਹ ਲੋਕਾਂ ਦੇ ਖੋਹੇ ਹੋਏ ਹੱਕ ਬਹਾਲ ਕਰਨ ਦੀ ਵੀ ਹੈ। ਇਸ ਗੱਠਜੋੜ ਤੋਂ ਬਾਅਦ ਭਾਜਪਾ ਅਤੇ ਇੰਡੀਆ ਗੱਠਜੋੜ ਦੀ ਟੱਕਰ ਜ਼ਬਰਦਸਤ ਹੋ ਜਾਏਗੀ। ਜੰਮੂ ਕਸ਼ਮੀਰ ਵਿੱਚ ਭਾਜਪਾ ਦੀ ਸਫ਼ਲਤਾ ਦਾ ਅਰਥ ਉਂਥੇ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਸਮਰੱਥਨ ਵੀ ਹੋਏਗਾ, ਜਿਸ ਵਿੱਚ 370 ਧਾਰਾ ਨੂੰ ਹਟਾਉਣਾ ਵੀ ਸ਼ਾਮਲ ਹੈ। ਪਰ ਇਸ ਗੱਲ ਦੀ ਸ਼ੰਕਾ ਹੈ ਕਿ ਭਾਜਪਾ ਜੰਮੂ ਕਸ਼ਮੀਰ ਵਿੱਚ ਇੱਕ ਮਜ਼ਬੂਤ ਤਾਕਤ ਦੇ ਰੂਪ ਵਿੱਚ ਉੱਭਰ ਪਾਏਗੀ।

2024 ਵਿੱਚ ਭਾਜਪਾ ਨੇ ਜੰਮੂ ਵਿੱਚ ਦੋ ਲੋਕ ਸਭਾ ਸੀਟਾਂ ਜਿੱਤੀਆਂ ਅਤੇ 24.4% ਵੋਟਾਂ ਪ੍ਰਾਪਤ ਕੀਤੀਆਂ, ਪਰ ਇਹ ਵੀ ਸੱਚਾਈ ਹੈ ਕਿ ਭਾਜਪਾ ਨੇ ਸਾਰੀਆਂ 6 ਲੋਕ ਸਭਾ ਸੀਟਾਂ ਉਤੇ ਲੋਕ ਸਭਾ ਚੋਣਾਂ ਨਹੀਂ ਸਨ ਲੜੀਆਂ। ਇਹ ਭਾਜਪਾ ਦੀ ਕਮਜ਼ੋਰੀ ਦਾ ਸਬੂਤ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਜੰਮੂ ਕਸ਼ਮੀਰ ਵਿੱਚ 35 ਫ਼ੀਸਦੀ ਲੋਕ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਅਤੇ 27 ਫ਼ੀਸਦੀ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਵੇਖਣਾ ਪਸੰਦ ਕਰਦੇ ਸਨ।

2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਸੀ। ਹਰਿਆਣਾ 'ਚ ਭਾਜਪਾ ਨੇ 46.1 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 10 ਸੀਟਾਂ ਵਿੱਚ 5 ਲੋਕ ਸਭਾ ਸੀਟਾਂ ਜਿੱਤੀਆਂ ਜਦਕਿ ਕਾਂਗਰਸ ਨੇ ਬਾਕੀ 5 ਸੀਟਾਂ ਤੇ ਸਫਲਤਾ ਪ੍ਰਾਪਤ ਕੀਤੀ ਅਤੇ 43.7 ਫ਼ੀਸਦੀ ਵੋਟ ਪ੍ਰਾਪਤ ਕੀਤੀਆਂ। ਭਾਜਪਾ ਨੇ 2019 ਚੋਣਾਂ 'ਚ 58 ਫ਼ੀਸਦੀ ਵੋਟਾਂ ਲਈਆਂ ਸਨ ਅਤੇ ਇਸ ਵੇਰ 12 ਫ਼ੀਸਦੀ ਦੀ ਗਿਰਾਵਟ ਇਹਨਾਂ ਚੋਣਾਂ 'ਚ ਵੇਖੀ ਗਈ। ਜਦਕਿ ਕਾਂਗਰਸ ਨੇ 2019 'ਚ 28.4 ਫੀਸਦੀ ਵੋਟ ਲਏ ਅਤੇ ਇਸ ਵੇਰ 15.3 ਫ਼ੀਸਦੀ ਦਾ ਵਾਧਾ ਵੋਟਾਂ 'ਚ ਕੀਤਾ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਵੇਰ ਹਵਾ ਕਿਸ ਪਾਸੇ ਵੱਗ ਰਹੀ ਹੈ। ਸਾਲ 2019 'ਚ ਜਦੋਂ ਹਰਿਆਣਾ 'ਚ ਵਿਧਾਨ ਸਭਾ ਚੋਣਾਂ ਹੋਈਆਂ ਸਨ ਤਾ ਭਾਜਪਾ ਨੂੰ 36.5 ਫ਼ੀਸਦੀ ਵੋਟ ਮਿਲੇ ਸਨ ਤੇ 40 ਸੀਟਾਂ ਪ੍ਰਾਪਤ ਹੋਈਆਂ। ਇਹ ਲੋਕ ਸਭਾ 2019 ਦੀਆਂ ਭਾਜਪਾ ਨੂੰ ਪ੍ਰਾਪਤ ਵੋਟਾਂ ਤੋਂ ਕਾਫ਼ੀ ਘੱਟ ਸਨ। ਇਸ ਵੇਰ ਦੇਖਣਾ ਹੋਏਗਾ ਕਿ ਹਰਿਆਣਾ ਦੇ ਲੋਕ ਇਸੇ ਕਿਸਮ ਦੇ ਫ਼ੈਸਲੇ ਨੂੰ ਦੁਹਰਾਉਂਦੇ ਹਨ ਜਾਂ ਕੋਈ ਅਲੱਗ ਫ਼ੈਸਲਾ ਕਰਦੇ ਹਨ। ਹਰਿਆਣਾ ਵਿੱਚ 2019 'ਚ ਭਾਜਪਾ ਨੇ ਗੱਠਜੋੜ ਸਰਕਾਰ ਬਣਾਈ। ਇਸ ਸਮੇਂ ਦੌਰਾਨ ਕਿਸਾਨ ਅੰਦੋਲਨ ਹੋਇਆ। ਇਸ ਅੰਦੋਲਨ 'ਚ ਹਰਿਆਣਾ ਭਾਜਪਾ ਤੇ ਸਰਕਾਰ ਦੀ ਭੂਮਿਕਾ ਬੇਹੱਦ ਇੱਕ ਪਾਸੜ ਰਹੀ। ਕਿਸਾਨਾਂ ਦੀ ਗੁੱਸਾ ਸਰਕਾਰ ਨੂੰ ਝੱਲਣਾ ਪਿਆ। ਪੰਜ ਸਾਲ ਬਾਅਦ 2019 'ਚ ਵੀ ਸਰਕਾਰ ਨੂੰ ਸਰਕਾਰ ਵਿਰੋਧੀ ਰੋਸ ਦਾ ਸਾਹਮਣਾ ਸੀ ਪਰ ਹੁਣ 10 ਸਾਲਾਂ ਬਾਅਦ ਇਹ ਗੁੱਸਾ, ਰੋਸ, ਹੋਰ ਵੀ ਵਧਿਆ। ਮਨੋਹਰ ਲਾਲ ਖੱਟੜ ਵਿੱਚ ਵਿਚਾਲੇ ਬਦਲੇ ਗਏ, ਨੈਬ ਸਿੰਘ ਸੈਣੀ ਨੂੰ ਲਿਆਂਦਾ ਗਿਆ ਹੈ। ਪਰ ਲੋਕਾਂ 'ਚ ਨਰਾਜ਼ਗੀ ਬਰਕਰਾਰ ਹੈ। ਸਰਕਾਰ ਬਦਲਣ ਨਾਲ ਜਨਤਾ ਦੇ ਮੂਡ ਵਿੱਚ ਕੋਈ ਬਦਲਾਅ ਨਹੀਂ ਹੈ।



ਸੰਭਵ ਹੈ ਕਿ ਰਾਜ ਵਿੱਚ ਨਰੇਂਦਰ ਮੋਦੀ ਦੇ ਅਕਸ ਦਾ ਪੱਤਾ ਖੇਡਿਆ ਜਾਏ। ਪਰ ਭਾਜਪਾ ਲੋਕ ਸਭਾ ਚੋਣਾਂ 'ਚ ਤਾਂ ਮੋਦੀ ਪੱਤੇ ਨਾਲ ਵੋਟਾਂ ਪ੍ਰਾਪਤ ਕਰਨ 'ਚ ਕਾਮਯਾਬ ਰਹਿੰਦੀ ਹੈ, ਪਰ ਵਿਧਾਨ ਸਭਾਵਾਂ 'ਚ ਇਹ ਮੋਦੀ ਪੱਤਾ ਕਾਰਗਰ ਨਹੀਂ ਰਹਿੰਦਾ। ਉਂਜ ਵੀ 2019 ਦੇ ਮੋਦੀ ਦੇ ਅਕਸ ਦੇ ਮੁਕਾਬਲਾ 2024 'ਚ ਵਿਰੋਧੀ ਆਗੂ ਰਾਹੁਲ ਗਾਂਧੀ ਦੀ ਲੋਕ ਪ੍ਰਿਯਤਾ ਵਧੀ ਹੈ। ਲੋਕ ਸਭਾ ਚੋਣਾਂ 'ਚ ਰਾਹੁਲ ਗਾਂਧੀ ਨੂੰ ਹਰਿਆਣਾ 'ਚ 30 ਫ਼ੀਸਦੀ ਲੋਕ ਪ੍ਰਧਾਨ ਮੰਤਰੀ ਵਜੋਂ ਵੇਖਣਾ ਚਾਹੁੰਦੇ ਸਨ, ਜਦਕਿ 2019 'ਚ ਇਹ ਫ਼ੀਸਦੀ 15 ਫ਼ੀਸਦੀ ਸੀ ਤੇ ਮੋਦੀ ਦੀ ਲੋਕ ਪ੍ਰਿਯਤਾ 32 ਫ਼ੀਸਦੀ ਸੀ।

ਜਿਥੇ ਜੰਮੂ ਕਸ਼ਮੀਰ ਵਿੱਚ ਭਾਜਪਾ ਦੇ ਜਿੱਤਣ ਦੀਆਂ ਸੰਭਾਵਨਾਵਾ ਕਾਫੀ ਘੱਟਦੀਆਂ ਜਾ ਰਹੀਆਂ ਹਨ, ਉਥੇ ਹਰਿਆਣਾ ਵਿੱਚ ਵੀ ਭਾਜਪਾ ਦੇ ਜਿੱਤਣ ਦੀ ਆਸ ਮੱਧਮ ਹੈ। ਸ਼ਾਇਦ ਇਹ ਗੱਲ ਹਰਿਆਣਾ ਭਾਜਪਾ ਨੇ ਭਾਂਪ ਲਈ ਹੈ। ਹਰਿਆਣਾ ਭਾਜਪਾ ਵਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਦੀ ਮੰਗ ਸਰਕਾਰੀ ਛੁੱਟੀਆਂ ਦਾ ਹਵਾਲਾ ਦੇਕੇ ਚੋਣ ਅਧਿਕਾਰੀ ਨੂੰ ਲਿਖੇ ਇੱਕ ਪੱਤਰ ਵਿੱਚ ਕੀਤੀ ਗਈ ਹੈ। ਜਦਕਿ ਕਾਂਗਰਸ ਨੇ ਕਿਹਾ ਹੈ ਕਿ ਹਾਰ ਦੇ ਡਰੋਂ ਛੁੱਟੀਆਂ ਦਾ ਬਹਾਨਾ ਬਣਾਕੇ ਭਾਜਪਾ ਚੋਣਾਂ ਮੁਲਤਵੀ ਕਰਵਾਉਣਾ ਚਾਹੁੰਦੀ ਹੈ। ਜੰਮੂ ਕਸ਼ਮੀਰ ਨੈਸ਼ਨਲ ਕਾਨਫਰੰਸ, ਇੰਡੀਅਨ ਨੈਸ਼ਨਲ ਕਾਂਗਰਸ, ਭਾਜਪਾ, ਕਮਿਊਨਿਸਟ ਪਾਰਟੀ (ਮਾਰਕਸੀ) ਪੀਡੀਪੀ (ਮੁਫਤੀ ਮਹਿਬੂਬਾ) ਵਰਗੀਆਂ ਪਾਰਟੀਆਂ ਚੋਣ ਮੈਦਾਨ ਵਿੱਚ ਹਨ। ਭਾਜਪਾ ਨੂੰ ਛੱਡਕੇ ਬਾਕੀ ਲਗਭਗ ਸਾਰੀਆਂ ਪਾਰਟਆਂ 370 ਧਾਰਾ ਖ਼ਤਮ ਕਰਨ ਦੇ ਹੱਕ 'ਚ ਹੈ ਅਤੇ ਇਸੇ ਮੁੱਦੇ 'ਤੇ ਚੋਣ ਲੜਣਗੀਆਂ।

ਹਰਿਆਣਾ ਵਿੱਚ ਭਾਵੇਂ ਮੁੱਖ ਮੁਕਾਬਲਾ ਭਾਜਪਾ ਅਤ ਕਾਂਗਰਸ ਦਰਮਿਆਨ ਹੈ ਪਰ ਭਾਜਪਾ ਦੀ ਭਾਈਵਾਲ ਜੇ.ਜੇ.ਪੀ. ਜੋ ਕੁਝ ਸਮਾਂ ਪਹਿਲਾਂ ਗੱਠਜੋੜ ਤੋਂ ਵੱਖ ਹੋ ਗਈ, ਕਮਿਊਨਿਸਟ ਪਾਰਟੀ, ਆਈ.ਐਸ. ਐਲ.ਡੀ., ਬੀ.ਐਸ.ਪੀ. ਵੀ ਚੋਣਾਂ 'ਚ ਭਾਗ ਲੈਣਗੀਆਂ। ਪਰ ਕਿਉਂਕਿ ਕਿਸਾਨਾਂ ਦਾ ਵੀ ਇਥੇ ਜ਼ੋਰ ਹੈ, ਇਸ ਲਈ ਚਰਚਾ ਹੈ ਕਿ ਗੁਰਨਾਮ ਸਿੰਘ ਚੜੂਨੀ ਪ੍ਰਧਾਨ ਬੀ.ਕੇ.ਯੂ. ਹਰਿਆਣਾ ਦੀ ਅਗਵਾਈ 'ਚ ਕਿਸਾਨ ਵੀ ਚੋਣ ਲੜ ਸਕਦੇ ਹਨ। ਇਹਨਾਂ ਦਿਨਾਂ 'ਚ ਬਹੁਤ ਹੀ ਹਰਮਨ ਪਿਆਰੀ ਹੋਈ ਪਹਿਲਵਾਨ ਵਿਨੇਸ਼ ਫੋਗਾਟ ਨੂੰ ਜਿਸ ਢੰਗ ਨਾਲ ਪ੍ਰਦੇਸ਼ ਕਾਂਗਰਸ ਹਰਿਆਣਾ ਵਲੋਂ ਜੀ ਆਇਆਂ ਆਖਿਆ ਗਿਆ, ਉਸ ਤੋਂ ਵੀ ਜਾਪਦਾ ਹੈ ਕਿ ਹਰਿਆਣਾ ਦੇ ਖਿਡਾਰੀ ਵੀ ਭਾਜਪਾ ਦੇ ਉਲਟ ਪਰ ਕਾਂਗਰਸ ਦੇ ਹੱਕ 'ਚ ਭੁਗਤਣਗੇ।

ਇਸ ਵੇਲੇ ਹਾਲਾਤ ਇਹ ਵੀ ਹੈ ਕਿ ਕਾਂਗਰਸ ਵਿੱਚ ਦੋ ਧੜਿਆਂ 'ਚ ਆਪਸੀ ਫੁੱਟ ਹੈ ਅਤੇ ਇਸਦਾ ਨੁਕਸਾਨ ਚੋਣ ਵੇਲੇ ਕਾਂਗਰਸ ਨੂੰ ਹੋ ਸਕਦਾ ਹੈ। ਪਰ ਇਥੇ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਹਰਿਆਣਾ ਦੇ ਕਿਸਾਨ ਕਿਸ ਧਿਰ ਨਾਲ ਖੜਨਗੇ। ਭਾਵੇਂ ਕਿ ਲੋਕ ਸਭਾ 'ਚ ਬਹੁ ਗਿਣਤੀ ਖਾਪ ਪੰਚਾਇਤਾਂ ਕਾਂਗਰਸ ਲਈ ਖੜੀਆਂ। ਇਥੋਂ ਦੇ ਹੀ ਨਹੀਂ, ਸਗੋਂ ਦੇਸ਼ ਭਰ ਦੇ ਕਿਸਾਨ ਆਗੂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਮਿਲੇ ਸਨ ਅਤੇ ਆਪਣੀਆਂ ਮੰਗਾਂ ਦੇ ਹੱਕ 'ਚ ਸਮਰਥਨ ਮੰਗਿਆ ਸੀ। ਰਾਹੁਲ ਗਾਂਧੀ ਵਲੋਂ ਕਿਸਾਨਾਂ ਦੇ ਹੱਕ 'ਚ ਪੂਰੀ ਤਰ੍ਹਾਂ ਖੜਿਆ ਜਾ ਰਿਹਾ ਹੈ ਅਤੇ ਫ਼ਸਲਾਂ ਦੇ ਸਮਰਥਨ ਮੁੱਲ ਵਾਲੀ ਮੰਗ ਤੇ ਹੋਰ ਮੰਗਾਂ ਦਾ ਪੂਰੇ ਜ਼ੋਰ ਨਾਲ ਸਮਰਥਣ ਹੋ ਰਿਹਾ ਹੈ।

ਆ ਰ।ਐੱਸ।ਐੱਸ ਭਾਜਪਾ ਅਤੇ ਦੇਸ਼ ਦੀ ਹਾਕਮ ਧਿਰ ਇਹਨਾਂ ਦੋਨਾਂ ਰਾਜਾਂ ਵਿਚ ਜਿੱਤ ਦੀ ਪ੍ਰਾਪਤੀ ਲਈ ਹਰ ਹੀਲਾ ਵਰਤੇਗੀ। ਖ਼ਾਸ ਕਰਕੇ ਨਰੇਂਦਰ ਮੋਦੀ, ਜਿਹੜੇ ਲੋਕ ਸਭਾ ਚੋਣਾਂ 'ਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ ਅਤੇ ਜਿਹਨਾਂ ਦੀ ਸਿਆਸੀ ਅਤੇ ਸਖ਼ਸ਼ੀ ਤਾਕਤ ਨੂੰ ਵੱਡਾ ਖੋਰਾ ਲੱਗਾ ਹੈ, ਉਹ ਆਪਣਾ ਅਕਸ ਸੁਧਾਰਨ ਲਈ ਚੋਣਾ ਜਿੱਤਣ ਲਈ ਹਰ ਹੀਲਾ ਵਰਤਣਗੇ। ਦੂਜੇ ਪਾਸੇ ਇੰਡੀਆ ਗੱਠਜੋੜ, (ਵਿਰੋਧੀ ਧਿਰ) ਵੀ ਇਹਨਾ ਮਹੱਤਵਪੂਰਨ ਸੂਬਿਆਂ 'ਚ ਆਪਣੀ ਤਾਕਤ ਵਧਾਉਣ ਲਈ ਯਤਨਸ਼ੀਲ ਰਹੇਗਾ।

ਵਿਰੋਧੀ ਧਿਰ ਵਲੋਂ ਮੌਜੂਦਾ ਸਰਕਾਰ ਦੇ ਪੁੱਟੇ ਗਲਤ ਕਦਮਾਂ, ਜਿਹਨਾ ਵਿੱਚ ਰਿਜ਼ਰਵੇਸ਼ਨ, ਲੈਟਰਲ ਇੰਟਰੀ ਨਾਲ ਵੱਡੇ ਅਫ਼ਸਰਾ ਦੀ ਭਰਤੀ, ਬੇਰੁਜ਼ਗਾਰੀ, ਵਧਦੀ ਭੁੱਖਮਰੀ, ਜਿਹੇ ਮੁੱਦਿਆਂ ਨੂੰ ਗੰਭੀਰਤਾ ਨਾਲ ਚੁੱਕਿਆ ਜਾ ਰਿਹਾ ਹੈ, ਉਸ ਨਾਲ ਲੋਕਾਂ ਵਿੱਚ ਸਰਕਾਰ ਦੀਆਂ ਨੀਤੀਆਂ ਦੀ ਅਸਲੀਅਤ ਉੱਘੜ ਰਹੀ ਹੈ ਅਤੇ ਲੋਕਾਂ 'ਚ ਰੋਸ ਅਤੇ ਨਰਾਜ਼ਗੀ ਵਧ ਰਹੀ ਹੈ। ਬਿਨ੍ਹਾਂ ਸ਼ੱਕ ਵਿਧਾਨ ਸਭਾ ਚੋਣਾਂ 'ਚ ਸਥਾਨਿਕ ਮੁੱਦੇ ਵੀ ਚਰਚਾ 'ਚ ਆਉਂਦੇ ਹਨ, ਪਰ ਦੇਸ਼ 'ਚ ਵਾਪਰ ਰਹੀਆਂ ਘਟਨਾਵਾਂ, ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਆਦਿ ਵੀ ਇਹਨਾ ਚੋਣਾਂ 'ਚ ਵੋਟਰਾਂ 'ਤੇ ਪ੍ਰਭਾਵ ਪਾਏਗੀ।


ਉਂਜ ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਚੋਣਾਂ ਨੂੰ ਦੋ ਸੂਬਿਆਂ ਦੀਆਂ ਚੋਣਾਂ ਵਜੋਂ ਹੀ ਨਹੀਂ ਵੇਖਣਾ ਚਾਹੀਦਾ। ਉਸ ਦੇ ਨਤੀਜਿਆਂ ਦਾ ਅਸਰ ਦੇਸ਼ ਦੀ ਰਾਜਨੀਤੀ ਉੱਤੇ ਵੱਡਾ ਪਏਗਾ। ਇਹ ਭਾਜਪਾ ਦੀ ਇਨ੍ਹਾਂ ਸੂਬਿਆਂ 'ਚ ਤਾਕਤ ਦੀ ਇਮਤਿਹਾਨੀ ਘੜੀ ਹੈ । ਇਸਦਾ ਅਸਰ ਮਹਾਂਰਾਸ਼ਟਰ ਦੀਆਂ ਚੋਣਾਂ ਉੱਤੇ ਵੀ ਪਵੇਗਾ। ਜਿਥੇ ਆਉਣ ਵਾਲੇ ਮਹੀਨਿਆਂ 'ਚ ਚੋਣਾਂ ਹੋਣੀਆਂ ਹਨ। ਅਸਲ 'ਚ ਮਹਾਂਰਾਸ਼ਟਰ ਦੀਆਂ ਚੋਣਾਂ 'ਚ ਵੋਟਰਾਂ ਦਾ ਸਿਆਸੀ ਮੂਡ ਇਹਨਾਂ ਸੂਬਿਆਂ ਦੇ ਚੋਣ ਨਤੀਜਿਆਂ ਉੱਤੇ ਵੀ ਨਿਰਭਰ ਕਰੇਗਾ।

## ਪੁਸਤਕ ਸਮੀਖਿਆ

**ਪੁਸਤਕ: ਰੱਤੀਆ ਰਹਿਤਵਾਨ ਸਿੱਖ ਇੱਕ ਅਧਿਐਨ**
**ਲੇਖਿਕਾ: ਡਾ. ਪਰਮਜੀਤ ਕੌਰ**
**ਸਹਿ ਲੇਖਿਕਾ: ਡਾ. ਨਯਨ**
**ਪੰਨੇ: 94, ਮੁੱਲ: ਅੰਕਿਤ ਨਹੀਂ**
**ਪਕਾਸ਼ਕ: ਲੇਖਿਕਾ ਖੁਦ, 141, ਸ਼ਹੀਦ ਭਗਤ ਸਿੰਘ ਨਗਰ, ਨੰ. 3, ਫਗਵਾੜਾ**

ਇਹ ਪੁਸਤਕ ਰੱਤੀਆ ਰਹਿਤਵਾਨ ਸਿੱਖ ਭਾਈਚਾਰੇ ਦੇ ਸਮਾਜਿਕ, ਇਤਿਹਾਸਕ, ਧਾਰਮਿਕ ਤੇ ਸੱਭਿਆਚਾਰਕ ਪਿਛੋਕੜ ਬਾਰੇ ਚਾਨਣਾ ਪਾਉਂਦੀ ਅਤੇ ਬਾਬਾ ਗੋਦੜੀਆ ਸਿੰਘ ਜੀ (1640 ਈ।-1710 ਈ.) ਦਾ ਜੀਵਨ ਬਿਰਤਾਂਤ ਪੇਸ਼ ਕਰਦੀ ਖੋਜ ਭਰਪੂਰ ਪੁਸਤਕ ਹੈ। ਅਕਾਦਮਿਕ ਹਲਕਿਆਂ ਵਿੱਚ ਡਾ. ਪਰਮਜੀਤ ਕੌਰ ਇਕ ਜਾਣਿਆ-ਪਛਾਣਿਆ ਨਾਂ ਹੈ। ਉਹ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਅੰਗਰੇਜ਼ੀ ਦੇ ਪ੍ਰਾਧਿਆਪਕ ਅਤੇ ਫਿਰ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ ਰਹੇ ਹਨ। ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਕ ਕਾਲਜ ਵਿੱਚ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ। ਪੰਜਾਬੀ ਵਿੱਚ ਲਿਖਣ ਕਾਰਜ ਵਿੱਢਣ ਦਾ ਇਹ ਉਨ੍ਹਾਂ ਦਾ ਪਹਿਲਾ ਉਪਰਾਲਾ ਹੈ। ਡਾ. ਪਰਮਜੀਤ ਕੌਰ ਨੇ ਕਈ ਪੁਸਤਕਾਂ, ਹੱਥ ਲਿਖਤ ਖਰੜਿਆਂ, ਕਈ ਅਸਥਾਨਾਂ ਦੀ ਯਾਤਰਾ ਕਰਕੇ ਇਕੱਠੀ ਕੀਤੀ ਜਾਣਕਾਰੀ ਅਤੇ ਕਈ ਵਿਦਵਾਨਾਂ ਨਾਲ ਸੰਵਾਦ ਰਚਾ ਕੇ ਜੁਟਾਏ ਗਏ ਸਰੋਤਾਂ ਤੋਂ ਜਾਣਕਾਰੀ ਹਾਸਲ ਕਰਕੇ ਇਸ ਪੁਸਤਕ ਦੀ ਰਚਨਾ ਕਰਨ ਦੇ ਕਠਿਨ ਕਾਰਜ ਨੂੰ ਕਰ ਵਿਖਾਇਆ ਹੈ। ਸ਼ਹੀਦ ਬਾਬਾ ਗੋਦੜੀਆ ਸਿੰਘ ਜੀ ਦੇ ਜੀਵਨ ਬਿਰਤਾਂਤ ਬਾਰੇ, ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਉਸਾਰੇ ਗਏ ਗੁਰਦੁਆਰਾ ਸਾਹਿਬਾਨ ਬਾਰੇ, ਬਾਬਾ ਜੀ ਦੀ ਯਾਦ ਵਿੱਚ ਬਹੁਤ ਸ਼ਰਧਾ ਨਾਲ ਲਗਾਏ ਜਾਂਦੇ ਮੇਲਿਆਂ ਬਾਰੇ, ਰੱਤੀਆ ਤੋਂ ਰਹਿਤਵਾਨ ਸਿੱਖ ਬਣਨ ਦੇ ਸਫ਼ਰ ਬਾਰੇ, ਰੱਤੀਆ ਰਹਿਤਵਾਨ ਭਾਈਚਾਰੇ ਨੂੰ ਦਰਪੇਸ਼ ਉਨ੍ਹਾਂ ਦੀ ਪਛਾਣ ਦੇ ਸੰਕਟ ਆਦਿ ਬਾਰੇ ਜਾਣਕਾਰੀ ਪ੍ਰਦਾਨ ਕਰਾਉਂਦੀ ਇਹ ਪੁਸਤਕ ਮੁੱਲਵਾਨ ਦਸਤਾਵੇਜ਼ ਬਣ ਕੇ ਪ੍ਰਗਟ ਹੁੰਦੀ ਹੈ।

ਡਾ. ਪਰਮਜੀਤ ਕੌਰ ਨੇ ਆਪਣੇ ਖੋਜ ਕਾਰਜ ਦੇ ਪੰਜ ਅਧਿਆਇ ਬਣਾਏ ਹਨ ਤੇ ਇਸਨੂੰ ਪੁਸਤਕ ਦਾ ਆਕਾਰ ਪ੍ਰਦਾਨ ਕੀਤਾ ਹੈ। ਲੇਖਿਕਾ ਨੇ ਦੱਸਿਆ ਹੈ ਕਿ ਬਾਬਾ ਗੋਦੜੀਆ ਸਿੰਘ ਗੁਰੂ ਘਰ ਦੇ ਸੱਚੇ ਪ੍ਰੇਮੀ ਸਨ। ਉਨ੍ਹਾਂ ਨੂੰ ਦਸਮ ਪਾਤਸ਼ਾਹ ਦੀ ਸ਼ਰਨ ਵਿੱਚ ਰਹਿਣ ਦਾ ਮੌਕਾ ਵੀ ਮਿਲਦਾ ਰਿਹਾ। ਉਹ ਗੁਰਬਾਣੀ ਤੋਂ ਸੇਧ ਪ੍ਰਾਪਤ ਕਰਨ ਵਾਲੇ ਬ੍ਰਹਮ ਗਿਆਨੀ ਤੇ ਗੁਰਬਾਣੀ ਦਾ ਓਟ ਆਸਰਾ ਲੈ ਕੇ ਗੁਰੂ ਦੀ ਆਸ਼ੀਰਵਾਦ ਪ੍ਰਾਪਤ




ਕਰਨ ਵਾਲੇ ਸਾਧਕ ਸਨ। ਬਾਬਾ ਜੀ ਜੰਗਜੂ ਬਿਰਤੀ ਦੇ ਮਾਲਕ ਸਨ। ਉਹ ਬੇਬਸ ਤੇ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਉਨ੍ਹਾਂ ਸਮਿਆਂ ਵਿੱਚ ਮੁਗਲ ਹਾਕਮ ਤੇ ਉਨ੍ਹਾਂ ਦੇ ਪਿੱਠੂ ਲੋਕਾਂ ਉਪਰ ਜ਼ੁਲਮ ਕਰਦੇ ਸਨ। ਦੁਲਹਨਾਂ ਦੀਆਂ ਡੋਲੀਆਂ ਲੁੱਟ ਲਈਆਂ ਜਾਂਦੀਆਂ ਸਨ। ਬਾਬਾ ਜੀ ਨੇ ਕਈ ਬੀਬੀਆਂ ਨੂੰ ਜ਼ਾਲਮਾਂ ਦੇ ਜ਼ੁਲਮ ਤੋਂ ਬਚਾਇਆ, ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਅਤੇ ਉਨ੍ਹਾਂ ਦੇ ਵਿਆਹ ਕਾਰਜ ਵੀ ਕਰਵਾਏ। ਬੀਬੀਆਂ ਨੂੰ ਜੁਝਾਰੂ ਬਣਾਉਣ ਲਈ ਉਹ ਸਿਖਲਾਈ ਵੀ ਦਿੰਦੇ ਸਨ ਅਤੇ ਆਪਣੇ ਧਰਮ 'ਤੇ ਡਟੇ ਰਹਿਣ ਦਾ ਸੁਨੇਹਾ ਵੀ ਦਿੰਦੇ ਸਨ। ਬਾਬਾ ਗੋਦੜੀਆ ਸਿੰਘ ਜੀ ਇਨਸਾਫ਼ ਪਸੰਦ ਸ਼ਖ਼ਸੀਅਤ ਦੇ ਮਾਲਕ ਸਨ, ਨਾਮ ਸਿਮਰਨ ਕਰਦੇ ਰਹਿੰਦੇ ਸਨ ਅਤੇ ਸੰਤ ਵਜੋਂ ਪੂਜੇ ਜਾਂਦੇ ਸਨ। ਲੋਕ ਬਾਬਾ ਜੀ ਪ੍ਰਤੀ ਅਪਾਰ ਸ਼ਰਧਾ ਰੱਖਦੇ ਸਨ। ਬਾਬਾ ਜੀ ਕਮਾਨ, ਨੋਕੀਲੇ ਤੀਰ, ਤਲਵਾਰ, ਕਟਾਰ, ਬਰਛਾ, ਖੰਡਾ, ਬਾਰੂਦ ਆਦਿ ਆਪਣੇ ਕੋਲ ਰੱਖਦੇ ਸਨ। ਉਹ ਯੋਧਿਆਂ ਵਾਂਗ ਤਿਆਰ-ਬਰ-ਤਿਆਰ ਰਹਿੰਦੇ ਸਨ। ਲੋਕਾਂ ਨੂੰ ਏਕਤਾ ਤੇ ਸਦਭਾਵਨਾ ਬਣਾਈ ਰੱਖਣ ਲਈ ਕਹਿੰਦੇ ਸਨ।

ਲੇਖਿਕਾ ਨੇ ਇਸ ਪੁਸਤਕ ਵਿੱਚ ਸ਼ਹੀਦ ਬਾਬਾ ਗੋਦੜੀਆ ਸਿੰਘ ਜੀ, ਵੱਖ ਵੱਖ ਅਸਥਾਨਾਂ 'ਤੇ ਬਾਬਾ ਗੋਦੜੀਆ ਸਿੰਘ ਜੀ ਦੀ ਯਾਦ ਵਿੱਚ ਉਸਾਰੇ ਗਏ ਗੁਰਦੁਆਰਾ ਸਾਹਿਬਾਨ, ਗੁਰਦੁਆਰਾ ਸਾਹਿਬਾਨ ਵਿੱਚ ਸ਼ਰਧਾ ਪੂਰਵਕ ਕਰਵਾਏ ਜਾਂਦੇ ਸਮਾਗਮਾਂ, ਗੁਰਦੁਆਰਾ ਸ਼ਹੀਦ ਬੀਬੀ ਰੂਪ ਕੌਰ ਜੀ ਆਦਿ ਦੀਆਂ ਤਸਵੀਰਾਂ ਸ਼ਾਮਲ ਕਰਕੇ ਇਸ ਦਸਤਾਵੇਜ਼ ਨੂੰ ਸ਼ਿੰਗਰਿਆ ਵੀ ਹੈ ਤੇ ਇਸਨੂੰ ਮੁੱਲਵਾਨ ਵੀ ਬਣਾਇਆ ਹੈ। ਬਾਬਾ ਜੀ ਦੀ ਯਾਦ ਵਿੱਚ ਲਗਾਏ ਜਾਂਦੇ ਮੇਲਿਆਂ ਵਿੱਚ ਸੰਗਤਾਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਜੁੜਦੀਆਂ ਹਨ ਤੇ ਬਾਬਾ ਜੀ ਦੀ ਅਸ਼ੀਰਵਾਦ ਪ੍ਰਾਪਤ ਕਰਦੀਆਂ ਹਨ।

ਲੇਖਿਕਾ ਨੇ ਵਿਭਿੰਨ ਸਰੋਤਾਂ ਤੋਂ ਇਕੱਠੀ ਕੀਤੀ ਜਾਣਕਾਰੀ ਦੇ ਆਧਾਰ 'ਤੇ ਰੱਤੀਆ ਸਮਾਜ ਦੇ ਰੱਤੀਆ ਤੋਂ ਰਹਿਤਵਾਨ ਸਿੱਖ ਬਣਨ ਦੇ ਸਫ਼ਰ ਦਾ ਬਿਰਤਾਂਤ ਬਾਖੂਬੀ ਪੇਸ਼ ਕੀਤਾ ਹੈ। ਹਰੇਕ ਸਮੁਦਾਇ ਆਪਣੀ ਵੱਖਰੀ ਪਛਾਣ ਬਣਾਉਣਾ ਚਾਹੁੰਦਾ ਹੈ। ਲੇਖਿਕਾ ਨੇ ਰੱਤੀਆ ਅਰਥਾਤ ਰਹਿਤਵਾਨ ਸਿੱਖ ਸਮਾਜ ਦੀ ਪਛਾਣ ਦੇ ਸੰਕਟ ਬਾਰੇ ਕੁਝ ਤਰਕਸੰਗਤ ਨੁਕਤਿਆਂ ਦੇ ਆਧਾਰ 'ਤੇ ਆਪਣੇ ਵਿਚਾਰਾਂ ਨੂੰ ਨਿਰਣੇਦਾਇਕ ਬਿੰਦੂਆਂ ਤੱਕ ਪਹੁੰਚਾਇਆ ਹੈ। ਲੇਖਿਕਾ ਨੂੰ ਇਸ ਗੱਲ ਦਾ ਮਲਾਲ ਹੈ ਕਿ ਬਹੁਤ ਪੱਖਾਂ ਤੋਂ ਸਮਰੱਥ ਹੋਣ ਅਤੇ ਜੰਗਜੂ ਸਮਾਜ ਨਾਲ ਸਬੰਧਿਤ ਹੋਣ ਦੇ ਬਾਵਜੂਦ ਵੀ ਘੱਟ ਗਿਣਤੀ ਵਾਲਾ ਇਹ ਸਿੱਖ ਰਹਿਤਵਾਨ ਸਮੁਦਾਇ ਆਪਣੀ ਕੋਈ ਵੱਖਰੀ ਪਛਾਣ ਨਹੀਂ ਬਣਾ ਸਕਿਆ।

ਗੁਰੂ ਮਰਿਆਦਾ ਵਿੱਚ ਰਹਿਣ ਵਾਲਾ ਇਹ ਸਮੁਦਾਇ ਵਿਭਿੰਨ ਕਿੱਤਿਆਂ ਨਾਲ ਜੁੜ ਕੇ ਉਪਜੀਵਕਾ ਕਮਾਉਂਦਾ ਹੈ। ਉਪਜੀਵਕਾ ਖਾਤਰ ਇਹ ਸਮਾਜ ਦੇਸ਼/ਵਿਦੇਸ਼ ਦੇ ਵੱਖ ਵੱਖ ਖਿੱਤਿਆਂ ਵਿੱਚ ਖਿੰਡਦਾ ਗਿਆ ਤੇ ਇਕਜੁੱਟ ਨਾ ਹੋ ਸਕਿਆ। ਫਿਰ ਵੀ ਇਸ ਸਮਾਜ ਦੇ ਆਪਸੀ ਰਿਸ਼ਤੇ ਬਹੁਤ ਗੂੜ੍ਹੇ ਹਨ। ਲੇਖਿਕਾ ਤੌਖਲਾ ਪ੍ਰਗਟ ਕਰਦੀ ਹੈ ਕਿ ਹੁਣ ਕੁਝ ਹਾਲਤਾਂ ਵਿੱਚ ਰੱਤੀਆ ਸਮਾਜ ਆਪਣੇ ਪੁਰਖਿਆਂ ਦੇ ਗੌਰਵਸ਼ਾਲੀ ਤੇ ਸ਼ਾਨਾਮੱਤੇ ਵਿਰਸੇ ਤੋਂ ਬੇਮੁੱਖ ਹੁੰਦਾ ਚਲਾ ਜਾ ਰਿਹਾ ਹੈ, ਜਿਸ 'ਤੇ ਇਹ ਸਮਾਜ ਚਿੰਤਾ ਪ੍ਰਗਟ ਕਰ ਰਿਹਾ ਹੈ। ਰਾਜਨੀਤਕ ਖੇਤਰ ਤੋਂ ਵਿਛੋਹ ਹੋਣਾ ਤੇ ਇਸ ਭਾਈਚਾਰੇ ਦਾ ਸਰਗਰਮ ਰਾਜਨੀਤੀ ਵਿੱਚ ਸ਼ਮੂਲੀਅਤ ਤੋਂ ਪਾਸਾ ਵੱਟੀ ਰੱਖਣਾ ਵੀ ਇਸਨੂੰ ਸੰਕੁਚਿਤ ਕਰ ਦੇਣ ਦਾ ਇੱਕ ਕਾਰਨ ਬਣਦਾ ਹੈ। ਅਜਿਹੇ ਕਾਰਨਾਂ ਕਰਕੇ ਇਸ ਸਮੁਦਾਇ ਦੀ ਪਛਾਣ ਨੂੰ ਖੋਰਾ ਲੱਗਣਾ ਜਾਂ ਇਸਦੀ ਪਛਾਣ ਦਾ ਵਿਸਥਾਰ ਨਾ ਹੋ ਸਕਣਾ ਸੁਭਾਵਿਕ ਹੈ। ਮੈਂ ਸਮਝਦਾ ਹਾਂ ਕਿ ਪੁਸਤਕ ਦੇ ਅੰਤ ਵਿੱਚ ਇਸ ਖੋਜ ਕਾਰਜ ਦੇ ਸਰੋਤਾਂ ਨੂੰ ਜੇ ਅੰਤਿਕਾ ਦੇ ਰੂਪ ਵਿੱਚ ਕੇ ਸੂਚੀ ਬਣਾ ਕੇ ਦਰਜ ਕਰ ਦਿੱਤਾ ਜਾਂਦਾ ਅਤੇ ਸਹਾਇਕ ਪੁਸਤਕ ਸੂਚੀ ਦੇ ਦਿੱਤੀ ਜਾਂਦੀ ਤਾਂ ਇਸ ਪੁਸਤਕ ਦਾ ਮਹੱਤਵ ਹੋਰ ਵਧ ਜਾਣਾ ਸੀ। ਪੁਸਤਕ ਦੀ ਰਚਨਾਤਮਿਕ ਖੂਬਸੂਰਤੀ ਇਸ ਗੱਲ ਵਿੱਚੋਂ ਨਜ਼ਰ ਆਉਂਦੀ ਹੈ ਕਿ ਲੇਖਿਕਾ ਨੇ ਪ੍ਰਵਚਨਾਂ ਦੀ ਉਸਾਰੀ ਬਹੁਤ ਸਰਲ, ਠੇਠ ਤੇ ਸਪਸ਼ਟ ਵਾਰਤਕ ਵਿੱਚ ਕੀਤੀ ਹੈ। ਪੁਸਤਕ ਪੜ੍ਹਦਿਆਂ ਵਾਰਤਕ ਦੀ ਭਾਸ਼ਾ ਤੇ ਸ਼ੈਲੀ ਵਿਚਲੀ ਸਹਿਜਤਾ ਤੇ ਰਵਾਨੀ ਨਾਲ ਪਾਠਕ ਇਕਸੁਰ ਹੋਇਆ ਰਹਿੰਦਾ ਹੈ। ਇਸਨੂੰ ਇਸ ਪੁਸਤਕ ਦਾ ਹਾਸਲ ਸਮਝਿਆ ਜਾਣਾ ਚਾਹੀਦਾ ਹੈ। ਅੰਗਰੇਜ਼ੀ ਸਾਹਿਤ ਦੇ ਪ੍ਰਾਧਿਆਪਕ ਰਹੇ ਹੋਣ ਅਤੇ ਕਾਲਜ ਦੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਡਾ. ਪਰਮਜੀਤ ਕੌਰ ਨੇ ਇਹ ਖੋਜ ਕਾਰਜ ਕਰ ਵਿਖਾਇਆ ਹੈ, ਉਨ੍ਹਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਤਿਹਾਸਕਾਰ ਤੇ ਖੋਜੀ ਵਿਦਵਾਨ ਅਕਸਰ ਬੀਤੇ ਸਮਿਆਂ ਵਿੱਚ ਹੋਏ ਮਹਾਨ ਵਿਅਕਤੀਆਂ, ਘਟਨਾਵਾਂ, ਅਸਥਾਨਾਂ ਆਦਿ ਨੂੰ ਹੋਰ ਸਰੋਕਾਰਾਂ ਦੇ ਨਾਲ-ਨਾਲ ਇਤਿਹਾਸਮੁੱਖਤਾ ਦੇ ਪੱਖ ਤੋਂ ਵੇਖਣ, ਪਰਖਣ ਅਤੇ ਉਨ੍ਹਾਂ ਦਾ ਮੁਲਾਂਕਣ ਕਰਨ 'ਤੇ ਵੀ ਬਲ ਦਿੰਦੇ ਆਏ ਹਨ। ਇਹ ਪੁਸਤਕ ਤਾਂ ਇਤਿਹਾਸਮੁੱਖਤਾ ਦੀ ਲੋੜ ਦੇ ਆਧਾਰ ਉੱਤੇ ਹੀ ਉਸਰਦੀ ਹੈ।



ਇਹ ਪਹਿਲੂ ਇਸ ਪੁਸਤਕ ਦੀ ਵਿਸ਼ੇਸ਼ ਪ੍ਰਾਪਤੀ ਬਣਦਾ ਹੈ। ਇਸ ਪੁਸਤਕ ਦੀ ਰਚਨਾ ਕਰਨ 'ਤੇ ਮੈਂ ਡਾ. ਪਰਮਜੀਤ ਕੌਰ ਅਤੇ ਸਹਿ ਲੇਖਿਕਾ ਡਾ. ਨਯਨ ਨੂੰ ਦਿਲੀ ਮੁਬਾਰਕਬਾਦ ਭੇਂਟ ਕਰਦਾ ਹਾਂ। ਇਸ ਖੋਜ ਕਾਰਜ ਨੂੰ ਪੁਸਤਕ ਰੂਪ ਵਿੱਚ ਸਾਂਭਣ ਦੇ ਉੱਦਮ ਦਾ ਮੈਂ ਹਾਰਦਿਕ ਸਵਾਗਤ ਕਰਦਾ ਹਾਂ।

**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**91-98885-10185**

# ਪ੍ਰੀਵਾਰ ਦੇਵਤੇ ਬਣਾਉਦੇ ਇਸ ਲਈ ਅਨਮੋਲ -ਇਹਨਾਂ ਨੂੰ ਟੁੱਟਣ ਜਾਂ ਵਿਗੜਨ ਨਾ ਦਿਓ

## ਪ੍ਰੀਵਾਰਕ ਝਗੜਿਆਂ ਨਾਲ ਬੱਚਿਆਂ ਦਾ ਭਵਿੱਖ ਡਾਵਾਂਡੋਲ ਹੋ ਜਾਂਦਾ ਹੈ



ਡਾ. ਸੰਦੀਪ ਘੰਡ
91-98151-39576

ਜਦੋਂ ਵੀ ਅਸੀ ਪ੍ਰੀਵਾਰ ਦੀ ਗੱਲ ਕਰਦੇ ਹਾਂ ਤਾਂ ਆਪਣੇ ਆਪ ਸਾਡੇ ਸਾਹਮਣੇ ਸਾਡੇ ਮਾਂ-ਬਾਪ,ਦਾਦਾ-ਦਾਦੀ, ਭੈਣ-ਭਰਾ ਜਾਂ ਤੁਹਾਡੀ ਪਤਨੀ ਅਤੇ ਤੁਹਾਡੇ ਬੱਚੇ ਤੁਹਾਡੇ ਸਾਹਮਣੇ ਆ ਜਾਦੇਂ ਹਨ। ਇਹਨਾਂ ਸਾਰੇ ਰਿਸ਼ਤਆਂ ਦੇ ਸਾਹਮਣੇ ਆਉਣ ਤੇ ਤਹਾਨੂੰ ਇੱਕ ਅਜੀਬ ਸ਼ਕੂਨ ਮਿਲਦਾ ਅਤੇ ਤਸੱਲੀ ਹੁੰਦੀ ਕਿ ਤੁਸੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀ ਕਰਦੇ। ਤੁਹਾਨੂੰ ਇੰਝ ਲੱਗਦਾ ਜਿਵੇਂ ਤੁਸੀ ਸਮਾਜ ਵਿੱਚ ਵੱਡਾ ਯੋਗਦਾਨ ਪਾ ਰਹੇ ਹੋ। ਕਿਉਕਿ ਪ੍ਰੀਵਾਰ ਸਮਾਜ ਦੀ ਬੁਨਿਆਦ ਹੁੰਦਾਂ ਇਹ ਇੱਕ ਸਮਾਜਿਕ ਇਕਾਈ ਹੈ ਜਿਸ ਵਿੱਚ ਹਰ ਮੈਬਰ ਦੀ ਖੁਸ਼ਹਾਲ ਰਹਿਣ ਦੀ ਇੱਛਾ ਹੁੰਦੀ ਹੈ। ਇਹ ਇੱਛਾ ਸਕਤੀ ਹੀ ਤਹਾਨੂੰ ਹਮੇਸ਼ਾ ਸਕਾਰਤਾਮਕ ਰੱਖਣ ਵਿੱਚ ਸਹਾਈ ਹੁੰਦੀ।

ਪਰ ਜਿਵੇਂ ਕਿਹਾ ਜਾਂਦਾ ਕਿ ਵਿਚਾਰਾਂ ਦਾ ਵਖਰੇਵਾਂ ਹਮੇਸ਼ਾ ਦੋ ਵਿਅਕਤੀਆਂ ਦਾ ਹੁੰਦਾ ਇੱਕ ਦਾ ਨਹੀ ਇਸ ਲਈ ਸੁਭਾਵਿਕ ਹੈ ਕਿ ਜਦੋਂ ਪ੍ਰੀਵਾਰ ਵਿੱਚ ਇੱਕ ਨਵਾਂ ਮੈਬਰ ਸ਼ਾਮਲ ਹੁੰਦਾਂ ਤਾਂ ਉਸ ਵਿੱਚ ਵਖਰੇਵਾਂ ਹੋਣਾ ਆਮ ਹੈ ਅਤੇ ਇਸ ਵਖਰੇਵੇਂ ਕਾਰਣ ਹੀ ਪ੍ਰੀਵਾਰ ਝਗੜੇ ਹੁੰਦੇ ਹਨ ਜਿਵੇਂ ਕਿਹਾ ਜਾਦਾਂ ਕਿ ਜਿਥੇ ਦੋ ਭਾਡੇਂ ਹੋਣਗੇ ਉਹੀ ਖੱੜਕਣਗੇ। ਇਸ ਲਈ ਜਦੋਂ ਪ੍ਰੀਵਾਰਾਂ ਵਿੱਚ ਆਪਸੀ ਸੋਚ ਜਾਂ ਅਵਿਸ਼ਵਾਸ ਪੈਦਾ ਹੋ ਜਾਦਾਂ ਤਾਂ ਪ੍ਰੀਵਾਰਕ ਝਗੜੇ ਉਪਜਦੇ ਹਨ ਪ੍ਰੀਵਾਰ ਝਗੜੇ ਹਮੇਸ਼ਾਂ ਅਣਕਿਆਸੇ ਸਾਧਨਾਂ ਤੋਂ ਪੈਦਾ ਹੁੰਦੇ। ਇਹ ਝਗੜੇ ਪ੍ਰੀਵਾਰ ਦੀਆਂ ਛੋਟੀਆਂ ਮੋਟੀਆਂ ਗੱਲਾਂ ਤੋਂ ਸ਼ੁਰੂ ਹੁੰਦੇ ਪਰ ਜਦੋਂ ਇੰਨਾਂ ਨੂੰ ਨੱਪ ਕੇ ਰੱਖਿਆ ਜਾਦਾਂ ਜਾਂ ਇਸ ਦਾ ਹੱਲ ਕੱਢਣ ਦੀ ਕੋਸ਼ਿਸ਼ ਨਹੀ ਕੀਤੀ ਜਾਦੀ ਤਾਂ ਇਹ ਆਪਣੇ ਕੰਟਰੋਲ ਤੋਂ ਬਾਹਰ ਹੋ ਜਾਦੇ ਅਤੇ ਇਸ ਨਾਲ ਇਸ ਦੇ ਨਤੀਜੇ ਨਕਾਰਤਾਮਕ ਹੋ ਸਕਦੇ ਹਨ।

ਪ੍ਰੀਵਾਰਾਂ ਦਾ ਬਣ ਕੇ ਟੁੱਟ ਜਾਣਾ ਪ੍ਰੀਵਾਰ ਵਿੱਚ ਵਫਾਦਾਰੀ ਨਾ ਰਹਿਣਾ ਜਾਂ ਪੈਸਾ ਇਹ ਝਗੜੇ ਅਣਕਿਆਸੇ ਸਾਧਨਾਂ ਤੋਂ ਹੁੰਦੇ ਹਨ ਅਤੇ ਪ੍ਰੀਵਾਰ ਦੇ ਟੁੱਟਣ ਦੀ ਧਮਕੀ ਤੇ ਆਕੇ ਰੁਕਦੇ ਹਨ। ਇਹ ਪ੍ਰੀਵਾਰਕ ਝਗੜੇ ਜਾਂ ਪ੍ਰੀਵਾਰਕ ਕਲੇਸ਼ ਉਹ ਸਥਿਤੀਆਂ ਹਨ ਜੋ ਮੈਬਰਾਂ ਵਿਚਕਾਰ ਵਿਸ਼ਵਾਸ ਜਾਂ ਮਨੁੱਖੀ ਕਦਰਾਂ ਕੀਮਤਾਂ ਇਥੋਂ ਤੱਕ ਕਿ ਜੀਵਨ ਸ਼ੈਲੀ ਜਾਂ ਜੀਵਨ ਜਾਚ ਦਾ ਅੰਤਰ ਹੋ ਸਕਦੀਆਂ ਹਨ। ਇਹ ਪ੍ਰੀਵਾਰ ਝਗੜੇ ਮਾਂ-ਬਾਪ, ਭੈਣ-ਭਰਾ, ਭਰਾ-ਭਰਾ, ਪਤੀ-ਪਤਨੀ ਜਾਂ ਸੱਸ-ਸੁਹਰੇ ਵਿਚਕਾਰ ਵੀ ਹੋ ਸਕਦੇ ਹਨ।ਇਸ ਲਈ ਆਮ ਸਹਿਮਤੀ ਨਾਲ ਹੀ ਇਹਨਾਂ ਝਗੜਿਆਂ ਦਾ ਹੱਲ ਕੱਢਿਆ ਜਾ ਸਕਦਾ ਹੈ। ਪ੍ਰੀਵਾਰਕ ਝਗੜਿਆਂ ਦੇ ਮੁੱਖ ਕਾਰਨ ਹਨ-

- ਤੁਸੀ ਅਕਸਰ ਹੀ ਗੁੱਸੇ ਵਿੱਚ ਹਮਲਾਵਰ ਰੁੱਖ ਅਖਿਤਆਰ ਕਰ ਲੈਦੇਂ ਹੋ।
- ਤੁਸੀ ਅਤੇ ਤੁਹਾਡਾ ਪ੍ਰੀਵਾਰ ਅਕਸਰ ਝਗੜਦੇ ਰਹਿੰਦੇ ਹੋ।
- ਪ੍ਰੀਵਾਰਕ ਅਸਹਿਮਤੀ ਕਾਰਣ ਤੁਸੀ ਅਕਸਰ ਇੱਕ ਦੂਸਰੇ ਨੂੰ ਕੋਸਦੇ ਰਹਿੰਦੇ ਹੋ।
- ਤੁਹਾਡੇ ਪ੍ਰੀਵਾਰਕ ਮੈਬਰਾਂ ਵਿੱਚ ਵਿਸ਼ਵਾਸ ਦੀ ਘਾਟ ਹੁੰਦੀ ਹੈ।
- ਤੁਸੀ ਜਾਂ ਤੁਹਾਡਾ ਪ੍ਰੀਵਾਰ ਸਹਿ ਨਿਰਭਰ ਹੋਣ ਦਾ ਵਿਖਾਵਾ ਕਰਦੇ ਹੋ।
- ਤੁਸੀ ਅਤੇ ਤਹੁਾਡਾ ਪ੍ਰੀਵਾਰ ਅਕਸਰ ਗਾਲੀ ਗਲੋਚ ਕਰਦੇ ਰਹਿੰਦੇ ਹੋ।
- ਪ੍ਰੀਵਾਰਕ ਝਗੜਿਆਂ ਦੇ ਅਹਿਮ ਕਾਰਨਾਂ ਵਿੱਚ ਵਿੱਤੀ ਸਾਧਨ ਸਬ ਤੋਂ ਅਹਿਮ ਕਾਰਣ ਹੈ ਅਤੇ ਇਹ ਪ੍ਰੀਵਾਰਾਂ ਵਿੱਚ ਤਣਾਅ ਅਤੇ ਚਿੰਤਾਂ ਪੈਦਾ ਕਰਦੇ ਹਨ।ਇਸ ਲਈ ਅਸਹਿਮਤੀ ਕਾਰਣ ਕਈ ਵਾਰ ਇਹ ਤਲਾਕ ਤੱਕ ਪਹੁੰਚ ਜਾਦੇਂ ਹਨ।ਇਹਨਾਂ ਵਿੱਤੀ ਕਾਰਨਾਂ ਵਿੱਚ ਆਮ ਤੋਰ ਤੇ ਜਿਆਦਾ ਪੈਸੇ ਨੂੰ ਖਰਚ ਕਰਨ ਦਾ ਤਾਰੀਕਾ ਜੱਦੀ ਜਾਇਦਾਦ ਦਾ ਬਟਵਾਰਾ,ਪੈਸੇ ਦੀ ਦੇਣਦਾਰੀ ਕਰਜਾ ਲੈਣਾ ਜਾਂ ਉਸ ਦਾ ਭੁਗਤਾਨ।
- ਇਸ ਵਿੱਚ ਆਪਸੀ ਅਸਹਿਮਤੀ ਤੋਂ ਇਲਾਵਾ ਆਪਸੀ ਸੋਚ ਇੱਕ ਦੂਜੇ ਨਾ ਸਮਝ ਸਕਣਾ ਜਿਸ ਨਾਲ ਇੱਕ ਦੂਜੇ ਨੂੰ ਇਹ ਅਨੁਭਵ ਹੋਣ ਲੱਗ ਜਾਦਾਂ ਕਿ ਇਹ ਮੇਰੀਆਂ ਜਰੂਰਤਾਂ ਪੂਰੀਆਂ ਨਹੀ ਕਰ ਸਕਦਾ ਅਤੇ ਮੇਰੀਆਂ ਲੋੜਾਂ ਅਤੇ ਜਰੂਰਤਾਂ ਦੀ ਗੱਲ ਵੀ ਨਹੀ ਕੀਤੀ ਜਾਦੀ।

ਪ੍ਰੀਵਾਰਕ ਝਗੜਿਆਂ ਵਿੱਚ ਆਪਸੀ ਸਮਝ ਦੀ ਘਾਟ ਤੋਂ ਇਲਾਵਾ ਧਨ ਦੀ ਕਮੀ, ਸਿੱਖਿਆਂ ਦਾ ਵਖਰੇਵਾਂ, ਜਾਤ-ਪਾਤ ਆਦਿ ਕਈ ਕਾਰਣ ਹੋ ਸਕਦੇ ਹਨ। ਕਈ ਵਾਰ ਪ੍ਰੀਵਾਰਕ ਮੈਬਰ ਘਰੈਲੂ ਜਿੰਮੇਵਾਰੀਆਂ ਨੂੰ ਵੰਡਣ ਦੇ ਤਾਰੀਕੇ ਤੋਂ ਗਲਤ ਫਹਿਮੀਆਂ ਪੈਦਾ ਹੋ ਜਾਦੀਆਂ ਹਨ ਜਿਵੇਂ ਬਜੁਰਗਾਂ ਦੀ ਦੇਖਭਾਲ, ਬੱਚਿਆਂ ਦੀ ਦੇਖਭਾਲ ਜਾਂ ਪੈਸੇ ਨਾਲ ਸਬੰਧਿਤ ਅਸਹਿਮਤੀ ਇੱਕ ਦੂਜੇ ਪ੍ਰਤੀ ਵਿਸ਼ਵਾਸ ਤੇ ਅਸਰ ਪਾਉਦੀ ਹੈ। ਪਤੀ-ਪਤਨੀ, ਭੈਣ-ਭਰਾ ਜਾਂ ਭਰਾ-ਭਰਾ ਅਕਸਰ ਪੈਸੇ ਦੇ ਪ੍ਰਬੰਧਨ ਨੂੰ ਲੈ ਕੇ ਲੜਦੇ ਝਗੜਦੇ ਹਨ ਅਕਸਰ ਇਹ ਝਗੜੇ ਵਿਰਾਸਤੀ ਜਾਇਦਾਦ ਜਾਂ ਪੈਸੇ ਘੱਟ ਮਿਲਣ ਕਾਰਨ ਪੈਦਾ ਹੁੰਦੇ ਹਨ ਜੋ ਕਈ ਵਾਰ ਸੀਰੀਅਸ ਰੂਪ ਧਾਰਨ ਕਰ ਜਾਦੇ ਹਨ। ਕਈ ਵਾਰ ਇਹ ਝਗੜੇ ਤਣਾਅ ਅਤੇ ਚਿੰਤਾ ਦਾ ਕਾਰਣ ਬਣਦੇ ਹਨ।




ਇਸ ਤੋਂ ਇਲਾਵਾ ਕਈ ਵਾਰ ਪ੍ਰੀਵਾਰ ਟਕਰਾਅ ਇਸ ਤਰਾਂ ਵਿਗੜ ਜਾਦੇਂ ਜਾਂ ਇੰਨੇ ਵੱਡੇ ਹੋ ਜਾਦੇਂ ਕਿ ਉਹਨਾਂ ਦੇ ਹੱਲ ਲਈ ਸ਼ਮਾਜਿਕ ਨਿਰਣਾ ਕਮੇਟੀਆਂ ਜਾਂ ਲੋਕ ਅਦਾਲਤਾਂ ਦੀ ਸਹਾਇਤਾ ਦੀ ਜਰੂਰਤ ਪੈਂਦੀ ਜੋ ਪੱਖਪਾਤ ਰਹਿਤ ਹੁੰਦੀਆਂ ਅਤੇ ਉਹਨਾਂ ਦਾ ਮੁੱਖ ਉਦੇਸ਼ ਵੀ ਸਿਰਫ ਟਕਰਾਅ ਦਾ ਹੱਲ ਕਰਨਾ ਹੁੰਦਾ।

ਆਪਸੀ ਗੱਲਬਾਤ ਅਤੇ ਸੰਚਾਰ ਦੇ ਸਾਧਨਾਂ ਦੀ ਵਰਤੋਂ ਨਾਲ ਅਸੀ ਇਹਨਾਂ ਪ੍ਰੀਵਾਰਕ ਝਗੜਿਆਂ ਨੂੰ ਘੱਟ ਕਰ ਸਕਦੇ ਹਾਂ। ਸਮਾਜ ਇੱਕ ਸੰਗਠਨਾਤਮਕ ਢਾਚਾਂ ਹੈ ਜੋ ਵਿਅਕਤੀ ਨੂੰ ਕਾਨੂੰਨੀ, ਸਿੱਖਿਆ ਅਤੇ ਸਭਿਆਂਚਾਰਕ ਮੋਕੇ ਪ੍ਰਦਾਨ ਕਰਦਾ ਹੈ। ਸਮਾਜ ਨੂੰ ਹਮੇਸ਼ਾ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਕਿ ਪ੍ਰੀਵਾਰਕ ਝਗੜਿਆ ਕਾਰਣ ਪ੍ਰੀਵਾਰ ਦਾ ਤੋੜ ਵਿਛੋੜਾ ਨਾ ਹੋਵੇ। ਸਮਾਜ ਦੇ ਬੁੱਧੀਜੀਵੀ, ਵੱਡੇ ਬਜੁਰਗ ਅਤੇ ਸਮਾਜ ਦੇ ਹੋਰ ਆਗੂਆਂ ਨੂੰ ਇਹ ਜਿੰਮੇਵਾਰੀ ਲੈਣੀ ਚਾਹੀਦੀ ਹੈ ਕਿ ਪ੍ਰਵਿਾਰਕ ਝਗੜਿਆਂ ਨੂੰ ਜਨਮ ਹੀ ਨਾ ਦੇਣ ਲੈਣ ਇਸ ਲਈ ਪ੍ਰੀਵਾਰਕ ਸਲਾਹ ਮਸ਼ਵਰਾ ਕੇਂਦਰ ਖੋਲਣੇ ਚਾਹੀਦੇ ਹਨ।

ਸਾਡੇ ਅੰਦਰ ਗੁੱਸੇ ਦੀ ਭਾਵਨਾ ਹੁੰਦੀ ਹੈ ਅਸੀ ਆਪਣੀ ਗੱਲ ਨੂੰ ਸਹੀ ਮੰਨਦੇ ਹਾਂ ਅਤੇ ਕਿਸੇ ਵੀ ਕੀਮਤ ਤੇ ਦੁਜੀ ਧਿਰ ਦੀ ਗੱਲ ਸੁਣਨ ਨੂੰ ਤਿਆਰ ਨਹੀ ਅਸੀ ਹਮੇਸ਼ਾ ਇੱਕ ਦੂਜੇ ਵੱਲ ਬੰਦੂਕਾਂ ਖਿੱਚੀ ਰੱਖਦੇ ਹਾਂ ਪਰ ਇਹਨਾਂ ਝਗੜਿਆਂ ਦਾ ਹੱਲ ਤਾਂ ਹੀ ਸੰਭਵੇ ਹੈ ਜੇਕਰ ਅਸੀ ਗੱਲਬਾਤ ਕਰਨ ਦਾ ਫੈਸਲਾ ਲੇਕੇ ਦੂਜੀ ਧਿਰ ਦੇ ਸੁਝਾਵਾਂ ਨੂੰ ਸੁਣੀਏ। ਇਸ ਲਈ ਕੁਝ ਸੁਝਾਵਾਂ ਹੇਠ ਅਨੁਸਾਰ ਲੇ ਸਕਦੇ ਹਾਂ।

1) ਜੇ ਇਹ ਮੁੱਦਾ ਹੱਲ ਕਰਨ ਦੇ ਯੋਗ ਹੈ ਤਾਂ ਸਮੱਸਿਆ ਨੂੰ ਅਲੱਗ ਕਰਨ ਤੋਂ ਪਹਿਲਾਂ ਸ਼ਾਤ ਹੋਣ ਦੀ ਕੋਸ਼ਿਸ਼ ਕਰੋ ਇਸ ਲਈ ਇਸ ਗੱਲ ਦਾ ਧਿਆਨ ਰੱਖੋ ਕਿ ਜੋ ਸੁਝਾਵ ਦਿੱਤਾ ਗਿਆ ਹੈ ਉਹ ਮਸਲੇ ਦੇ ਹੱਲ ਲਈ ਹੈ ਨਾ ਕਿ ਆਪਣੀ ਗੱਲ ਪਗਾਉਣ ਜਾਂ ਬਹਿਸ ਜਿੱਤਣ ਲਈ।
2) ਇਸ ਗੱਲ ਨੂੰ ਹਮੇਸ਼ਾਂ ਆਪਣੇ ਮਨ ਵਿੱਚ ਰੱਖੋ ਕਿ ਦੂਜੀ ਧਿਰ ਹਮੇਸ਼ਾਂ ਤੁਹਾਡੇ ਨਾਲ ਸਹਿਮਤ ਲਈ ਪਾਬੰਦ ਨਹੀ ਹੈ।
3) ਦੂਜੇ ਵਿਰੋਧੀ ਧਿਰ ਦੀ ਗੱਲ ਧਿਆਨ ਨਾਲ ਸੁਣੋ ਅਤੇ ਉਸ ਦੀ ਕਦਰ ਕਰੋ।
4) ਸਾਫ ਸਪੱਸ਼ਟ ਅਤੇ ਹਰ ਗੱਲ ਤਰਕ ਨਾਲ ਕਰੋ।
5) ਸਾਝੇ ਤੋਰ ਤੇ ਸਹਿਮਤ ਲਈ ਉਸ ਟੀਚੇ ਤੇ ਪਹੁੰਚੋ।

ਜਦੋਂ ਅਜਿਹੇ ਝਗੜਿਆਂ ਵਿੱਚ ਕੋਈ ਬਜੁਰਗ ਜਾਂ ਸਮਾਜ ਵਿੱਚ ਵਿਚਰਣ ਵਾਲਾ ਕੋਈ ਵਿਅਕਤੀ ਆਪਣੀ ਸਕ-ਾਰਤਾਮਕ ਭੂਮਿਕਾ ਅਦਾ ਕਰਦਾ ਤਾਂ ਪ੍ਰੀਵਾਰ ਨੂੰ ਸ਼ਾਤੀ ਮਿਲੱਦੀ ਹੈ। ਇਸ ਲਈ ਪ੍ਰੀਵਾਰ ਦੇ ਸਾਰੇ ਮੈਬਰਾਂ ਨੂੰ ਸਮਾਜਿਕ ਪੱਧਰ ਤੇ ਜਾਗਰੂਕ ਕਰਨ ਦੀ ਜਰੂਰਤ ਹੈ ਤਾਂ ਜੋ ਉਹ ਆਪਣੀਆਂ ਜਿੰਮੇਵਾਰੀਆਂ ਨੂੰ ਪੂਰਾ ਕਰ ਸਕਣ ਅਤੇ ਆਪਣੇ ਪ੍ਰੀਵਾਰ ਨੂੰ ਤਣਾਅ ਮੁਕਤ ਰੱਖ ਸਕਣ।

ਪ੍ਰੀਵਾਰਕ ਝਗੜੇ ਕੇਵਲ ਪ੍ਰੀਵਾਰਾਂ ਤੇ ਹੀ ਅਸਰ ਨਹੀ ਪਾਉਦੇ ਇਹ ਸਮਾਜ ਤੇ ਵੀ ਪਭਾਵ ਪਾਉਦੇ ਹਨ ਇਸ ਲਈ ਸਮਾਜਿਕ ਤੋਰ ਤੇ ਇਸ ਸਬੰਧੀ ਜਾਗਰੂਕਤਾ ਮੁਹਿੰਮ ਚਲਾਉਣੀ ਚਾਹੀਦੀ। ਸਕੂਲਾਂ ਅਤੇ ਸਿੱਖਿਅਕ ਸੰਸਥਾਵਾਂ ਨੂੰ ਇਸ ਦੀ ਜਿੰਮੇਵਾਰੀ ਲੈਣੀ ਚਾਹੀਦੀ ਹੈ। ਇਸ ਲਈ ਸਬ ਤੋਂ ਪਹਿਲਾਂ ਪ੍ਰੀਵਾਰਾਂ ਵਿੱਚ ਤਣਾਅ ਨੂੰ ਖਤਮ ਕਰੋ ਅਤੇ ਜੇਕਰ ਹੋ ਸਕੇ ਤਾਂ ਇਸ ਲਈ ਕਿਸੇ ਪੇਸ਼ਾਵਰ ਵਿਅਕਤੀ ਜਾਂ ਸੰਸ਼ਥਾਵਾਂ ਦੀ ਮਦਦ ਲਈਂ ਜਾ ਸਕਦੀ ਹੈ। ਬੇਸ਼ਕ ਪ੍ਰੀਵਾਰਕ ਝਗੜੇ ਜਿੰਦਗੀ ਦਾ ਹਿੱਸਾ ਹਨ ਪਰ ਇਹਨਾਂ ਝਗੜਿਆਂ ਨੂੰ ਕਦੇ ਵੀ ਲੰਮਾ ਨਾ ਚੱਲਣ ਦਿਉ ਅਤੇ ਕਦੇ ਵੀ ਇਹਨਾਂ ਝਗੜਿਆਂ ਦੀ ਅਵਾਜ ਬੱਚਿਆਂ ਕੋਲ ਨਾ ਪਹਚੁੰਣ ਦਿਉ।

ਪ੍ਰੀਵਾਰ ਵਿੱਚ ਧਰਮ ਦਾ ਵਖਰੇਵਾਂ ਜਾਂ ਮਾਂ-ਬਾਪ ਵਿੱਚ ਬੱਚੇ ਨੂੰ ਕਿਸ ਧਰਮ ਨੂੰ ਮੰਨਣਾ ਉਸ ਬਾਰੇ ਆਪਸੀ ਟਕਰਾਅ ਕਈ ਵਾਰ ਭਿਆਨਕ ਰੂਪ ਧਾਰਨ ਕਰ ਜਾਦਾਂ। ਕਈ ਵਾਰ ਦੋ ਭੈਣ ਭਰਾ ਜਾਂ ਭਰਾਵਾਂ ਭਰਾਵਾਂ ਦੀ ਵੱਖਰੀ ਵੱਖਰੀ ਰਾਜਨੀਤਕ ਸੋਚ ਵੀ ਪ੍ਰੀਵਾਰ ਝਗੜੇ ਦਾ ਕਾਰਨ ਬਣਦੀ। ਇਥੋਂ ਤੱਕ ਕਿ ਪਤੀ-ਪਤਨੀ ਦਾ ਸੋਣ ਦਾ ਸਮਾਂ ਵੱਖਰਾ ਹੋਣਾ ਜਾਂ ਦੋਨਾਂ ਦੇ ਕੰਮ ਅੁਨਸਾਰ ਉਹਨਾਂ ਦੀ ਰੁਟੀਨ ਆਪਸ ਵਿੱਚ ਟਕਰਾਅ ਅਤੇ ਬਹਿਸ ਨੂੰ ਜਨਮ ਦਿੰਦੀ। ਪ੍ਰੀਵਾਰ ਵਿੱਚ ਇੱਕ ਮੈਬਰ ਦਾ ਸ਼ਾਕਾਹਾਰੀ ਅਤੇ ਦੂਜੇ ਦਾ ਮਾਸਾਹਾਰੀ ਇਸ ਤਰਾਂ ਖਾਣਪੀਣ ਦਾ ਅੰਤਰ ਮਾਪਿਆਂ ਦੇ ਖਾਣਪੀਣ ਦੇ ਅੰਤਰ ਕਾਰਨ ਨਾਬਾਲਗ ਬੱਚਿਆਂ ਵਿੱਚ ਵੀ ਗਲਤ ਫਹਿਮੀਆਂ ਪੈਦਾ ਹੋ ਜਾਦੀਆਂ ਅਤੇ ਬੱਚਿਆਂ ਦਾ ਬਾਗੀ ਵਿਵਹਾਰ ਬਣ ਜਾਂਦਾ।

ਇਸ ਲਈ ਪ੍ਰੀਵਾਰਕ ਰਿਸ਼ਤਿਆਂ ਨੂੰ ਸੁਧਾਰਣ ਅਤੇ ਪ੍ਰੀਵਾਰਕ ਝਗੜਿਆਂ ਨੂੰ ਰੋਕਣ ਹਿੱਤ ਕੁਝ ਸੁਝਾਵ ਜਿੰਨਾ ਨਾਲ ਰਿਸ਼ਤਆਂ ਵਿੱਚ ਸੁਧਾਰ ਆ ਸਕਦਾ।

- ਇੱਕ ਦੂਜੇ ਦੀ ਜਰੂਰਤ ਨੂੰ ਸਮਝੋ ਇਸ ਗੱਲ ਦਾ ਇੰਤਜਾਰ ਨਾ ਕਰੋ ਕਿ ਤੁਹਾਡਾ ਸਾਥੀ ਤੁਹਾਡੇ ਬਾਰੇ ਆਪ ਅੰਦਾਜਾ ਲਗਾਵੇ ਕਿ ਤੁਸੀਂ ਕੀ ਸੋਚਦੇ ਹੋ।
- ਜੇਕਰ ਤੁਸੀਂ ਕੁਝ ਨਵਾਂ ਕਰਨਾ ਚਾਹੁੰਦੇ ਹੋ ਤਾਂ ਅਰਾਮ ਨਾਲ ਕਰੋ ਤਾਂ ਜੋ ਸਕਾਰਤਾਮਕ ਨਤੀਜੇ ਆ ਸਕਣ।
- ਇੱਕ ਦੂਜੇ ਨੂੰ ਸੁਣੋ ਅਤੇ ਇੱਕ ਦੂਜੇ ਦੀ ਸੁਣੋ। ਆਪਣਾ ਜਵਾਬ ਦੇਣ ਤੋਂ ਪਹਿਲਾਂ ਸਾਥੀ ਦੀ ਜਰੂਰ ਸੁਣੋ ਅਤੇ ਜਵਾਬ ਦੇਣ ਤੋਂ ਪਹਿਲਾਂ ਪੰਜ ਵਾਰ ਡੂੰਘਾਈ ਨਾਲ ਸਾਹ ਲਵੋ।
- ਆਪਣੇ ਸਾਥੀ ਪ੍ਰਤੀ ਸਕਾਰਤਾਮਕ ਰਹੋ ਜੇਕਰ ਤਹਾਨੂੰ ਕੋਈ ਇੱਕ ਗੱਲ ਗਲਤ ਲੱਗਦੀ ਹੈ ਤਾਂ ਉਸ ਦੀਆਂ ਪੰਜ ਚੰਗੀਆਂ ਗੱਲਾਂ ਨੂੰ ਸਾਹਮਣੇ ਲਿਆਉ।
- ਜੇਕਰ ਤੁਹਾਡੀ ਜਾਂ ਤੁਹਾਡੇ ਸਾਥੀ ਦੀ ਯੋਜਨਾ ਅੁਨਸਾਰ ਕੰਮ ਠੀਕ ਨਹੀ ਹੋਇਆ ਤਾਂ ਸਾਥੀ ਨੂੰ ਹੋਸਲਾਂ ਦਿਉ।
- ਇਕੱਠੇ ਸਮਾਂ ਪਾਸ ਕਰੋ ਆਪਣੇ ਰਿਸ਼ਤਆਂ ਨੂੰ ਪਹਿਲ ਦਿਉ।ਆਪਣੇ ਰਿਸ਼ਤਆਂ ਦੇ ਬੈਂਕ ਖਾਤੇ ਵਿੱਚ ਚੰਗਾ ਸਮਾਂ ਜਮਾਂ ਕਰਵਾਉਦੇ ਰਹੋ ਤਾਂ ਜੋ ਰਿਸ਼ਤੇ ਮਜਬੂਤ ਹੋ ਸਕਣ।
- ਆਪਣੇ ਆਪ ਚੰਗਾ ਮਹਿਸੂਸ ਕਰੋ।
- ਅਸੀ ਅਕਸਰ ਉਹਨਾਂ ਵਿਅਕਤੀਆਂ ਦੀ ਚੋਣ ਕਰਨਾ ਚਾਹੁੰਦੇ ਜਿੰਨਾ ਵਿੱਚ ਚੰਗੀਆਂ ਆਦਤਾਂ ਹੁੰਦੀਆਂ ਆਪਣੇ ਬਾਰੇ ਵੀ ਇੰਜ ਹੀ ਸੋਚੋ।
- ਆਪਣੇ ਰਿਸ਼ਤਆਂ ਨੂੰ ਹੋਰ ਚੰਗ ਬਣਾਉਣ ਹਿੱਤ ਯੋਜਨਾ ਬਣਾਉ ਤਾਂ ਜੋ ਤੁਹਾਡੇ ਰਿਸ਼ਤੇ ਲੰਮੇ ਚਲ ਸਕਣ।
- ਇੱਕ ਦੂਜੇ ਬਾਰੇ ਆਪਣੀ ਰਾਏ ਨਾ ਬਣਾਉ ਅਲੋਚਨਾ ਅਤੇ ਦੋਸ਼ ਨਾ ਦਿਉ। ਅਸੀ ਸਾਰੇ ਮਨੁੱਖ ਹਾਂ ਅਤੇ ਇੱਕ ਟੀਮ ਹਾਂ ਅਤੇ ਟੀਮ ਦੀ ਸਫਲਤਾ ਲਈ ਇੱਕ ਦੂਜੇ ਨੂੰ ਉਤਸ਼ਾਹਿਤ ਕਰੋ।
- ਵਿਚਾਰ ਵਟਾਦਰੇਂ ਜਾਂ ਆਪਸੀ ਬਹਿਸ ਤੋਂ ਵੀ ਸਿੱਖੋ ਅਤੇ ਉਸ ਦਾ ਹੱਲ ਸਨਮਾਨ ਨਾਲ ਕਰੋ
- ਅਸਹਿਮਤੀ ਦੋਰਾਨ ਸ਼ਾਤ ਰਹੋ।
- ਨਿੱਜੀ ਸਬੰਧਾਂ ਪ੍ਰਤੀ ਸੁਚੇਤ ਰਹੋ। ਇਹ ਵੀ ਜਿੰਦਗੀ ਦਾ ਹਿੱਸਾ ਹੈ।
- ਆਪਣੇ ਆਪ ਵਿੱਚ ਆਨੰਦਤ ਰਹੋ ਕੋਈ ਮਨੋਰੰਜਨ ਗਤੀਵਿਧੀ ਤੁਹਾਡੇ ਸਬੰਧਾਂ ਨੂੰ ਸੁਧਾਰ ਸਕਦੀ ਹੈ।

ਇਸ ਲਈ ਸਮਾਜ ਵਿੱਚ ਅਜਿਹੀਆਂ ਕਮੇਟੀਆਂ ਅਤੇ ਸਗੰਠਨ ਦਾ ਬਣਾਇਆਂ ਜਾਣਾ ਅਤਿ ਜਰੂਰੀ ਹੈ। ਇਸ ਤੋਂ ਇਲਾਵਾ ਬੱਚਿਆਂ ਤੇ ਪ੍ਰੀਵਾਰਕ ਝਗੜਿਆਂ ਦਾ ਬਹੁਤ ਅਸਰ ਪੈਂਦਾਂ ਹੈ ਇਸ ਲਈ ਹੋ ਸਕੇ ਤਾਂ ਬੱਚਿਆਂ ਨੂੰ ਇਹਨਾਂ ਸੰਵੇਦਨਸ਼ੀਲ ਮੁੱਦਿਆਂ ਤੋ ਦੂਰ ਰੱਖਣਾ ਚਾਹੀਦਾ ਹੈ।

**ਨੋਟ:** ਪ੍ਰੀਵਾਰ ਦੇਵਤੇ ਬਣਾਉਦੇ ਹਨ ਇੰਹ ਟੁੱਟਣੇ ਨਹੀ ਚਾਹੀਦੇ ਇਸ ਲਈ ਇਹਨਾਂ ਨੂੰ ਜੋੜਨ ਅਤੇ ਪ੍ਰੀਵਾਰਾਂ ਨੂੰ ਇਕੱਠੇ ਕਰਨ ਵਾਲਾ ਵੀ ਦੇਵਿਤਆਂ ਦੀ ਪੂਜਾ ਹੈ। ਇਸ ਸਬੰਧੀ ਸਲਾਹ-ਮਸ਼ਵਰਾ ਲਈ ਕਦੋ ਵੀ ਸਪਰੰਕ ਕਰ ਸਕਦੇ ਹੋ। ਪ੍ਰੀਵਾਰਕ ਰਿਸ਼ਤਆਂ ਬਾਰੇ ਸਲਾਹ ਬਿਲਕੁੱਲ ਮੁੱਫਤ ਦਿੱਤੀ ਜਾਦੀ ਹੈ।

# ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਬੱਚਿਆਂ ਨੂੰ ਵਿਗਿਆਨਕ ਸੋਚ ਅਪਣਾਉਣ ਦਾ ਸੱਦਾ

**ਸੰਗਰੂਰ, (ਦਲਜੀਤ ਕੌਰ )** ਲੋਕਾਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੀਤਾ ਰਾਮ ਬਾਲਦ ਕਲਾਂ, ਸੁਰਿੰਦਰ ਪਾਲ ਉਪਲੀ ਤੇ ਗੁਰਦੀਪ ਸਿੰਘ ਲਹਿਰਾ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅੱਜ ਸਥਾਨਕ ਬਚਪਨ ਇੰਗਲਿਸ਼ ਸਕੂਲ ਵਿਖੇ ਇਕ ਸਿੱਖਿਆਦਾਇਕ , ਤਰਕਸ਼ੀਲ ਪਰੋਗਰਾਮ ਦਿੱਤਾ। ਸਕੂਲ ਕੋਆਰਡੀਨੇਟਰ ਮੈਡਮ ਮੋਨਿਕਾ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ, ਤਰਕਸ਼ੀਲਤਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੇ ਹਾਜ਼ਰੀਨ ਨੂੰ ਅੰਧਵਿਸ਼ਵਾਸ਼ਾਂ, ਵਹਿਮਾਂ ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ।



ਇਸ ਮੌਕੇ ਉਨ੍ਹਾਂ ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਦਾ ਦ੍ਰਿਸ਼ਟੀਕੋਣ ਵਿਗਿਆਨਕ ਬਣਾਉਣਾ ਹੈ। ਇਹ ਪ੍ਰੀਖਿਆ ਸਤੰਬਰ ਟੈਸਟ ਤੋਂ ਛੇਤੀ ਬਾਅਦ ਹੋਵੇਗੀ ਤੇ ਇਸ ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰ੍ਹਵੀਂ ਤਕ ਦੇ ਵਿਦਿਆਰਥੀ ਸ਼ਾਮਿਲ ਹੋ ਸਕਦੇ ਹਨ। ਪ੍ਰੀਖਿਆ ਓ ਐਮ ਆਰ ਸ਼ੀਟ ਤੇ ਹੋਵੇਗੇ, ਰੋਲ ਨੰਬਰ ਛਪੇ ਹੋਣਗੇ, 100 ਬਹੁ-ਚੋਣਾਵੀ ਪ੍ਰਸ਼ਨ ਹੋਣਗੇ ਤੇ ਕੰਪਿਊਟਰ ਦੁਆਰਾ ਚੈਕ ਹੋਣਗੇ। ਮਿਡਲ ਤੇ ਸੈਕੰਡਰੀ ਪੱਧਰ ਤੇ ਦੋ ਪ੍ਰਸ਼ਨ ਪੱਤਰ ਹੋਣਗੇ। ਸੂਬਾ, ਜੋਨ ਤੇ ਇਕਾਈ ਪੱਧਰੀ ਕਲਾਸ ਵਾਇਜ਼ ਮੈਰਿਟ ਬਣੇਗੀ। ਹਰ ਕਲਾਸ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੇ ਵਿਦਿਆਰਥੀ ਸੂਬਾ ਪੱਧਰੀ ਮੈਰਿਟ ਵਿੱਚ ਹੋਣਗੇ ਤੇ ਉਨ੍ਹਾਂ ਨੂੰ 1500/- ਰੁਪਏ ਨਗਦ ਇਨਾਮ, ਵਿਗਿਆਨਕ ਵਿਚਾਰਾਂ ਦੀ ਪੁਸਤਕਾਂ, ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਨਾਲ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਕਰਕੇ ਸਨਮਾਨਿਤ ਕੀਤਾ ਜਾਵੇਗਾ। ਇਸੇ ਤਰ੍ਹਾਂ ਜੋਨ ਤੇ ਇਕਾਈ ਪੱਧਰੀ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਵਾਲੀਆਂ ਪੁਸਤਕਾਂ, ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਇਸ ਸਾਲ ਬਚਪਨ ਇੰਗਲਿਸ਼ ਸਕੂਲ ਵੀ ਛੇਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦਾ ਪ੍ਰੀਖਿਆ ਕੇਂਦਰ ਹੋਵੇਗਾ।ਉਨ੍ਹਾਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸਿਲੇਬਸ ਪੁਸਤਕ ਲੈ ਕੇ ਚੇਤਨਾ ਪਰਖ਼ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ। ਵਾਇਸ ਪ੍ਰਿੰਸੀਪਲ ਮੈਡਮ ਅੰਜੂ ਨੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦਾ ਧੰਨਵਾਦ ਕੀਤਾ ਅਤੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਚੇਤਨਾ ਪਰਖ਼ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਵਾਉਣ ਦਾ ਵਿਸ਼ਵਾਸ ਦਵਾਇਆ। ਇਸ ਪ੍ਰੋਗਰਾਮ ਵਿੱਚ ਉਪਰੋਕਤ ਤੋਂ ਇਲਾਵਾ ਮੈਡਮ ਸ਼ਿਲਪਾ, ਮੈਡਮ ਸੁਸ਼ਮਾ, ਰੀਤੂ ਹੰਸ ਮੈਡਮ, ਗੁਰਵਿੰਦਰ ਕੌਰ ਮੈਡਮ, ਸਰਵਜੀਤ ਕੌਰ, ਲਵਦੀਪ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

# ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ : ਕਸ਼ਮੀਰ (ਸ਼੍ਰੀਨਗਰ)




ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਛੈਲ ਬਾਂਕਾ ਹਿਰਦੇਗਾਮੀ ਅਤੇ ਲੋਕਿਕਤਾ ਵਿਚ ਅਲੌਕਿਕਤਾ ਦਾ ਸਰੂਪ ਹੈ, ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ ਕਸ਼ਮੀਰ (ਸ੍ਰੀਨਗਰ) ਸੁੰਦਰਤਾ ਕੁਦਰਤ ਨਾਲ ਕੀਕਲੀ ਪਾਉਂਦੀ ਹੋਈ ਕਸ਼ਮੀਰ ਸਭਿਆਚਾਰ ਦੀ ਖ਼ੁਸ਼ਬੂ ਨੂੰ ਬੁਲੰਦੀ ਦੇ ਜਾਂਦੀ ਹੈ। ਜਿੱਥੇ ਖ਼ੂਬਸੂਰਤੀਆਂ ਦੇ ਹਕੀਕੀ, ਪ੍ਰਯੋਗੀ ਪ੍ਰਤੀਕਾਤਮਿਕ, ਮੂਰਤ ਅਤੇ ਅਮੂਰਤ ਬਿੰਬਾਂ ਦੇ ਦਿਲ ਖਿਚਵੇਂ ਦ੍ਰਿਸ ਮਨੁੱਖ ਨੂੰ ਜੰਨਤ ਦਾ ਅਹਿਸਾਸ ਕਰਵਾਉਣ ਦੇ ਅਰਥ ਬਖਸ਼ ਜਾਂਦੇ ਹਨ।

ਬਟਾਲਾ ਤੋਂ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤਕ ਫ਼ੋਟੋਗ੍ਰਾਫਰ ਜਨਾਬ ਹਰਭਜਨ ਸਿੰਘ ਬਾਜਵਾ ਦਾ ਫ਼ੋਨ ਆਇਆ, ਕਿ ਕਸ਼ਮੀਰ ਚੱਲਨਾ ਏ'। ਮੈਂ ਝੱਟ ਦੀ ਹਾਂ ਕਰ ਦਿੱਤੀ। ਸਾਡੇ ਨਾਲ ਪ੍ਰਸਿੱਧ ਸ਼ਾਇਰ ਜਨਾਬ ਜਸਵੰਤ ਹਾਂਸ, ਸੁੱਚਾ ਸਿੰਘ ਰੰਧਾਵਾ, ਸੁਖਦੇਵ ਸਿੰਘ ਕਾਹਲੋਂ, ਸੰਤੋਖ ਸਿੰਘ ਸਮਰਾ ਤੇ ਅਮਰਜੀਤ ਸਿੰਘ ਵੀ ਤਿਆਰ ਹੋ ਗਏ।

ਲੰਬੇ ਸਫ਼ਰ 'ਤੇ ਮਹਿੰਗੇ ਸ਼ਹਿਰ ਜਾਣਾ ਹੋਵੇ ਤਾਂ ਇਕ ਗਰੁੱਪ ਜ਼ਰੂਰ ਚਾਹੀਦਾ ਹੈ। ਇਸ ਨਾਲ ਪੈਸਾ ਵੀ ਬਚਦਾ ਹੈ ਅਤੇ ਮਨੋਰੰਜਨ ਵੀ ਚੋਖਾ ਹੁੰਦਾ ਹੈ ਕਿਉਂਕਿ ਟੈਕਸੀ ਵਿਚ ਲਗਭਗ 7 ਬੰਦੇ ਹੀ ਬੈਠ ਸਕਦੇ ਹਨ।



ਅਸੀਂ ਸਵੇਰੇ 9 ਵਜੇ ਦੇ ਕਰੀਬ ਸਾਰੇ ਦੋਸਤ ਗੁਰਦਾਸਪੁਰ ਦੇ ਬੱਸ ਸਟੈਂਡ ਤੋਂ ਬੱਸ ਲੈ ਕੇ ਜੰਮੂ ਵੱਲ ਰਵਾਨਾ ਹੋ ਗਏ। ਮੈਂ ਦੱਸਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਸ਼ਹਿਰ ਦਾ ਨਾਂ ਬਾਬਾ ਗੁਰੀਆ ਤੋਂ ਪ੍ਰਚਲਿਤ ਹੋਇਆ। ਬਾਬਾ ਗੁਰੀਆ ਜੀ ਦਾ ਪਰਿਵਾਰ ਹੀ ਗੁਰਦਾਸਪੁਰ ਦੇ ਪਹਿਲੇ ਨਿਵਾਸੀਆਂ 'ਚੋਂ ਸੀ। ਗੁਰਦਾਸਪੁਰ ਦੀ ਹੱਦ ਪਾਕਿਸਤਾਨ ਦੀ ਹੱਦ ਨਾਲ ਲਗਦੀ ਹੈ। ਗੁਰਦਾਸਪੁਰ ਦੇ ਆਸ ਪਾਸ ਅਨੇਕਾਂ ਇਤਿਹਾਸਿਕ ਤੇ ਧਾਰਮਿਕ ਸਥਾਨ ਵੇਖਣਯੋਗ ਹਨ।

ਗੁਰਦਾਸਪੁਰ ਤੋਂ ਅਸੀਂ ਸਰਨੇ ਅਤੇ ਮਾਧੋਪੁਰ 'ਚੋਂ ਲੰਘਦੇ ਹੋਏ ਜੰਮੂ ਵੱਲ ਵਧਦੇ ਗਏ। ਕਸਬਾ ਸਰਨਾ ਇਕ ਐਸਾ ਸਥਾਨ ਹੈ ਜਿੱਥੇ ਹਿਮਾਚਲ ਪ੍ਰਦੇਸ ਅਤੇ ਜੰਮੂ ਦੇ ਵਾਹਨਾਂ ਦਾ ਸੰਗਮ ਹੁੰਦਾ ਹੈ। ਸਰਨਾ ਤੋਂ ਹੋ ਕੇ ਹੀ ਵਾਹਨ ਜੰਮੂ-ਕਸ਼ਮੀਰ ਤੋਂ ਹਿਮਾਚਲ ਜਾਂਦੇ ਹਨ। ਤੁਸੀਂ ਪਠਾਨਕੋਟ ਤੋਂ ਵੀ ਜੰਮੂ-ਕਸ਼ਮੀਰ ਜਾਂ ਹਿਮਾਚਲ ਜਾ ਸਕਦੇ ਹੋ।

ਮਾਧੋਪੁਰ ਕਸਬੇ ਦੇ ਬਾਗ ਅਤੇ ਨਹਿਰ ਦੇ ਨਜ਼ਾਰੇ ਵੇਖਣ ਵਾਲੇ ਹਨ। ਨਹਿਰ ਦੇ ਕਿਨਾਰੇ ਸਰਕਾਰੀ ਹੋਟਲ ਹੈ ਅਤੇ ਪ੍ਰਾਈਵੇਟ ਹੋਟਲ ਵੀ ਹਨ। ਮਾਧੋਪੁਰ ਦੇ ਨਾਲ ਰਾਵੀ ਦਰਿਆ ਵਹਿੰਦਾ ਹੈ। ਰਾਵੀ ਦਰਿਆ ਦੇ ਏਧਰ ਪੰਜਾਬ ਦੀ ਹੱਦ ਹੈ ਤੇ ਪਾਰ ਉਧਰ ਜੰਮੂ-ਕਸ਼ਮੀਰ ਦੀ ਹੱਦ ਹੈ। ਮਾਧੋਪੁਰ ਟੱਪਦੇ ਹੀ ਮੋਬਾਇਲ ਬੰਦ ਹੋ ਜਾਂਦੇ ਹਨ। ਕੁਝ ਹੀ ਮੋਬਾਈਲ ਚਲਦੇ ਹਨ।

ਰਾਵੀ ਦਰਿਆ ਪਾਰ ਕਰਦਿਆਂ ਹੀ ਕੁਝ ਮਿੰਟਾਂ ਤੋਂ ਬਾਅਦ ਲਖਣਪੁਰ ਅਤੇ ਸਾਂਭਾ ਕਸਬੇ ਆ ਜਾਂਦੇ ਹਨ। ਲਖਣਪੁਰ ਵਿਖੇ ਜੰਮੂ ਦਾ ਬੈਰੀਅਰ ਹੈ। ਬੈਰੀਅਰ ਪਾਰ ਕਰਦੇ ਹੀ ਇਥੇ ਬੱਸਾਂ ਤੇ ਹੋਰ ਵਾਹਨ ਖੜ੍ਹੇ ਹੁੰਦੇ ਹਨ, ਜਿਥੇ ਲੋਕ ਚਾਹ ਪਾਣੀ ਨਾਸ਼ਤਾ ਭੋਜਨ ਆਦਿ ਕਰ ਸਕਦੇ ਹਨ। ਇਸ ਸਥਾਨ ਦੇ ਵੜੇ-ਭੱਲੇ, ਪਕੌੜੇ ਬਹੁਤ ਸਵਾਦੀ ਤੇ ਮਸ਼ਹੂਰ ਹਨ। ਖੱਟੀ ਮਿੱਠੀ ਚਟਨੀ, ਮੂਲਕੀਸ਼ ਕੀਤੀ ਮੂਲੀ, ਮਸਾਲੇਦਾਰ ਝਟਪਟੀ ਮਿਸ਼ਰਤ ਚੱਟਨੀ ਮੂੰਹ ਸਵਾਦ-ਸਵਾਦ ਕਰ ਜਾਂਦੀ। ਅਨੇਕਾਂ ਹੀ ਪਰਿਵਾਰ ਇਸ ਧੰਦੇ 'ਚੋਂ ਆਪਣੇ ਪਰਿਵਾਰ ਪਾਲ ਰਹੇ ਹਨ।

ਇਸ ਤੋਂ ਬਾਅਦ ਅਨੇਕਾਂ ਹੀ ਪੁੱਲ ਪਾਰ ਕਰਦੇ ਹੋਏ ਅਸੀਂ ਲਗਭਗ ਤਿੰਨ ਘੰਟਿਆਂ ਤੋਂ ਬਾਅਦ ਜੰਮੂ ਪਹੁੰਚ ਗਏ। ਜੰਮੂ ਬੱਸ ਸਟੈਂਡ ਦੇ ਬਾਹਰ ਅਨੇਕਾਂ ਹੀ ਟੈਕਸੀਆਂ ਵਾਲੇ ਮਿਲ ਜਾਂਦੇ ਹਨ। ਅਸੀਂ ਟੈਕਸੀ ਡਰਾਈਵਰਾਂ ਨਾਲ ਗੱਲਬਾਤ ਕੀਤੀ। ਜੰਮੂ ਤੋਂ ਕਸ਼ਮੀਰ ਦਾ ਰੇਟ ਤੈਅ ਕਰਲ ਲੱਗ ਪਏ। ਇਸ ਸਥਾਨ ਤੋਂ ਟੈਕਸੀ ਸਸਤੀ ਮਿਲ ਜਾਂਦੇ ਹੈ ਕਿਉਂਕਿ ਜੋ ਡਰਾਈਵਰ ਕਸ਼ਮੀਰ (ਸ਼੍ਰੀਨਗਰ) ਤੋਂ ਸਵਾਰੀ ਲੈ ਕੇ ਆਉਂਦੇ ਹਨ ਉਹ ਫਿਰ ਖਾਲੀ ਨਹੀਂ ਜਾਂਦੀ ਸਵਾਰੀ ਲੈ ਕੇ ਹੀ ਜਾਂਦੇ ਹਨ। ਇਸ ਕਰਕੇ ਟੈਕਸੀ ਸਸਤੀ ਪੈਂਦੀ ਹੈ। ਲਗਭਗ ਤਿੰਨ ਹਜ਼ਾਰ ਵਿਚ 7 ਸੀਟਾਂ ਵਾਲੀ ਟੈਕਸੀ ਕਰ ਲਈ। ਨੀਮ ਪਹਾੜੀ ਇਲਾਕੇ ਦਾ ਨਜ਼ਾਰਾ ਵੇਖਦੇ ਹੋਏ ਟੈਕਸੀ ਸਰਪਟ ਦੌੜਣ ਲੱਗੀ। ਕਈ ਸੁਰੰਗਾਂ ਲੰਘਦੇ ਹੋਏ ਟੈਕਸੀ ਹਵਾ ਨਾਲ ਗੱਲਾਂ ਕਰਦੀ ਜਾ ਰਹੀ ਸੀ।

ਪਟਣੀ ਟਾਪ ਦੀ ਸਭ ਤੋਂ ਵੱਡੀ ਸੁਰੰਗ ਲਗਭਗ 9 ਕਿਲੋਮੀਟਰ ਲੰਬੀ ਸੁਰੰਗ ਦਾ ਨਜ਼ਾਰਾ ਕਮਾਲ ਦਾ ਹੈ। ਇਸ ਸੁਰੰਗ ਨੂੰ ਪਾਰ ਕਰਦਿਆਂ ਲਗਭਗ 6 ਮਿੰਟ ਲਗਦੇ ਹਨ।

ਅਸੀਂ ਰਸਤੇ 'ਚੋਂ ਕਿਸੇ ਹੋਟਲ ਤੋਂ ਖ਼ਾਣਾ ਭੋਜਨ ਖਾ ਕੇ ਰਾਤ ਨੂੰ ਲਗਭਗ 8 ਵਜੇ ਦੇ ਕਰੀਬ ਡੇਲ ਝੀਲ ਸਾਹਮਣੇ ਤੁਲੀ ਹੋਟਲ ਵਿਚ ਪਹੁੰਚ ਗਏ।

ਜਦੋਂ ਵੀ ਕਸ਼ਮੀਰ ਜਾਓ ਕੋਸ਼ਿਸ਼ ਕਰੋ ਕਿ ਕਮਰਾ ਡੱਲ ਝੀਲ ਦੇ ਸਾਹਮਣੇ ਵਾਲੇ ਹੋਟਲਾਂ ਵਿਚ ਹੀ ਲਿਆ ਜਾਏ। ਡੱਲ ਝੀਲ ਦੇ ਨਾਲ ਲਗਦੀ ਸੜਕ ਦੇ ਨਾਲ-ਨਾਲ ਹੋਟਲ ਹੀ ਹੋਟਲ ਹਨ। ਤੁਲੀ ਹੋਟਲ ਵਿਚ ਸਾਨੂੰ ਇਕ ਕਮਰਾ ਲਗਭਗ ਨੌ ਸੌ ਰੁਪਏ ਵਿਚ ਮਿਲ ਗਿਆ। ਅਸੀਂ ਤਿੰਨ ਕਮਰੇ ਲੈ ਲਏ।

ਰਾਤ ਖ਼ਾਣਾ ਖ਼ਾਣ ਤੋਂ ਬਾਅਦ ਗੱਪ ਛੱਪ ਮਾਰ ਕੇ ਸਵੇਰੇ ਤੜਕੇ ਅਸੀਂ ਡੱਲ ਝੀਲ ਦੀਆਂ ਮਨਮੋਹਿਕ ਤਸਵੀਰਾਂ ਕੈਮਰੇ ਵਿਚ ਕੈਦ ਕੀਤੀਆਂ।

ਅਸੀਂ ਘੁੰਮਣ ਫ਼ਿਰਨ ਦਾ ਸਾਰਾ ਪ੍ਰੋ-ਗਰਾਮ ਬਣਾ ਲਿਆ। ਡੱਲ ਝੀਲ ਵਿਚ ਸ਼ਿਕਾਰੇ ਦੇ ਜ਼ਰੀਏ ਘੁੰਮਣ ਦਾ ਪ੍ਰੋਗਰਾਮ ਆਪਸ ਵਿਚ ਤੈਅ ਕਰ ਲਿਆ।



ਅਸੀਂ ਕਸ਼ਮੀਰ ਵਿਚ ਲਗਭਗ ਇਕ ਹਫ਼ਤਾ ਠਹਿਰੇ। ਅਸੀਂ ਕਸ਼ਮੀਰ ਦੇ ਪਾਸ-ਪਾਸ ਜਾ ਦੂਰ ਦੁਰਾਡੇ ਦੇ ਸ਼ਹਿਰ ਵੇਖਣ ਲਈ ਜਾਂਦੇ ਤਾਂ ਕਿਰਾਏ 'ਤੇ ਟੈਕਸੀ ਲੈ ਲੈਂਦੇ। ਇਕ ਟੈਕਸੀ ਲਗਭਗ ਦੋ-ਢਾਈ ਹਜ਼ਾਰ ਰੁਪਏ ਵਿਚ ਪੈਂਦੀ ਸੀ।

ਕਸ਼ਮੀਰ ਦੇ ਸਾਰੇ ਮੁਗਲ-ਬਾਗ, ਪਹਿਲਗਾਮ, ਪ੍ਰਸਿੱਧ ਸ਼ੰਕਰਚਾਰਿਆ ਮੰਦਿਰ, ਗੁਰਦੁਆਰੇ, ਗੁਲ ਮਰਗ, ਸੋਨ ਮਰਗ ਅਤੇ ਕਈ ਹੋਰ ਖ਼ੂਬਸੂਰਤ ਸਥਾਨਾਂ ਨੂੰ ਆਪਣੇ ਕੈਮਰੇ ਵਿਚ ਕੈਦ ਕੀਤਾ।

ਛੈਲ ਛਬੀਲਾ ਰੰਗ ਰੰਗੀਲਾ ਅਤੇ ਸੁੰਦਰਤਾ ਦਾ ਇਨਸਾਈਕਲੋਪੀਡੀਆ ਹੈ ਕਸ਼ਮੀਰ! ਕਸ਼ਮੀਰ ਦੀ ਵਿਸ਼ਵ ਪ੍ਰਸਿੱਧ ਡੱਲ ਝੀਲ ਰੁਜ਼ਗਾਰਦਾਤੀ ਹੈ। ਵੈਕੁੰਠ ਦੀ ਪਰਿਭਾਸ਼ਾ, ਅਦਭੁਤ ਕਰਿਸ਼ਮਾ, ਧਾਰਮਿਕ ਸਥਾਨਾਂ ਦਾ ਦੇਵ ਲੋਕ। ਕਸ਼ਮੀਰ ਦੀ ਧਰਤੀ ਨੂੰ ਕੁਦਰਤ ਨੇ ਦੁਲਹਨ ਵਾਂਗ ਸ਼ਿੰਗਾਰਿਆ ਹੈ। ਸੰਪੂਰਨ ਆਨੰਦ, ਖੁਸ਼ੀ ਦਾ ਖਜ਼ਾਨਾ। ਕੁਦਰਤ ਏਥੇ ਸਾਹਿਤ ਬਖ਼ਸ਼ਦੀ ਹੈ। ਸੁੰਦਰਤਾ ਦੇ ਵੱਖ-ਵੱਖ ਗਹਿਣਿਆਂ ਨਾਲ ਮਾਲਾ ਮਾਲ। ਕੁਦਰਤ ਇਥੇ ਹਜ਼ਾਰਾਂ ਦੀ ਖ਼ੂਬਸੂਰਤ ਰੰਗਾਂ ਨੂੰ ਧਰਤੀ 'ਤੇ ਅਲੰਕਾਰ ਕਰਦੀ ਹੋਈ ਵਸੀਅਤ ਲਿਖਦੀ ਹੈ। ਪ੍ਰਤੀਕ ਬਿੰਬ, ਤਸਬੀਹਾਂ, ਉਪਮਾ ਆਦਿ ਕੁਦਰਤ ਦੀ ਰਚਨਾ ਦਾ ਹੀ ਸਰੂਪ ਹਨ। ਕਸ਼ਮੀਰ ਦੀ ਧਰਤੀ ਅਦਭੁਤ ਕੀਮਤੀ ਫ਼ਸਲਾਂ ਦੀ ਜਨਮਦਾਤੀ ਹੈ। ਆਯੁਰਵੈਦ ਦੀ ਮੁੜ ਜੜ੍ਹ ਹੈ ਇਸ ਧਰਤੀ ਦੀ ਬਨਸਪਤੀ। ਕੁਦਰਤ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਇਸ ਨੂੰ ਹਰ ਪਾਣੀ ਮਹਿਸੂਸ ਕਰ ਸਕਦਾ ਹੈ। ਕਸ਼ਮੀਰ ਵਿਖੇ ਜਦ ਕੁਦਰਤ ਸੁੰਦਰ ਬਰਫੀਲੀ ਪਹਾੜੀਆਂ ਦੇ ਨਗਨ ਤਨ ਉਪਰ ਦਸਤਖਤ ਕਰਦੀ ਹੈ ਤਾਂ ਵਾਤਾਵਰਣ ਵਿਚ ਠੰਢਕ ਆਪਣੇ ਜਲਵੇ ਦਾ ਮਜ਼ਾ ਦੇ ਦਿੰਦੀ ਹੈ।

ਕਸ਼ਮੀਰ (ਸ੍ਰੀਨਗਰ) ਵਿਖੇ ਡੱਲ ਝੀਲ ਸਭ ਤੋਂ ਖ਼ੂਬਸੂਰਤ ਵਿਸ਼ਵ ਪ੍ਰਸਿੱਧ ਦੇਖਣ ਵਾਲਾ ਸਥਾਨ ਮੰਨਿਆ ਜਾਂਦਾ ਹੈ ਜਿਥੇ ਕੁਦਰਤ ਨੇ ਹਰ ਸ਼ੈਅ ਵਿਚ ਸੁੰਦਰਤਾ ਭਰਕੇ ਪਰਮ-ਾਤਮਾ ਦੇ ਰੂਪ ਦਾ ਇਕ ਹਿੱਸਾ ਅਲੰਕਾਰ ਕਰ ਦਿੱਤਾ ਹੈ। ਖ਼ੂਬ-ਸੂਰਤੀ ਦਾ ਇਨਸਾਨੀਅਤ ਸਥਾਨ। ਕੁਦਰਤ ਆਪਣੇ ਗੁਲਫਾਮ ਅਭਿਵਾਦਨ ਵਿਚ ਜੀ ਆਇਆਂ ਕਹਿੰਦੀ ਪ੍ਰਤੀਤ ਹੁੰਦੀ ਹੈ।

ਡੱਲ ਝੀਲ ਦਾ ਪਾਣੀ ਕਈ ਰੰਗਾਂ ਵਿਚ ਆਪਣੇ ਰੂਪ ਬਦਲਦਾ ਹੈ। ਕੁਦਰਤ ਦਾ ਅਦਭੁਤ ਰੂਪਮਾਨ ਅਨੁਪਮ ਨਜ਼ਾਰਾ। ਕੁਦਰਤ ਜਿਵੇਂ ਖ਼ੂਬਸੂਰਤ ਮਰਮਸਪਰਸ਼ੀ ਵੱਖ-ਵੱਖ ਵਿਧਾਵਾਂ ਵਿਚ ਦ੍ਰਿਸ਼ਾਵਲੀਆਂ ਦਾ ਸਾਹਿਤ ਲਿਖ ਰਹੀ ਹੋਵੇ।

ਸਾਫ਼ੀ ਪਾਣੀ ਦੀ ਇਹ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ ਅਤੇ ਵਿਸ਼ਵ ਪ੍ਰਸਿੱਧ ਹੈ। ਇਸਦੀ ਕੁਲ ਲੰਬਾਈ 8 ਕਿਲੋਮੀਟਰ ਅਤੇ ਚੌੜਾਈ 4 ਕਿਲੋਮੀਟਰ ਹੈ। ਡੱਲ ਝੀਲ ਨੂੰ ਸ਼੍ਰੀਨਗਰ ਸ਼ਹਿਰ ਦਾ ਦਿਲ ਵੀ ਕਿਹਾ ਜਾਂਦਾ ਹੈ। ਇਸੇ ਝੀਲ ਦੇ ਉਪਰ, ਝੀਲ ਦੇ ਨਾਲ-ਨਾਲ ਮੁਗਲ ਬਾਗ ਸ਼ੋਭਨੀਏ ਹਨ। ਜਿਸ ਤਰ੍ਹਾਂ ਚਸ਼ਮੇਸ਼ਾਹੀ, ਨਹਿਰੂ ਪਾਰਕ, ਪਰੀ ਮਹਿਲ, ਨਿਸ਼ਾਤ ਬਾਗ ਅਤੇ ਸ਼ਾਲੀਮਾਰ ਬਾਗ਼। ਡੱਲ ਦੇ ਚਾਰੇ ਪਾਸੇ ਉਚੇ ਉਚੇ ਹਰਿਆਲੀ ਭਰੇ ਪਹਾੜ ਜਿਵੇਂ ਲੋਕਾਂ ਨੂੰ ਸ਼ੁਭ ਕਾਮਨਾ, ਆਸ਼ੀਰਵਾਦ ਦੇ ਰਹੇ ਹੋਣ। ਇਹ ਪ੍ਰਾਚੀਨ ਡੱਲ ਝੀਲ ਅੱਜ ਦੀ ਆਧੁਨਿਕਤਾ ਦੇ ਪਹਿਰਾਵੇ ਵਿਚ ਕਸ਼ਮੀਰ ਦੀ ਸਭਿਅਤਾ ਨੂੰ ਅਮੀਰ ਕਰਨ ਵਿਚ ਹਮੇਸ਼ਾਂ ਤਤਪਰ ਰਹਿੰਦੀ ਹੈ।

ਸਵੇਰੇ ਸ਼ਾਮ ਹਵਾ ਵਿਚ ਹਲਕੀ ਸੁਰਸੁਰੀ ਜਿਸਮ ਵਿਚ ਇਕ ਅਲੌਕਿਕ ਅਨੰਦ ਦਾ ਅਹਿਸਾਸ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ। ਸੁੰਦਰ ਦ੍ਰਿਸ਼ਾਵਾਲੀਆ ਨਾਲ ਮਾਲਾ ਮਾਲ ਕਸ਼ਮੀਰ। ਰਾਤ ਦੇ ਸਮੇਂ ਸ਼ਿਕਾਰੇ (ਬੇੜੀ) ਵਿਚ ਬੈਠ ਕੇ ਘੁੰਮਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ।

ਰਾਤ ਦੇ ਸਮੇਂ ਚਮਚਮਾਤੀ ਰੌਸ਼ਨੀ ਵਿਚ, ਚੰਦਰਮੇ ਦੀ ਠੰਢੀ ਲੋਅ ਵਿਚ ਸਾਰੀ ਝੀਲ ਦੁਲਹਨ ਵਾਂਗੂ ਸਜੀ ਲਗਦੀ ਹੈ। ਰਾਤ ਸਮੇਂ ਜਗਦੀ ਝੀਲ ਨੂੰ ਗੋਲਡਨ ਝੀਲ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਰਾਤ ਨੂੰ ਝੀਲ ਵਿਚ ਪੈਂਦੀ ਰੌਸ਼ਨੀ ਇੰਝ ਪ੍ਰਤੀਤ ਹੁੰਦੀ ਹੈ ਜਿਵੇਂ ਸਾਰਾ ਪਾਣੀ ਹੀ ਜਗ-ਮਗ ਜਗ-ਮਗ ਰੌਸ਼ਨੀ ਦੇ ਰਿਹਾ ਹੋਵੇ।

ਇਸ ਝੀਲ ਦੇ ਨਾਲ ਹੋਰ ਕਈ ਝੀਲਾਂ ਪੈਂਦੀਆਂ ਹਨ ਜੋ ਇਸ ਦਾ ਇਕ ਹਿੱਸਾ ਬਣੀਆਂ ਹਨ ਜਿਸ ਤਰ੍ਹਾਂ ਲੈਟਸ ਲੇਕ, ਗੁਲਫਾਮ ਲੇਕ ਅਤੇ ਹੋਰ ਝੀਲਾਂ।

ਝੀਲ ਦੇ ਵਿਚ ਥੋੜ੍ਹੀ ਦੂਰ ਸੱਜੇ ਖੱਬੇ ਬਹੁਤ ਵੱਡੀ ਮਾਰਕੀਟ ਬਣੀ ਹੋਈ ਹੈ। ਸਾਰੀ ਬੇੜੀ ਸਥਿਰ ਮਾਰਕੀਟ ਹੈ। ਵੱਡੇ ਆਕਾਰ ਦੀਆਂ ਬੇੜੀਆਂ ਵਿਚ ਆਪਣਾ ਹੀ ਮਜ਼ਾ ਹੁੰਦਾ ਹੈ ਜਿਵੇਂ ਮਨੁੱਖ ਜੰਨਤ ਵਿਚ ਉਤਰ ਆਇਆ ਹੋਵੇ।



ਝੀਲ ਦੇ ਪਾਣੀ ਵਿਚ ਹੀ ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਨੂੰ ਵੈਜੀਟੇਬਲ ਲੈਂਡ ਕਹਿੰਦੇ ਹਨ। ਝੀਲ ਵਿਚਲੇ ਬਾਜ਼ਾਰ ਨੂੰ ਮੀਨਾ ਬਾਜ਼ਾਰ ਕਹਿੰਦੇ ਹਨ। ਇਹ ਲਗਭਗ 25 ਕਿਲੋਮੀਟਰ ਲੰਬਾ ਹੈ। ਇਸ ਝੀਲ ਵਿਚ ਵੈਜਟੇਬਲ ਲੈਂਡ ਵਿਚ ਟਮਾਟਰ, ਕੱਦੂ, ਖੀਰਾ, ਖਰਬੂਜਾ ਆਦਿ ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਸਾਰੀ ਝੀਲ ਨੂੰ ਵੇਖਣ ਲਈ ਲਗਭਗ ਦੋ ਦਿਨ ਲਗਦੇ ਹਨ।

ਇਸ ਝੀਲ ਦੇ ਨਜ਼ਦੀਕ ਹੀ ਜਬਰਵਾਨ ਅਤੇ ਮਹਾਂਦੇਵ ਪਰਬਤ ਹਨ ਅਤੇ ਪਹਾੜਾਂ ਦੀਆਂ ਚੋਟੀਆਂ ਉਪਰ ਸਾਰਾ ਸਾਲ ਬਰਫ਼ ਪਈ ਰਹਿੰਦੀ ਹੈ।

ਡੱਲ ਝੀਲ ਦੇ ਨਜ਼ਦੀਕ ਪਰੀ ਮਹਿਲ ਅਤੇ ਸੈਂਟਰ ਹੋਟਲ ਸਾਫ਼ ਨਜ਼ਰ ਆਉਂਦੇ ਹਨ। ਝੀਲ ਦੇ ਠੀਕ ਵਿਚਕਾਰ ਚਾਰ ਚਿਨਾਰ ਦਾ ਛੋਟਾ ਜਿਹਾ ਟਾਪੂ ਆਪਣੀ ਸੁੰਦਰਤਾ ਦਾ ਪਰਿਚੇ ਦਿੰਦਾ ਨਜ਼ਰ ਆਉਂਦਾ ਹੈ ਜਿਸ ਵਿਚ ਖ਼ੂਬਸੂਰਤ ਬਾਗ਼ ਆਪਣੀ ਪ੍ਰਤਿਭਾ ਦਰਸਾਉਂਦਾ ਨਜ਼ਰ ਆਉਂਦਾ ਹੈ। ਚਾਰ ਚਿਨਾਰ ਨੂੰ ਵੇਖਣ ਲਈ ਕੇਵਲ ਸ਼ਿਕਾਰੇ ਉਪਰ ਹੀ ਜਾਇਆ ਜਾ ਸਕਦਾ ਹੈ। ਨਹਿਰੂ ਪਾਰਕ ਜਾਣ ਲਈ ਵੀ ਸ਼ਿਕਾਰੇ ਦੀ ਜ਼ਰੂਰਤ ਪੈਂਦੀ ਹੈ। ਲਾਲ ਚੌਂਕ ਤੋਂ ਇਹ ਝੀਲ ਲਗਭਗ ਢਾਈ ਕਿਲੋਮੀਟਰ ਦੂਰ ਪੈਂਦੀ ਹੈ ਅਤੇ ਡੱਲ ਗੇਟ ਤੋਂ ਸ਼ੁਰੂ ਹੁੰਦੀ ਹੈ।

ਹਾਊਸ ਬੋਟਸ ਤਾਂ ਇਸ ਝੀਲ ਦੀ ਸੁੰਦਰਤਾ ਨੂੰ ਜੰਨਤ ਦਾ ਦਰਜ਼ਾ ਦੇਣ ਦੀ ਗਵਾਹੀ ਭਰਦੇ ਹਨ। ਖ਼ੂਬਸੂਰਤ, ਸਾਜ ਸੱਜਾ ਲਾਲ ਸੰਵਰੇ, ਖ਼ੂਬਸੂਰਤ ਰੰਗ ਬਰੰਗੇ, ਦਿਲਕਸ਼ ਆਧੁਨਿਕ ਨਿਰਮਾਣ ਸ਼ੈਲੀ ਵਿਚ ਬਣੇ ਹਾਊਸ ਬੋਟਸ ਵਾਕਈ ਜੰਨਤ ਦਾ ਪਰਾਏਵਾਚੀ ਹਨ। ਇਹ ਖ਼ੂਬਸੂਰਤ ਹਾਊਸ ਬੋਟਸ ਝੀਲ ਦੇ ਕਿਨਾਰੇ ਕਿਨਾਰੇ ਇਕ ਲੰਬੀ ਲਾਈਨ ਵਿਚ ਖੜ੍ਹੇ ਯਾਤਰੀਆਂ ਦਾ ਸੈਲਾਨੀਆਂ ਦਾ ਖਾਮੋਸ਼ ਅਭਿਵਾਨ ਕਰਦੇ ਮਹਿਸੂਸ ਹੁੰਦੇ ਹਨ। ਕਮਰੇ ਅਤੇ ਸਹੂਲਤਾਂ ਹਾਊਸ ਬੋਟ ਦੇ ਆਕਾਰ ਤੇ ਬਣਾਵਟ ਉਪਰ ਨਿਰਭਰ ਕਰਦੇ ਹਨ। ਇਕ ਹਾਊਸ ਬੋਟ ਵਿਚ ਦਸ ਤੋਂ ਬਾਰਾਂ ਵਿਅਕਤੀ ਰਹਿ ਸਕਦੇ ਹਨ। ਹਾਊਸ ਬੋਟ ਤੱਕ ਜਾਣ ਲਈ ਮਾਲਿਕ ਸ਼ਿਕਾਰਾ ਭੇਜਦੇ ਹਨ ਜਿਸ ਦਾ ਕਿਰਾਇਆ ਹਾਊਸ ਬੋਟ ਵਿਚ ਸ਼ਾਮਿਲ ਹੁੰਦਾ ਹੈ। ਸ਼ਾਮ ਨੂੰ ਹਾਊਸ ਬੋਟ ਦੀ ਬਾਲਕਾਨੀ ਜਾਂ ਛੱਤ ਉਪਰ ਬੈਠ ਕੇ ਡੱਲ ਝੀਲ ਦਾ ਨਜ਼ਾਰਾ ਲਿਆ ਜਾ ਸਕਦਾ ਹੈ ਜੋ ਤੁਹਾਡੇ ਮਸਤਕ ਵਿਚ ਹਮੇਸ਼ਾ ਲਈ ਅੰਕਿਤ ਹੋ ਜਾਂਦਾ ਹੈ। ਇਥੋ ਫੋਟੋਗ੍ਰਾਫੀ ਦਾ ਆਪਣਾ ਹੀ ਮਜ਼ਾ ਲੁਤਫ਼ ਨਜ਼ਾਰਾ ਹੁੰਦਾ ਹੈ। ਰਾਤ ਦਾ ਨਜ਼ਾਰਾ ਤਾਂ ਕਮਾਲ ਦਾ ਹੁੰਦਾ ਹੈ। ਕਿਸੇ ਜੰਨਤ (ਦੇਵ ਲੋਕ) ਦਾ ਅਹਿਸਾਸ ਪ੍ਰਤੀਤ ਹੁੰਦਾ ਹੈ। ਕੁਝ ਘਰ ਵੀ ਹਾਊਸ ਬੋਟ ਵਿਚ ਲੋਕਾਂ ਨੇ ਬਣਾਏ ਹੋਏ ਹਨ ਜਿਨ੍ਹਾਂ ਦਾ ਸਾਰਾ ਜੀਵਨ ਇਨ੍ਹਾਂ ਵਿਚ ਹੀ ਨਿਕਲ ਜਾਂਦਾ ਹੈ।

ਝੀਲ ਵਿਚ ਬੋਟਨੁਮਾ ਦੁਕਾਨਾਂ ਤੋਂ ਹਰ ਚੀਜ਼ ਮਿਲ ਜਾਂਦੀ ਹੈ ਜਿਸ ਤਰ੍ਹਾਂ ਕਸ਼ਮੀਰ ਕਲਾ ਦੀਆਂ ਚੀਜ਼ਾਂ, ਕਸ਼ਮੀਰੀ ਸ਼ਾਲ, ਕਾਲੀਨ, ਕੇਸਰ ਅਤੇ ਪੇਪਰਕਾਸ਼ੀ ਦਾ ਸਾਮਾਨ ਦੁਕਾਨਦਾਰ ਸ਼ਿਕਾਰੇ ਵਿਚ ਭਰਕੇ ਤੁਹਾਡੇ ਹਾਊਸ ਬੋਟ ਵਿਚ ਹੀ ਆ ਜਾਂਦੇ ਹਨ। ਸ਼ਿਕਾਰਿਆ ਵਿਚ ਹੀ ਸਾਮਾਨ ਮਿਲਦਾ ਹੈ ਜੋ ਤੈਰਦੇ ਸ਼ਿਕਾਰਿਆਂ ਵਿਚ ਵੇਚਿਆ ਜਾਂਦਾ ਹੈ।

ਡੱਲ ਝੀਲ ਵਿਚ ਲਗਭਗ 300 ਕੁਦਰਤੀ ਝਰਨੇ ਫੁੱਟਦੇ ਹਨ ਜੋ ਆਪਣੇ ਆਪ ਜ਼ਮੀਨ ਵਿਚੋਂ ਫੁੱਟਦੇ ਹਨ। ਝੀਲ ਵਿਚ ਅਨੇਕਾਂ ਹੀ ਤਰਤੀਬਮਈ ਦਿਲਕਸ਼ ਫੁਆਰਿਆਂ ਦਾ ਨਜ਼ਾਰਾ ਵੀ ਵੇਖਣਯੋਗ ਹੁੰਦਾ ਹੈ ਜੋ ਡੱਲ ਝੀਲ ਦੇ ਆਸ ਪਾਸ ਅਤੇ ਇਸ ਅੰਦਰ ਸੁੰਦਰ ਦ੍ਰਿਸ਼ਵਾਲੀਆਂ ਦਾ ਅਦਭੁਤ ਨਜ਼ਾਰਾ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਜੰਨਤ ਦੇ ਮਾਲਿਕ ਨੇ ਕਿਸੇ ਹਰਕਾਰੇ ਦੇ ਹੱਥ ਜੰਨਤ ਕਸ਼ਮੀਰ ਵਿਖੇ ਭੇਜ ਦਿੱਤੀ ਜਾਵੇ।

ਕਸ਼ਮੀਰ (ਸ਼੍ਰੀਨਗਰ) ਵਿਖੇ ਅਨੇਕਾਂ ਸਥਾਨ ਵੇਖਣਯੋਗ ਹਨ ਖ਼ਾਸ ਕਰਕੇ, ਮੁਗਲ ਬਾਗ, ਚਸ਼ਮੇਸ਼ਾਹੀ ਬਾਗ, ਨਿਸ਼ਾਤ ਬਾਗ, ਸਾਲੀਮਾਰ ਬਾਗ ਅਤੇ 90 ਕਿਲੋਮੀਟਰ ਪਹਿਲਗਾਮ ਚੰਦਨਵਾੜੀ, ਗੁਲ ਮਰਗ, ਸੋਨ ਮਰਗ, ਅੱਲਾ ਪਤਰੀ ਬੇਤਾਬ ਵੈਲੀ ਪਹਾੜ, ਆੜ੍ਹ ਵੈਲੀ, ਟੂਲਿਪ ਬਾਗ ਅਤੇ ਕਈ ਵੈਲੀਆਂ ਵੇਖਣਯੋਗ ਹਨ।

ਇਸਦੇ ਆਸ ਪਾਸ ਦੇ ਕੁਝ ਦੂਰੀ ਉਪਰ ਵੇਖਣ ਵਾਲੇ ਅਨੇਕਾਂ ਹੀ ਸਥਾਨ ਹਨ : ਹਜ਼ਰਤ ਮਸਜਿਦ, ਸ਼ੰਕਰਚਾਰਿਆ ਮੰਦਿਰ, ਹਰੀ ਪਰਬਤ ਕਿਲਾ, ਹਾਰਵਨ ਬਾਗ, ਪਰੀ ਮਹਿਲ, ਜਾਮਾ ਮਸਜਿਦ, ਹਨੂੰਮਾਨ ਮੰਦਿਰ, ਪਾਮਪਰ (ਕੇਸਰ ਵਾਲੀ ਜ਼ਮੀਨ), ਮਟਨ, ਜੇਸ਼ਠ ਮਾਤਾ ਮੰਦਿਰ, ਖੀਰ ਭਵਦੀ ਮੰਦਿਰ, ਅੱਛਾਬਲ, ਯੁਸਮਰਗ, ਤੰਗ ਮਰਗ, ਅਵਾਂਤਪੁਰ, ਨੂਨ-ਕੂਨ, ਸੋਨਾ ਮਾਰਗ ਦੇ ਇਲਾਵਾ ਅਨੇਕਾਂ ਧਾਰਮਿਕ ਸਥਾਨ ਵੇਖਣਯੋਗ ਹਨ।

ਕਸ਼ਮੀਰ ਵਿਖੇ ਇਕ ਬਹੁਤ ਵੱਡਾ ਗੁਰਦੁਆਰਾ ਹੈ ਬਰਜਲਾ ਬਾਗਾ, ਸ਼ਹੀਦ ਬੂੰਗਾ ਗੁਰਦੁਆਰਾ (ਹੋਲੀ ਸਿਟੀ ਰਾਮ ਤੀਰਥ ਰੋਡ) ਵਿਖੇ। ਇਸ ਗੁਰਦੁਆਰੇ ਵਿਚ ਯਾਤਰੀ ਸੈਲਾਨੀ ਤਿੰਨ ਦਿਨਾਂ ਤੱਕ ਮੁਫ਼ਤ ਰਹਿ ਸਕਦੇ ਹਨ। ਇਥੇ ਰਹਿਣ ਲਈ ਕਮਰੇ ਹਨ। ਰਹਿਣ ਦਾ ਪੂਰਾ ਪ੍ਰਬੰਧ ਹੈ। ਲੰਗਰ ਦੀ ਵਿਵਸਥਾ ਵੀ ਹੈ।

ਕਸ਼ਮੀਰ (ਸ੍ਰੀਨਗਰ) ਵਿਖੇ ਅਨੇਕਾਂ ਹੀ 'ਨਾਗ' ਦੇ ਨਾਮ ਨਾਲ ਪ੍ਰਸਿੱਧ ਹਨ। ਜਿਸ ਤਰ੍ਹਾਂ ਵੈਰੀ ਨਾਗ, ਅਨੰਤ ਨਾਗ ਆਦਿ। ਇਤਿਹਾਸ ਵਿਚ ਨਾਗਵੰਸ਼ੀਆਂ ਬਾਰੇ ਲਿਖਿਆ ਗਿਆ ਹੈ ਕਿ ਟਾਂਕ ਕਸ਼ਤਰੀਏ ਨਾਗਵੰਸ਼ੀ ਰਾਜਾ ਤਕਸ਼ਕ ਦੀ ਕੁਲ ਵਿਚੋਂ ਸੀ। ਨਾਗਵੰਸ਼ੀ ਜਾਤੀ ਨੇ ਈਸਾ ਪੂਰਵ ਛੇਵੀਂ ਸਤਾਬਦੀ ਵਿਚ ਭਾਰਤ ਉਪਰ ਹਮਲਾ ਕਰਕੇ ਕਬਜ਼ਾ ਕਰ ਲਿਆ ਸੀ। ਇਸ ਕੁਲ ਦੇ ਰਾਜਾ ਤਕਸ਼ਕ ਕਰਕੇ ਟਾਂਕ ਰਾਜ ਕੁਲ ਪ੍ਰਸਿੱਧ ਹੋਈ ਜੋ ਰਾਜਸਥਾਨ ਦੇ 36 ਪ੍ਰਮਾਣਿਕ ਰਾਜ ਘਰਾਣਿਆਂ ਵਿਚੋਂ 23ਵੇਂ ਸਥਾਨ ਉਪਰ ਹੈ। ਸੂਰਜਵੰਸ਼ੀ ਰਾਜਾ ਰਾਮ ਚੰਦਰ ਨੇ ਪੰਜਵੀਂ ਜਗ੍ਹਾ ਤਕਸ਼ਕ ਨਾਮ ਦਾ ਰਾਜਾ ਹੋਇਆ ਹੈ ਜਿਸ ਦੇ ਵੰਸ਼ ਲੇ ਅਯੋਧਿਆ, ਸੌਰਾਸ਼ਟਰ ਅਤੇ ਮੇਵਾੜ ਉਪਰ ਰਾਜ ਕੀਤਾ। ਟਾਂਕ ਕਸ਼ਤਰੀਏ ਦੀ ਮੂਹੀ ਨਾਗਵੰਸ਼ ਹੈ ਜੋ ਕਸ਼ਯਪ ਰਿਸ਼ੀ ਦੇ ਪੁੱਤਰ ਸੂਰਜ ਤੋਂ ਸ਼ੁਰੂ ਹੋਇਆ। ਕਸ਼ਯਪ ਦੀਆਂ ਦੋ ਰਾਣੀਆਂ ਸਨ-ਕਦਰੂ ਅਤੇ ਵਿਨੀਤਾ। ਕਦਰੂ ਦੇ ਪੁੱਤਰ ਨੀਲ,


**(ਬਾਕੀ ਅਗਲੇ ਸਫੇ 'ਤੇ)**

# ਪੁਸਤਕ ਸਮੀਖਿਆ

## ਰੂਹਾਂ ਦੇ ਸੰਤਾਪ

**ਰੀਵਿਊਕਾਰ:ਬਲਜਿੰਦਰ ਮਾਨ 98150 18947**
**ਕਵੀ: ਮਾਸਟਰ ਕੁਲਵਿੰਦਰ ਸਿੰਘ ਜੰਡਾ**
**ਪ੍ਰਕਾਸ਼ਕ: ਟਾਈਮਸ ਪਬਲੀਕੇਸ਼ਨ, ਪੰਨੇ: 88,**
**ਮੁੱਲ: 250/-**

ਮਾਸਟਰ ਕੁਲਵਿੰਦਰ ਸਿੰਘ ਜੰਡਾ ਇੱਕ ਦਰਜਨ ਤੋਂ ਵੱਧ ਪੁਸਤਕਾਂ ਨਾਲ ਸਾਹਿਤ ਜਗਤ ਵਿੱਚ ਵਿਸ਼ੇਸ਼ ਮੁਕਾਮ ਹਾਸਲ ਕਰ ਚੁੱਕੇ ਹਨ। ਵਾਤਾਵਰਨ ਸਾਂਭ ਸੰਭਾਲ ਸੁਸਾਇਟੀ ਦੀ ਅਗਵਾਈ ਕਰਦੇ ਹੋਏ ਸਮਾਜ ਨੂੰ ਪ੍ਰੇਰਨਾਦਾਇਕ ਗਤੀਵਿਧੀਆਂ ਵੀ ਪ੍ਰਦਾਨ ਕਰ ਰਹੇ ਹਨ। ਉਹਨਾਂ ਦੁਆਰਾ ਰਚੀਆਂ ਬਹੁਤੀਆਂ ਪੁਸਤਕਾਂ ਗਮਾਂ ਦੀ ਪੀੜ ਹੀ ਹੰਢਾਉਂਦੀਆਂ ਹਨ। ਇਹਨਾਂ ਵਿੱਚ ਪਿਆਸਾ ਦਰਿਆ,ਪੀੜਾਂ ਦੀ ਬਰਸਾਤ, ਗਮ ਦੀ ਦੁਪਹਿਰ, ਬਿਰਹੋਂ ਦਾ ਝੱਖੜ, ਤਨਹਾਈ ਦਾ ਖੰਡਰ, ਅਣਖਿੜੇ ਫੁੱਲ, ਹਿਜ਼ਰ ਦੇ ਘੁੱਟ, ਪੀੜਾਂ ਦੇ ਫੁੱਲ, ਜ਼ਖਮੀ ਰੂਹਾਂ, ਹਸਰਤਾਂ ਦੇ ਅੰਗਾਰ, ਯਾਦਾਂ ਦੀ ਛੰਨ, ਬਿਰਹੋਂ ਦੇ ਡੰਗ ਪੁਸਤਕਾਂ ਜ਼ਿਕਰਯੋਗ ਹਨ। ਇਹਨਾਂ ਸਭ ਦਾ ਵਿਸ਼ਾ ਵਸਤੂ ਵਿਛੋੜਾ, ਪਿਆਰ, ਇਸ਼ਕ ਅਤੇ ਅਧੂਰੀਆਂ ਰੀਝਾਂ ਨੂੰ ਪ੍ਰਗਟ ਕਰਨਾ ਹੈ। ਹਥਲੀ ਪੁਸਤਕ 'ਰੂਹਾਂ ਦੇ ਸੰਤਾਪ' ਵੀ ਦਰਦ ਵਿਛੋੜੇ ਦੀਆਂ ਬਾਤਾਂ ਪਾਉਂਦੀ ਹੋਈ ਆਪਣੇ ਪ੍ਰੇਮੀ ਨੂੰ ਯਾਦ ਕਰਦੀ ਅਤੇ ਬਿਰਹੋਂ ਦੇ ਸੇਕ ਨਾਲ ਤਪਦੀ ਹੋਈ ਪ੍ਰਤੀਤ ਹੁੰਦੀ ਹੈ। ਪ੍ਰੇਮ ਮਨੁੱਖੀ ਜੀਵਨ ਦਾ ਸਭ ਤੋਂ ਮਹੱਤਵਪੂਰਨ ਅੰਗ ਹੈ ਕਿਉਂਕਿ ਸਭ ਤੋਂ ਪਹਿਲਾ ਪ੍ਰੇਮ ਸਾਡਾ ਮਾਤਾ ਨਾਲ ਫਿਰ ਭੈਣ ਨਾਲ ਫਿਰ ਪਤਨੀ ਨਾਲ ਤੇ ਬਾਅਦ ਵਿੱਚ ਪੂਰੇ ਸੰਸਾਰ ਨਾਲ ਹੋ ਜਾਂਦਾ ਹੈ। ਇਸ ਪ੍ਰੇਮ ਦੇ ਆਲਮ ਵਿੱਚੋਂ ਕਦੀ ਖੁਸ਼ੀਆਂ ਕਦੀ ਗਮੀਆਂ ਤੇ ਕਦੀ ਦਰਦ ਮਿਲਦੇ ਹਨ।




ਮਨੁੱਖ ਨੂੰ ਇੱਕ ਪ੍ਰੇਮ ਹੀ ਉੱਚੀਆਂ ਮਜ਼ਿਲਾਂ ਤੇ ਵੀ ਪਹੁੰਚਾ ਦਿੰਦਾ ਹੈ ਤੇ ਕਈਆਂ ਨੂੰ ਰਾਂਝਾ ਵੀ ਬਣਾ ਛੱਡਦਾ ਹੈ ਇਸੇ ਤਰ੍ਹਾਂ ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਇਸ ਵਿਸ਼ੇ ਨੂੰ ਆਪਣੀਆਂ ਇਹਨਾਂ ਕਵਿਤਾਵਾਂ ਵਿੱਚ ਨਿਖਾਰਿਆ ਤੇ ਵਿਚਾਰਿਆ ਹੈ। ਵਿਚਾਰ ਅਧੀਨ ਪੁਸਤਕ ਰੂਹਾਂ ਦੇ ਸੰਤਾਪ'; ਵਿੱਚ ਕਵੀ ਨੇ ਆਪਣੀਆਂ 77 ਵੰਨ- ਸੁਵੰਨੀਆਂ ਕਾਵਿ ਰਚਨਾਵਾਂ ਸ਼ਾਮਿਲ ਕੀਤੀਆਂ ਹਨ। ਮੁਹੱਬਤ ਦੀਆਂ ਬਾਤਾਂ ਪਾਉਂਦਾ ਉਹ ਆਪਣੀਆਂ ਰਚਨਾਵਾਂ ਵਿੱਚ ਪਿਆਰ ਨੂੰ ਸਿਖਰ ਤੇ ਲੈ ਜਾਂਦਾ ਹੋਇਆ ਇੰਝ ਆਖਦਾ ਹੈ:

ਮੁਹੱਬਤ ਦੇ ਸਮੁੰਦਰ ਦਾ ਕੋਈ ਕਿਨਾਰਾ ਨਹੀਂ ਹੁੰਦਾ,
ਇਸ਼ਕ ਦੇ ਮੰਜ਼ਰ ਦਾ ਕੋਈ ਨਿਪਟਾਰਾ ਨਹੀਂ ਹੁੰਦਾ।

ਆਪਣੇ ਇਸ਼ਕ ਵਿੱਚ ਅਸਫਲ ਹੋਣ ਦੇ ਗੁਨਾਹ ਨੂੰ ਕਬੂਲਦਾ ਹੋਇਆ ਕਵੀ ਲਿਖਦਾ ਹੈ:-

ਆਪਣੇ ਗੁਨਾਹ ਦਾ ਉਮਰ ਭਰ ਪਛਤਾਵਾ ਕਰਦਾ ਰਹਾਂਗਾ,
ਆਪਣੇ ਖਾਰੇ ਹੰਝੂਆਂ ਨਾਲ ਗਮ ਦਾ ਸਾਗਰ ਭਰਦਾ ਰਹਾਂਗਾ।

ਕਵੀ ਮੁਹੱਬਤਾਂ ਦੀ ਪੀਂਘ ਅਸਮਾਨੀ ਚੜ੍ਹਾਉਣੀ ਲੋਚਦਾ ਹੈ। ਪ੍ਰੰਤੂ ਜਮਾਨਾ ਕੁਝ ਹੋਰ ਸੋਚਦਾ ਹੈ।ਜਿਸ ਕਾਰਨ ਉਹ ਵਿਛੜੀ ਹੋਈ ਰੂਹ ਨੂੰ ਮਿਲਣ ਲਈ ਤੜਫਦਾ ਹੈ। ਵਿਛੋੜੇ ਦੇ ਦਰਦ ਵਿੱਚੋਂ ਉਪਜੀਆਂ ਇਹ ਕਵਿਤਾਵਾਂ ਸਮੁੱਚੇ ਸਮਾਜ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਕਵੀ ਨਿਜ ਤੋਂ ਸ਼ੁਰੂ ਹੁੰਦਾ ਹੋਇਆ ਸਭ ਦੀਵਾਨਿਆਂ ਦੀ ਬਾਤ ਪਾਉਂਦਾ ਹੈ।


ਰੂਹਾਂ ਦਾ ਸੰਤਾਪ ਜਰੇ ਕਿਸ ਤਰ੍ਹਾਂ
ਮੌਤ ਤੋਂ ਬਿਨਾਂ ਮਰੇ ਕਿਸ ਤਰ੍ਹਾਂ।

ਅਜਿਹੀਆਂ ਰਚਨਾਵਾਂ ਰਾਹੀਂ ਉਹ ਸਮਾਜ ਅੱਗੇ ਸਵਾਲ ਖੜਾ ਕਰਦਾ ਹੈ ਕਿ ਇੱਕ ਪ੍ਰੇਮੀ ਨਾ ਜੀਅ ਸਕਦਾ ਹੈ ਨਾ ਮਰ ਸਕਦਾ ਹੈ ਕਿਉਂਕਿ ਉਹ ਵਸਾਲ ਦੀਆਂ ਘੜੀਆਂ ਦੀ ਉਡੀਕ ਵਿੱਚ ਦਿਨ ਰਾਤ ਜਾਗਦਾ ਹੈ। ਯਾਦਾਂ ਦਾ ਸਤਾਇਆ ਕਵੀ ਜਿੰਦਗੀ ਦੇ ਜ਼ਹਿਰ ਨੂੰ ਘੁੱਟਾਂ ਵੱਟੀ ਪੀਂਦਾ ਹੈ। ਫਿਰ ਵੀ ਉਹ ਮੁਹੱਬਤ ਨੂੰ ਜਿਉਣ ਦਾ ਬਹਾਨਾ ਸਮਝਦਾ ਹੈ। ਵਿਛੋੜੇ ਦੇ ਦਿੱਤੇ ਰੋਗ ਨੂੰ ਉਹ ਕੁਦਰਤ ਵੱਲੋਂ ਦਿੱਤੀ ਹੋਈ ਸਜ਼ਾ ਮੰਨਦਾ ਹੈ। ਇਸ ਤਰ੍ਹਾਂ ਇਹ ਕਾਵਿ ਸੰਗ੍ਰਹਿ ਇਸ਼ਕ, ਪਾਕ ਮੁਹੱਬਤ ਦੀ ਚਰਚਾ ਕਰਦਾ ਹੋਇਆ ਸਾਨੂੰ ਸੱਚੇ ਸੁੱਚੇ ਪ੍ਰੇਮੀ ਬਣਨ ਦੀ ਨਸੀਹਤ ਕਰਦਾ ਹੈ। ਇਹ ਕਵਿਤਾਵਾਂ ਰਵਾਨਗੀ ਭਰਪੂਰ ਹੋਣ ਕਰਕੇ ਗਾਈਆਂ ਜਾ ਸਕਦੀਆਂ ਹਨ। ਕਾਵਿ ਜੁਗਤਾਂ ਨਾਲ ਸ਼ਿੰਗਾਰੀ ਇਹ ਪੁਸਤਕ ਪੜ੍ਹਨਯੋਗ ਅਤੇ ਮਾਣਨਯੋਗ ਹੈ।

## ਕਾਸ਼ ! ਮਿਲ ਹੀ ਜਾਈਏ

**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਕਵੀ: ਅਲਫ਼ਾਜ਼ ਪਾਗਲ ਸ਼ਾਇਰ**
**ਪ੍ਰਕਾਸ਼ਕ: ਜੇ ਪੀ ਪਬਲੀਕਸ਼ਨ ਪਟਿਆਲਾ,**
**ਪੰਨੇ: 92, ਮੁੱਲ: 200 /-**

ਜੀਵਨ ਦੀਆਂ ਕੁਝ ਘਟਨਾਵਾਂ ਮਨੁੱਖ ਨੂੰ ਕਵੀ ਬਣਾ ਦਿੰਦੀਆਂ ਹਨ। ਜਦੋਂ ਜੀਵਨ ਪਲਟਾ ਮਾਰਦਾ ਹੈ ਤਾਂ ਮਨੁੱਖੀ ਵੇਦਨਾ ਕੁਰਲਾ ਉੱਠਦੀ ਹੈ ਤੇ ਇਹਨਾਂ ਵੇਦਨਾਵਾਂ ਨੂੰ ਸ਼ਬਦੀ ਰੂਪ ਦੇ ਕੇ ਕਦੀ ਕਵਿਤਾ ਤੇ ਕਦੀ ਕਹਾਣੀ ਲਿਖਣ ਬੈਠ ਜਾਂਦਾ ਹੈ।ਅਜਿਹਾ ਕੁਝ ਹੀ ਵਾਪਰਿਆ ਹੈ ਅਲਫ਼ਾਜ਼ ਪਾਗਲ ਸ਼ਾਇਰ ਨਾਲ ਜਿਸ ਨੂੰ ਘਟਨਾਵਾਂ ਨੇ ਸ਼ਾਇਰ ਬਣਾ ਦਿੱਤਾ।ਵਿਛੋੜੇ ਦੇ ਦਰਦ ਨੂੰ ਸ਼ਬਦਾਂ ਰਾਹੀਂ ਬਿਆਨਣ ਵਾਲਾ ਸ਼ਾਇਰ ਬਣ ਗਿਆ।ਪਰ ਅਜੇ ਸ਼ਾਇਰੀ ਦੂਰ ਦੀ ਬਾਤ ਹੈ।ਫਿਰ ਵੀ ਉਸ ਨੇ ਆਪਣੇ ਦਰਦ ਨੂੰ ਬਿਆਨਣ ਲਈ ਸ਼ਬਦਾਂ ਦਾ ਸਹਾਰਾ ਲਿਆ ਤੇ ਉਹਨਾਂ ਨੂੰ ਕਾਵਿ ਰੂਪ ਵਿੱਚ ਸਾਡੇ ਸਨਮੁਖ ਕੀਤਾ ਹੈ। ਪੁਸਤਕ ਕਾਸ਼! ਮਿਲ ਹੀ ਜਾਈਏ ਵਿੱਚ ਉਸਨੇ ਆਪਣੀਆਂ 68 ਕਵਿਤਾਵਾਂ ਦਰਜ ਕੀਤੀਆਂ ਹਨ। ਇਹਨਾਂ ਕਵਿਤਾਵਾਂ ਵਿੱਚ ਕਿਤੇ ਮਿਲਾਪ ਤੇ ਕਿਤੇ ਵਿਛੋੜਾ ਹੈ ਤੇ ਬਹੁਤੀਆਂ ਕਵਿਤਾਵਾਂ ਵਿਛੜੀ ਹੋਈ ਰੂਹ ਦੇ ਸੰਤਾਪ ਨੂੰ ਹੰਡਾਉਂਦੀਆਂ ਹੋਈਆਂ ਅੱਗੇ ਤੋਂ ਅੱਗੇਰੇ ਤੁਰਦੀਆਂ ਹਨ।ਉਸਦੇ ਜੀਵਨ ਵਿੱਚੋਂ ਖੁਸ਼ੀਆਂ ਉਸ ਵੇਲੇ ਉਡਾਰੀ ਮਾਰ ਜਾਂਦੀਆਂ ਹਨ ਜਦੋਂ ਉਸਦੀ ਸਾਥਣ ਉਸ ਨੂੰ ਛੱਡ ਪ੍ਰਦੇਸ ਜਾ ਵਸਦੀ ਹੈ। ਕਵੀ ਉਸ ਨਾਲ ਬਿਤਾਏ ਪਲਾਂ ਨੂੰ ਯਾਦ ਕਰਕੇ ਝੂਰਦਾ ਅਤੇ ਪਛਤਾਉਂਦਾ ਹੈ।




ਦੁੱਖਾਂ ਨਾਲ ਭਰਪੂਰ ਜੀਵਨ ਦੇ ਹਰ ਛਿਣ ਨੂੰ ਕਵੀ ਨੇ ਕਵਿਤਾ ਰਾਹੀਂ ਬਿਆਨਣ ਦੀ ਕੋਸ਼ਿਸ਼ ਕੀਤੀ ਹੈ ਕਵੀ ਦੀਆਂ ਕਵਿਤਾਵਾਂ ਯਾਦਾਂ ਤੇਰੇ ਸ਼ਹਿਰ ਦੀਆਂ, ਹਾਂ ਮੈਂ ਝੂਠਾ ਹਾਂ, ਪਿੰਡ ਤੇਰੇ ਦੇ ਰਾਹ, ਤੇਰਾ ਕੋਈ ਦੋਸ਼ ਨਹੀਂ, 25 ਦਿਨਾਂ ਦਾ ਪਿਆਰ, ਮਜਬੂਰੀ, ਅਕਲ, ਕਾਸ਼!ਮਿਲ ਹੀ ਜਾਈਏ, ਫਸਲ ਪਿਆਰ ਦੀ, ਸੱਜਣਾ ਦੇ ਨਾਂ, ਖੂਬਸੂਰਤ ਪੰਨਾ, ਇੱਕ ਦਿਨ ਇੱਕੋ ਟਾਈਮ,ਯਾਦਾਂ 'ਚ ਮਿਟ ਰਿਹਾ ਕਿਤਾਬਾਂ ਚ ਨਹੀਂ, ਅਤੇ ਪਿੰਡ ਤੇਰੇ ਦੇ ਰਾਹ ਆਦਿ ਕਵਿਤਾਵਾਂ ਵਿਚਾਰਨ ਵਾਲੀਆਂ ਹਨ।

ਮੇਰਾ ਪਿਆਰ ਮੇਰੇ ਤੋਂ ਦੂਰ ਹੋਇਆ,
ਦਿਲ ਅੰਦਰੋਂ ਅੰਦਰੀ ਚੂਰ ਹੋਇਆ।

ਉਹ ਪੁਰਾਣੇ ਜ਼ਮਾਨੇ ਵਿਚ ਪਰਿਵਾਰ ਦੇ ਆਪਸੀ ਏਕੇ ਦੀ ਸਿਫਤ ਕਰਦਾ ਲਿਖਦਾ ਹੈ :-

ਪੰਜ ਜੀਅ ਤੇ ਇੱਕ ਸੀ ਥਾਲੀ,
ਫਿਰ ਵੀ ਖਾਣ ਦੀ ਨਾ ਸੀ ਕਾਹਲੀ।

ਉਹ ਆਪਣੀ ਇਸ ਕਵਿਤਾ ਵਿੱਚ ਪਰਿਵਾਰਕ ਸੰਘਰਸ਼ ਨੂੰ ਵੀ ਪੇਸ਼ ਕਰਦਾ ਹੈ। ਗਰੀਬੀ 'ਚੋਂ ਉਠਿਆ ਸ਼ਾਇਰ ਪ੍ਰੇਮ ਵਿੱਚ ਸਫ਼ਲ ਨਾ ਹੋਣ ਕਰਕੇ ਦੁਸ਼ਵਾਰੀਆਂ ਝੱਲਦਾ ਹੈ। ਉਹ ਇਸ ਸਭ ਵਰਤਾਰੇ ਨੂੰ ਆਪਣੀਆਂ ਗਲਤੀਆਂ ਮੰਨਦਾ ਹੋਇਆ ਖਿਮਾ ਯਾਚਨਾ ਵੀ ਕਰਦਾ ਹੈ। ਅਖੀਰ ਉਹ ਕੁਦਰਤ ਵੱਲੋਂ ਦਿੱਤੀ ਹੋਈ ਇਸ ਨੂੰ ਸਜ਼ਾ ਨੂੰ ਸਵੀਕਾਰ ਕਰਦਾ ਹੈ। ਇਸ ਸਭ ਕਾਸੇ ਦੇ ਬਾਵਜੂਦ ਉਹ ਆਸ ਦਾ ਪੱਲਾ ਨਹੀਂ ਛੱਡਦਾ ਉਹ ਇਹ ਉਮੀਦ ਰੱਖਦਾ ਹੈ ਕਿ ਕਾਸ਼! ਮਿਲ ਹੀ ਜਾਏਗੀ ਇੱਕ ਨਾ ਇੱਕ ਦਿਨ। ਮਿਲਾਪ ਦੀ ਉਡੀਕ ਵਿੱਚ ਉਹ ਆਪਣੇ ਜੀਵਨ ਨੂੰ ਦੁੱਖਾਂ-ਦਰਦਾਂ ਦੀ ਭੱਠੀ ਵਿੱਚ ਝੋਕਦਾ ਹੈ। ਪਿਆਰ ਵਿੱਚ ਪਾਗਲ ਹੋਇਆ ਜੋ ਮਨ ਵਿੱਚ ਆਉਂਦਾ ਹੈ ,ਜੋ ਦਰਦ ਉੱਠਦਾ ਹੈ ਉਸ ਨੂੰ ਕਵਿਤਾ ਰਾਹੀਂ ਬਿਆਨਣ ਦਾ ਯਤਨ ਕਰਦਾ ਹੈ। ਉਹ ਰੂਹਾਨੀ ਮਿਲਾਪ ਦੀ ਆਸ ਰੱਖਦਾ ਹੋਇਆ ਲਿਖਦਾ ਹੈ:-

ਭਾਵੇਂ ਦੂਰ ਖੜੇ ਖਲੋਤੇ ਹੋਈਏ
ਪਰ ਰੂਹਾਂ ਨੂੰ ਘੁੱਟ ਸੀਨੇ ਲਾਈਏ।
ਇਕ ਨਾ ਇਕ ਦਿਨ....
ਕਾਸ਼! ਆਪਾਂ ਮਿਲ ਹੀ ਜਾਈਏ।

ਇਹਨਾਂ ਕਵਿਤਾਵਾਂ ਨੂੰ ਕਾਵਿ ਕਲਾ ਨਾਲ ਹੋਰ ਸ਼ਿੰਗਾਰਿਆ ਤੇ ਨਿਖਾਰਿਆ ਜਾ ਸਕਦਾ ਹੈ। ਕਵੀ ਦਾ ਪਹਿਲਾ ਯਤਨ ਹੋਣ ਕਰਕੇ ਖਾਮੀਆਂ ਨੂੰ ਨਜ਼ਰ ਅੰਦਾਜ਼ ਕਰ ਦੇਣਾ ਬਣਦਾ ਹੈ।ਆਪਣੇ ਦਰਦਾਂ ਨੂੰ ਸ਼ਬਦਾਂ ਰਾਹੀਂ ਬਿਆਨਣ ਨਾਲ ਉਹ ਹੌਲਾ ਫੁੱਲ ਹੋ ਕੇ ਆਪਣੇ ਜੀਵਨ ਸੰਗਰਾਮ ਵਿੱਚ ਅੱਗੇ ਵਧਣ ਦਾ ਯਤਨ ਕਰ ਰਿਹਾ ਹੈ। ਉਸਦੇ ਮਿੱਤਰ ਉਂਕਾਰ ਸਿੰਘ ਤੇਜੇ ਵੱਲੋਂ ਦਿੱਤੀ ਪ੍ਰੇਰਨਾ ਉਸ ਨੂੰ ਜੀਵਨ ਲੀਹ ਦਿਖਾ ਰਹੀ ਹੈ। ਪਿਆਰ ਵਿੱਚ ਅਸਫਲ ਰਹੇ ਨੌਜਵਾਨ ਤਬਕੇ ਨੂੰ ਇਹ ਪੁਸਤਕ ਸਕੂਨ ਪ੍ਰਦਾਨ ਕਰਨ ਦੀ ਸਮਰੱਥਾ ਰੱਖਦੀ ਹੈ। ਮੈਨੂੰ ਉਮੀਦ ਹੈ ਕਿ ਸ਼ਾਇਰ ਪਾਗਲ ਭਵਿੱਖ ਵਿੱਚ ਕਾਵਿ ਜੁਗਤਾਂ ਸਿੱਖ ਕੇ ਹੋਰ ਵੀ ਸ਼ਾਨਦਾਰ ਰਚਨਾਵਾਂ ਰਚੇਗਾ।

## ਘੁੱਗ ਵੱਸਦਾ ਪੰਜਾਬ

ਚੁੰਮ ਚੁੰਮ ਮਿੱਟੀ ਮੱਥੇ ਲਾਵਾਂ
ਕਣ ਕਣ ਨੂੰ ਇਹਦੇ ਸੀਸ ਝੁਕਾਵਾਂ
ਪਾਕ ਮੁਕੱਦਸ ਧਰਤੀ ਤੇ ਆਏ ਗੁਰੂ ਪੈਗੰਬਰ ਪੀਰ
ਘੁੱਗ ਵੱਸਦੇ ਪੰਜਾਬ ਮੇਰੇ ਦੀ ਨੈਣਾਂ ਵਿੱਚ ਤਸਵੀਰ

ਗੁਰੂਘਰਾਂ ਤੋਂ ਸ਼ਾਮ ਸਵੇਰੇ ਸੁਣਦੀ ਏ ਗੁਰਬਾਣੀ
ਖੂਹਾਂ ਦੇ ਸੀ ਸੱਚਮੁੱਚ ਲੱਗਦੇ ਸ਼ਰਬਤ ਵਰਗੇ ਪਾਣੀ
ਕੱਚੇ ਕੋਠਿਆਂ ਵਿੱਚ ਸੀ ਰਹਿੰਦੇ ਦਿਲਾਂ ਦੇ ਬੜੇ ਅਮੀਰ
ਘੁੱਗ ਵੱਸਦੇ ਪੰਜਾਬ ਮੇਰੇ ਦੀ .....

ਚਾਰ ਚੁਫ਼ੇਰਾ ਹਰਿਆ ਭਰਿਆ ਪੰਛੀ ਨੱਚਦੇ ਗਾਉਂਦੇ
ਡੰਗ ਦੀ ਡੰਗ ਓਹ ਖਾਕੇ ਰੱਬਦਾ ਲੱਖ ਸੀ ਸ਼ੁਕਰ ਮਨਾਉਂਦੇ
ਜ਼ਿੰਦਗੀ ਜਿਉਣ ਦੀ ਉਹਨਾਂ ਦੀ ਹੈ ਵੱਖ ਜੱਗ ਤੋਂ ਤਦਬੀਰ
ਘੁੱਗ ਵੱਸਦੇ ਪੰਜਾਬ ਮੇਰੇ ਦੀ .....

ਪਿੱਪਲੀਂ ਪੀਘਾਂ ਪਾਉਣ ਲਈ ਕੁੜੀਆਂ ਚਿੜੀਆਂ ਮੇਲਾ ਲਾਇਆ
ਚਰਖ਼ਾ ਕੱਤਣ ਦੇ ਲਈ ਹੇਠ ਬਰੋਟੇ ਪੀਹੜਾ ਡਾਹਿਆ
ਰੂਪ ਚੌਦਵੀਂ ਦੇ ਚੰਨ ਵਰਗੇ ਕੀ ਸਿਆਲਾਂ ਦੀ ਹੀਰ
ਘੁੱਗ ਵੱਸਦੇ ਪੰਜਾਬ ਮੇਰੇ ਦੀ .....

'ਚੁੰਬਰਾ' ਲੱਗਦੇ ਮੇਲਿਆਂ ਦੇ ਵਿੱਚ ਵਿਰਸਾ ਦੇ ਚਮਕਾਰੇ
ਕੋਕਿਆਂ ਜੜੀਆਂ ਡਾਂਗਾਂ ਤੇ ਕਿਤੇ ਕੋਕਿਆਂ ਦੇ ਲਿਸ਼ਕਾਰੇ
ਸਿਰ ਸਜੀਆਂ ਦਸਤਾਰਾਂ ਸੋਹਣੀਆਂ ਲਸ਼ ਲਸ਼ ਕਰਨ ਸਰੀਰ
ਘੁੱਗ ਵੱਸਦੇ ਪੰਜਾਬ ਮੇਰੇ ਦੀ, ਵਸੇ ਨੈਣੀਂ ਤਸਵੀਰ ।



**ਪੇਸ਼ਕਸ਼- ਕੁਲਦੀਪ ਚੁੰਬਰ ਕਨੇਡਾ**
**604-902-3237**

## ਤ੍ਰਾਸਦੀ

ਜਿਹੜੀਆਂ ਰੱਬ ਤੋਂ ਮੰਗੀਆਂ ਸੀ ਫਰਿਆਦਾਂ ਕਰਕੇ।
ਮਾਪੇ ਰੁਲਦੇ ਓਹਨਾ ਹੀ ਔਲਾਦਾਂ ਕਰਕੇ।

ਕਿਸੇ ਤਾਂ ਸਬਕ ਪੜ੍ਹਾਇਆ ਹੈ ਖ਼ੁਦਗਰਜ਼ੀ ਦਾ,
ਚੇਲੇ ਸ਼ਾਤਿਰ ਹੋ ਗਏ ਨੇ ਉਸਤਾਦਾਂ ਕਰਕੇ।

ਰੁੱਖੀ ਸੁੱਖੀ ਖਾ ਕੇ ਮਿੱਠਾ ਬੋਲਦੇ ਸੀ,
ਕੌੜਾ ਬੋਲਣ ਲੱਗੇ ਅਸੀਂ ਸੁਆਦਾਂ ਕਰਕੇ।

ਸ਼ੌਂਕ ਉੱਡਣ ਦਾ ਹੋਵੇ ਧਰਤ ਨੀ ਭੁੱਲੀਦੀ,
ਮਹਿਲ ਉਚੇਰੇ ਉਸਰਦੇ ਬੁਨਿਆਦਾ ਕਰਕੇ।

ਫੈਕਟਰੀਆਂ ਦਾ ਧੂੰਆਂ ਸਾਹਵਾਂ ਵਿੱਚ ਰਲਿਆ,
ਮੌਤ ਖਰੀਦੀ ਨਵੀਆਂ ਨਿੱਤ ਈਜਾਦਾਂ ਕਰਕੇ।

ਮਾੜਾ ਚੰਗਾ ਵਕਤ ਗੁਜ਼ਰ ਹੀ ਜਾਂਦਾ ਹੈ,
ਬੰਦਾ ਔਖਾ ਰਹਿੰਦਾ ਹੈ ਬੱਸ ਯਾਦਾਂ ਕਰਕੇ।



**ਹੀਰਾ ਸਿੰਘ 'ਰਤਨ'**
**91-98720-28846**

# ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ : ਕਸ਼ਮੀਰ (ਸ਼੍ਰੀਨਗਰ)

**(ਸਫਾ 22 ਦੀ ਬਾਕੀ)**

ਪਦਮ ਅਤੇ ਸਾਂਖ ਸਨ। ਵਿਨੀਤਾ ਦੇ ਪੁੱਤਰ ਸੂਰਜ, ਧਰਮ ਰਾਜ, ਗਰੁੜ ਅਤੇ ਪੁੱਤਰੀ ਯਮੁਨਾ ਸੀ । ਕਸ਼ਯਪ ਦੇ ਬਾਅਦ ਸੂਰਜ ਗੱਦੀ ਉਪਰ ਬੈਠਾ । ਇਸਦੇ ਭਰਾ ਆਪਣੇ ਸੌਤੇਲੇ ਭਰਾਵਾਂ- ਨੀਲ, ਪਦਮ ਅਤੇ ਸਾਂਖ ਨੂੰ ਕਰੋਧੀ ਸੁਭਾਅ ਹੋਣ ਦੇ ਕਾਰਣ ਨਾਗ ਕਹਿਕੇ ਬੁਲਾਵਣ ਲੱਗੇ ਅਤੇ ਇਸਨੂੰ ਸਤੀ ਸਰਸ (ਕਸ਼ਮੀਰ) ਦਾ ਇਲਾਕਾ ਦੇ ਕੇ ਅਲੱਗ ਕਰ ਦਿੱਤਾ । ਅੱਜ ਵੀ ਕਸ਼ਮੀਰ ਦੇ ਚਸ਼ਮਿਆਂ ਦਾ ਨਾਮ ਇਨ੍ਹਾਂ ਦੇ ਨਾਂ ਉਪਰ ਪ੍ਰਸਿੱਧ ਹਨ ਜਿਸ ਤਰ੍ਹਾਂ ਵੈਲੀ ਨਾਗ, ਅਨੰਤ ਨਾਗ ਆਦਿ।

ਭਾਰਤ ਦਾ ਤਾਜ ਕਿਹਾ ਜਾਣ ਵਾਲਾ ਕਸ਼ਮੀਰ ਰਾਜ ਆਪਣੇ ਗੋਰਵਪੂਰਨ ਇਤਿਹਾਸ ਅਤੇ ਕੁਦਰਤੀ ਖੂਬਸੂਰਤੀ ਨਾਲ ਖੈਰ ਖਵਾਹੀ ਦਿੰਦਾ ਹੋਇਆ ਵਿਸ਼ਵ ਭਰ ਵਿਚ ਸੈਲਾਨੀਆਂ ਦਾ ਪਸੰਦੀਦਾ ਗੁਲਫ਼ਾਮ ਸਥਾਨ ਹੈ। ਈਸਾ ਪੂਰਵ ਤੀਜੀ ਸ਼ਤਾਬਦੀ ਵਿਚ ਸਮਰਾਟ ਅਸ਼ੋਕ ਨੇ ਕਸ਼ਮੀਰ ਵਿਚ ਬੁੱਧ ਧਰਮ ਦਾ ਪ੍ਰਚਾਰ ਕੀਤਾ । ਬਾਅਦ ਵਿਚ ਮਹਾਰਾਜਾ ਕਨਿਸ਼ਕ ਨੇ ਇਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ। ਤੇਰਵੀਂ ਸ਼ਤਾਬਦੀ ਵਿਚ ਕਸ਼ਮੀਰ ਉਤੋਂ 'ਹੂਣੋਂ ਦਾ ਅਧਿਕਾਰ ਰਿਹਾ । ਕਸ਼ਮੀਰ ਦੇ ਹਿੰਦੂ ਰਾਜਿਆਂ ਵਿਚ ਲਲਿਤਾ ਦਿਤਯ ਸਭ ਤੋਂ ਪ੍ਰਸਿੱਧ ਰਾਜਾ ਹੋਇਆ। ਇੱਥੇ ਇਸਲਾਮ ਦਾ ਆਗਮਨ 13ਵੀਂ ਅਤੇ 14ਵੀਂ ਸਦੀ ਵਿਚ ਹੋਇਆ ਅਤੇ 63 ਸਾਲਾਂ ਤੱਕ ਇਸ ਰਾਜ ਉਤੇ ਪਠਾਨਾਂ ਦਾ ਸ਼ਾਸ਼ਨ ਰਿਹਾ।

ਬਾਅਦ ਵਿਚ ਡੋਗਰਾ ਸ਼ਾਸਕ ਰਾਜਾ ਮਾਲਦੇਵ ਨੇ ਕਈ ਇਲਾਕੇ ਜਿੱਤ ਕੇ ਆਪਣੇ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ। ਇਸਦੇ ਬਾਅਦ ਪੰਜਾਬ ਦੇ ਸ਼ਾਸਕ ਰਾਜਾ ਰਣਜੀਤ ਸਿੰਘ ਨੇ ਇਸਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਦੇ ਬਾਅਦ ਮਹਾਰਾਜਾ ਹਰੀ ਸਿੰਘ ਨੇ 26 ਅਕਤੂਬਰ 1947 ਦੀ ਭਾਰਤੀ ਸੰਘ ਦੇ ਇਕ ਸਮੂਹ ਉਪਰ ਦਸਤਖਤ ਕੀਤੇ।

ਜੰਮੂ ਕਸ਼ਮੀਰ ਰਾਜ ਦੀ ਲਗਭਗ 80 ਪ੍ਰਤੀਸ਼ਤ ਜਨਸੰਖਿਆ ਖੇਤੀਬਾੜੀ/ਬਾਗਬਾਨੀ (ਕਾਸ਼ਤਕਾਰੀ) ਉਪਰ ਨਿਰਭਰ ਹੈ। ਇਥੇ ਬੋਲੀ ਜਾਣ ਵਾਲੀ ਪ੍ਰਮੁੱਖ ਭਾਸ਼ਾ ਉਰਦੂ ਹੈ ਅਤੇ ਕਸ਼ਮੀਰੀ, ਡੋਗਰੀ, ਹਿੰਦੀ, ਪੰਜਾਬੀ, ਲੱਦਾਖੀ ਆਦਿ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

ਲਗਭਗ 101387 ਵਰਗ ਕਿਲੋਮੀਟਰ ਖੇਤਰਫ਼ਲ ਵਿਚ ਫੈਲਿਆ ਇਹ ਰਾਜ ਸੈਲਾਨੀਆਂ ਦੀ ਦ੍ਰਿਸ਼ਟੀ ਵਿਚ ਬੇਹੱਦ ਮਹੱਤਵਪੂਰ, ਅਦਭੁਤ ਸਥਾਨ ਹੈ। ਇੱਥੇ ਮੁਗਲ ਬਾਦਸ਼ਾਹਾਂ ਦੁਆਰਾ ਨਿਰਮਿਤ ਬਾਗ਼ ਬਗੀਚੇ ਆਪਣੀ ਅਦਭੁਤ ਅਤਿ ਸੁੰਦਰਤਾ ਲਈ ਵਿਸ਼ਵ ਪ੍ਰਸਿੱਧ ਹਨ। ਇਸ ਕਰਕੇ ਲੱਦਾਖ ਸਥਿੱ ਬੁੱਧ ਮੰਦਿਰ ਅਤੇ ਮਠ ਸਥਾਪਤ ਕਲਾ ਦੀ ਮਨੋਰਮ ਵੈਕੁੰਠ ਭਰੀ ਮਿਸਾਲ ਹੈ। ਕੁਦਰਤੀ ਖੂਬਸੂਰਤੀ ਨਾਲ ਮਾਲਾ ਮਾਲ ਇਥੋਂ ਦੀਆਂ ਮਨੋਹਰ ਵਾਦੀਆਂ ਨੂੰ ਵੇਖਕੇ ਮੁਗਲ ਬਾਦਸ਼ਾਹ ਜਹਾਂਗੀਰ ਨੇ ਇਸੇ ਧਰਤੀ ਉਪਰ ਸਵਰਗ ਨਾਮ ਦਿੱਤਾ ਹੈ। ਦੁਧੀਆ ਦ੍ਰਿਸ਼ਾਵਲੀਆਂ, ਅਦਭੁਤ ਮਨਮੋਹਣੀਆਂ ਵਾਦੀਆਂ ਵਿਚ ਆ ਕੇ ਕਿਸੇ ਦਾ ਵੀ ਮਨ ਤਨ ਭਾਵਵਿਭੋਰ ਹੋਏ ਬਿਨਾਂ ਨਹੀਂ ਰਹਿੰਦਾ।

ਬਰਫ਼ ਨਾਲ ਲੱਥ ਪੱਥ ਪਹਾੜੀਆਂ, ਝਰਨੇ, ਹਰੇ ਭਰੇ ਬਾਗ਼, ਚਮਕਦੀਆਂ ਝੀਲਾਂ, ਚਿਨਾਰ ਦੇ ਰੁੱਖ ਅਤੇ ਅਨੇਕਾਂ ਪ੍ਰਕਾਰ ਦੇ ਫ਼ਲ, ਫੁੱਲ, ਚਾਰ ਸੋ ਸਾਲ ਪੁਰਾਣੇ ਰੁੱਖ, ਨਾਗਿਨ ਝੀਲ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ।

ਸੂਫੀ ਸੰਤਾਂ ਦੀਆਂ ਅਨੇਕਾਂ ਪਵਿੱਤਰ ਦਰਗਾਹਾਂ, ਜੈਣ ਓਲਦੀਨ ਸ਼ਾਹ ਜੈਰਤ (ਰਿਸ਼ੀ ਸੀ), ਮਹਿਜੂਰ ਦਾ ਕਬਰਿਸਤਾਨ, ਜਾਮੀਆ ਮਸਜਿਦ, ਹਜਰਤ ਬਲ, ਹਿੰਦੂਆਂ ਤੇ ਸਿੱਖਾਂ ਦੇ ਤੀਰਥ ਸਥਾਨ ਆਦਿ ਇਸ ਧਰਤੀ ਨੂੰ ਪਵਿੱਤਰਤਾ ਦਿੰਦੇ ਹੋਏ ਅਸ਼ੀਰਵਾਦ ਦੇ ਰਹੇ ਹਨ। ਸ਼੍ਰੀਨਗਰ ਸ਼ਹਿਰ ਜਿਹਲਮ ਨਦੀ ਦੇ ਦੋਵਾਂ ਕਿਨਾਰਿਆਂ ਉਪਰ ਵਸਿਆ ਹੋਇਆ ਹੈ।

ਕਸ਼ਮੀਰ (ਸ਼੍ਰੀਨਗਰ) ਨੂੰ ਵਿਸ਼ੇਸ ਤੌਰ 'ਤੇ ਫਲ ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਇਸ ਧਰਤੀ ਉਪਰ ਕੁਦਰਤ ਦੀ ਏਨੀ ਬਖਸ਼ਿਸ ਹੈ ਕਿ ਅਨੇਕਾਂ ਬਾਗ ਇਸ ਧਰਤੀ ਦੇ ਹਿੱਸੇ ਆਏ ਹਨ। ਖ਼ਾਸ ਕਰਕੇ ਸੇਬਾਂ ਦੇ ਕਈ ਕਈ ਮੀਲ ਲੰਬੇ ਬਾਗ਼ ਵਿਸ਼ੇਸ ਤੌਰ 'ਤੇ ਕਈ ਲੰਬੀ ਐਪਲ ਵੈਲੀ (ਸੇਬ ਵੈਲੀ) ਕਸਬਾ ਕਲਿਆਣ ਵਿਖੇ ਹੈ ਜਿਥੇ ਸਾਰੀ ਧਰਤੀ ਬਾਗ਼ਾਂ ਨੇ ਜੰਨਤ ਬਣਾ ਰੱਖੀ ਹੈ। ਹੋਰ ਅਖਰੋਟ ਦੇ ਵੱਡੇ ਰੁੱਖ ਬਾਗ਼। ਹਰ ਤਰ੍ਹਾਂ ਦਾ ਫ਼ਰੂਟ ਹੁੰਦਾ ਹੈ।

ਖਾਸ ਕਰਕੇ ਪਾਮ ਕਸਬੇ ਵਿਖੇ ਕੇਸਰ ਦੀ ਖੇਤੀ ਹੁੰਦੀ ਹੈ। ਦੁਨੀਆਂ ਵਿਚ ਇਸ ਸਥਾਨ ਦੀ ਮਹੱਤਤਾ ਹੈ। ਇਸ ਕੇਸਰ ਦੇਸ਼-ਵਿਦੇਸ਼ ਤੱਕ ਜਾਂਦਾ ਹੈ। ਇਸ ਧਰਤੀ ਨੂੰ ਮਾਲਾ ਮਾਲ ਕੀਤਾ ਹੈ ਕੁਦਰਤ ਨੇ। ਸਾਰਾ ਇਲਾਕਾ ਬਿਲਕੁਲ ਪੱਧਰਾ ਹੈ। ਕਸ਼ਮੀਰ ਜਿੱਥੇ ਆਪਣੀ ਅਦਭੁਤ ਸੁੰਦਰਤਾ ਨਾਲ ਮਾਲਾ ਮਾਲ ਹੈ । ਕਿਸੇ ਸਮੇਂ ਭਾਰਤ ਦਾ ਸਭ ਤੋਂ ਕਮਾਊ ਸ਼ਹਿਰ ਸੀ । ਦੇਸ਼-ਵਿਦੇਸ਼ ਦੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਸੀ । ਇੱਥੇ ਅਜਕਲ ਲੋਕ ਮਾਹੌਲ ਨੂੰ ਵੇਖਦੇ ਹੋਏ ਡਰਦੇ ਹੀ ਨਈਾ ਜਾਂਦੇ। ਇੱਥੋਂ ਦੇ ਲੋਕਾਂ ਦਾ ਵਪਾਰ ਮੱਧਮ ਪੈ ਗਿਆ ਹੈ। ਖ਼ਾਸ ਕਰਕੇ ਡੱਲ ਝੀਲ ਦੇ ਸ਼ਿਕਾਰੇ, ਹਾਊਸ ਬੋਟ ਦੀ ਤਰਸਯੋਗ ਹਾਲਤ ਹੋ ਗਈ ਹੈ । ਫਾਈਵ ਸਟਾਰ ਵਰਗੇ ਹਾਊਸ ਬੋਟਸ ਦਾ ਮਾੜਾ ਹਾਲ ਹੈ। ਟਾਵੇਂ-ਟਾਵੇਂ ਲੋਕ ਹੀ ਇੱਥੇ ਆਉਂਦੇ ਹਨ । ਬੇਸ਼ੱਕ ਪ੍ਰਸ਼ਾਸਨ ਦੁਆਰਾ ਸੁਰੱਖਿਆ ਦੇ ਕੜੇ ਪ੍ਰਬੰਧ ਹਨ ਪਰ ਮਾਹੌਲ ਤੋਂ ਡਰਕੇ ਲੋਕ ਘੱਟ ਜਾਂਦੇ ਹਨ। ਆਮ ਜਨਤਾ ਜਾਂ ਸੈਲਾਨੀਆਂ ਦੀ ਪੂਰੀ ਇੱਜ਼ਤ ਹੁੰਦੀ ਹੈ। ਫਿਰ ਵੀ ਕਸ਼ਮੀਰ ਕਸ਼ਮੀਰ ਹੀ ਹੈ।

# ਤੁਰ ਗਿਆ ਮੋਹ ਦੇ ਦੀਵੇ ਬਾਲਣ ਵਾਲਾ: ਨਿਰੰਜਨ ਸਿੰਘ ਗਰੇਵਾਲ



ਉਜਾਗਰ ਸਿੰਘ
91-94178 13072

ਸਮਾਜ ਵਿੱਚ ਮੋਹ ਦੇ ਦੀਵੇ ਬਾਲਣ ਵਾਲਾ ਨਿਰੰਜਨ ਸਿੰਘ ਗਰੇਵਾਲ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਬਿਹਤਰੀ ਲਈ ਸਪਨੇ ਸਿਰਜਦਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਉਹ ਨਾ ਕੋ ਬੈਰੀ ਨਹੀ ਬਿਗਾਨਾ ਦੇ ਸਿਧਾਂਤ 'ਤੇ ਪਹਿਰਾ ਦਿੰਦਾ ਹੋਇਆ ਜੀਵਨ ਬਸਰ ਕਰਦਾ ਸੀ। ਹਮੇਸ਼ਾ ਫਰੀਦ ਦੇ ਸ਼ਲੋਕ ' ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ' ਅਨੁਸਾਰ ਹਰ ਇੱਕ ਨਾਲ ਰਿਸ਼ਤੇ ਗੰਢ ਕੇ ਬੁਰੇ ਲੋਕਾਂ ਦਾ ਭਲਾ ਕਰਨ ਲਈ ਤਤਪਰ ਰਹਿੰਦਾ ਸੀ। ਮੋਹ ਦੀਆਂ ਤੰਦਾਂ ਜੋੜਨਾ ਉਸਦਾ ਸ਼ੌਕ ਸੀ। ਆਮ ਤੌਰ 'ਤੇ ਸੇਵਾ ਮੁਕਤੀ ਤੋਂ ਬਾਅਦ ਇਨਸਾਨ ਆਪਣੀ ਕੀਤੀ ਨੌਕਰੀ ਬਾਰੇ ਨਹੀਂ ਸੋਚਦਾ ਸਗੋਂ ਸਿਰਫ ਪਰਿਵਾਰ ਵਲ ਹੀ ਧਿਆਨ ਕੇਂਦਰਤ ਕਰਦਾ ਹੈ। ਪ੍ਰੰਤੂ ਨਿਰੰਜਨ ਸਿੰਘ ਗਰੇਵਾਲ ਹਰ ਵਕਤ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਆਰਥਿਕ ਹਾਲਤ ਤੇ ਕਾਰਗੁਜ਼ਾਰੀ ਨੂੰ ਸੁਚੱਜੀ ਬਣਾਉਣ ਦੀਆਂ ਤਰਕੀਬਾਂ ਸੋਚਦਾ ਰਹਿੰਦਾ ਸੀ। ਆਪਣੇ ਵਾਕਫਕਾਰਾਂ ਨੂੰ ਪੀ।ਆਰ।ਟੀ।ਸੀ।ਦੀਆਂ ਬੱਸਾਂ ਵਿੱਚ ਸਫਰ ਕਰਨ ਲਈ ਪ੍ਰੇਰਦਾ ਰਹਿੰਦਾ ਸੀ। ਸਮਾਜ ਵਿੱਚ ਬਹੁਤ ਸਾਰੇ ਇਨਸਾਨ ਵਿਚਰਦੇ ਹੋਏ ਆਪੋ ਆਪਣੇ ਪਰਿਵਾਰਿਕ ਤੇ ਸਮਾਜਿਕ ਫ਼ਰਜ਼ ਨਿਭਾਉਂਦੇ ਜ਼ਿੰਦਗੀ ਬਸਰ ਕਰਦੇ ਹਨ। ਹਰ ਇਨਸਾਨ ਸਭ ਤੋਂ ਪਹਿਲਾਂ ਆਪਣੇ ਪਰਿਵਾਰ ਦੀ ਜ਼ਿੰਦਗੀ ਬਿਹਤਰੀਨ ਬਣਾਉਣ ਨੂੰ ਤਰਜ਼ੀਹ ਦਿੰਦਾ ਹੈ। ਉਸ ਤੋਂ ਬਾਅਦ ਉਸ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਸਮਝਦਾ ਹੈ। ਪ੍ਰੰਤੂ ਕੁਝ ਇਨਸਾਨ ਅਜਿਹੇ ਵੀ ਹੁੰਦੇ ਹਨ, ਜਿਹੜੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਪਹਿਲ ਦਿੰਦੇ ਹਨ। ਅਜਿਹੇ ਵਿਅਕਤੀਆਂ ਵਿੱਚ ਨਿਰੰਜਨ ਸਿੰਘ ਗਰੇਵਾਲ ਦਾ ਨਾਮ ਆਉਂਦਾ ਹੈ, ਜਿਹੜਾ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ ਨੌਕਰੀ ਕਰਦਾ ਰਿਹਾ ਹੈ। ਉਸਨੇ ਆਪਣੇ ਪਰਿਵਾਰ ਦੀ ਵੇਖਭਾਲ ਵੀ ਬਿਹਤਰੀਨ ਢੰਗ ਨਾਲ ਕੀਤੀ ਪ੍ਰੰਤੂ ਆਪਣੀ ਨੌਕਰੀ ਦੇ ਫ਼ਰਜ਼ਾਂ ਨੂੰ ਹਮੇਸ਼ਾ ਪਹਿਲ ਦਿੱਤੀ। ਉਹ ਦਸਵੀਂ ਦੀ ਪੜ੍ਹਾਈ ਕਰਨ ਤੋਂ ਬਾਅਦ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ ਕੰਡਕਟਰ ਭਰਤੀ ਹੋ ਗਿਆ ਸੀ। ਆਪਣੀ ਨੌਕਰੀ ਹਮੇਸ਼ਾ ਇਮਾਨਦਾਰੀ ਅਤੇ ਵਫ਼ਾਦਾਰੀ ਨਾਲ ਕਰਦਾ ਰਿਹਾ, ਜਿਸ ਕਰਕੇ ਉਹ ਤਰੱਕੀ ਕਰਦਾ ਹੋਇਆ ਚੀਫ਼ ਇਨਸਪੈਕਟਰ ਦੇ ਅਹੁਦੇ ਤੱਕ ਪਹੁੰਚ ਗਿਆ। ਏਥੇ ਹੀ ਬਸ ਨਹੀਂ ਜਦੋਂ ਡਾ।ਹਰਕੇਸ਼ ਸਿੰਘ ਸਿੱਧੂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਬਣੇ ਤਾਂ ਉਨ੍ਹਾਂ ਨਿਰੰਜਨ ਸਿੰਘ ਗਰੇਵਾਲ ਦੀ ਇਮਾਨਦਾਰੀ ਕਰਕੇ ਉਸਨੂੰ ਸੇਵਾ ਮੁਕਤੀ ਤੋਂ ਬਾਅਦ ਆਪਣਾ ਓ।ਐਸ।ਡੀ।ਲਗਾ ਲਿਆ। ਉਸ ਸਮੇਂ ਕਾਰਪੋਰੇਸ਼ਨ ਦੀ ਆਰਥਿਕਤਾ ਮਜ਼ਬੂਤ ਹੋਈ ਅਤੇ ਚੋਰ ਮੋਰੀਆਂ ਬੰਦ ਕਰ ਦਿੱਤੀਆਂ ਗਈਆਂ। ਨਿਰੰਜਨ ਸਿੰਘ ਗਰੇਵਾਲ ਨੇ ਇਸ ਅਹੁਦੇ 'ਤੇ ਕੰਮ ਕਰਦਿਆਂ ਕੋਈ ਤਨਖ਼ਾਹ ਜਾਂ ਹੋਰ ਭੱਤੇ ਵੀ ਨਹੀਂ ਲਏ। ਉਸ ਦੀ ਇਮਾਨਦਾਰੀ ਦੀ ਧਾਂਕ ਪੀ।ਆਰ।ਟੀ।ਸੀ। ਵਿੱਚ ਅਜੇ ਤੱਕ ਬਰਕਰਾਰ ਹੈ। ਆਮ ਤੌਰ 'ਤੇ ਅੱਡਾ ਇਨਚਾਰਜ ਪ੍ਰਾਈਵੇਟ ਬੱਸਾਂ ਵਾਲਿਆਂ ਨਾਲ ਗੱਠ ਤਰੁਪ ਕਰ ਲੈਂਦੇ ਸਨ, ਜਿਸ ਕਰਕੇ ਪੀ।ਆਰ।ਟੀ।ਸੀ। ਨੂੰ ਸਵਾਰੀਆਂ ਨਹੀਂ ਮਿਲਦੀਆਂ ਸਨ। ਜਿਹੜੇ ਡਿਪੂ ਵਿੱਚ ਪੀ।ਆਰ।ਟੀ।ਸੀ।ਨੂੰ ਘਾਟਾ ਪੈਂਦਾ ਸੀ, ਉਥੇ ਹੀ ਨਿਰੰਜਨ ਸਿੰਘ ਗਰੇਵਾਲ ਦੀ ਡਿਊਟੀ ਲਗਾ ਦਿੱਤੀ ਜਾਂਦੀ ਸੀ। ਇਕ ਡਿਪੂ ਨੂੰ ਮੁਨਾਫੇ ਵਿੱਚ ਲਿਆਉਣ ਤੋਂ ਬਾਅਦ ਉਸ ਨੂੰ ਦੂਜੇ ਡਿਪੂ ਵਿੱਚ ਭੇਜ ਦਿੱਤਾ ਜਾਂਦਾ ਸੀ। ਭਰਿਸ਼ਟ ਅਧਿਕਾਰੀ ਉਸ ਦੇ ਵਿਰੁੱਧ ਸਾਜ਼ਸ਼ਾਂ ਰਚਦੇ ਰਹਿੰਦੇ ਸਨ। ਬੱਸਾਂ ਦੇ ਟਾਈਮ ਟੇਬਲ ਬਣਾਉਣ ਸਮੇਂ ਵੀ ਅਧਿਕਾਰੀ ਪ੍ਰਾਈਵੇਟ ਬੱਸਾਂ ਵਾਲਿਆਂ ਨਾਲ ਰਲ ਜਾਂਦੇ ਸਨ। ਫਿਰ ਟਾਈਮ ਟੇਬਲ ਦੀ ਆਰ।ਟੀ।ਏ। ਨਾਲ ਮੀਟਿੰਗ ਕਰਨ ਲਈ ਨਿਰੰਜਨ ਸਿੰਘ ਗਰੇਵਾਲ ਦੀ ਡਿਊਟੀ ਲਗਾਈ ਜਾਂਦੀ ਸੀ। ਪ੍ਰਾਈਵੇਟ ਬੱਸਾਂ ਵਾਲੇ ਉਸ ਤੋਂ ਖਾਰ ਖਾਂਦੇ ਸਨ ਕਿਉਂਕਿ ਉਹ ਰਿਸ਼ਵਤ ਵੀ ਨਹੀਂ ਲੈਂਦਾ ਸੀ। ਦੂਜੇ ਰਾਜਾਂ ਵਿੱਚ ਜਿਵੇਂ ਹਿਮਾਚਲ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼, ਦਿੱਲੀ ਆਦਿ ਰੂਟਾਂ 'ਤੇ ਜਿਹੜੀਆਂ ਪੀ।ਆਰ।ਟੀ।ਸੀ।ਦੀਆਂ ਬੱਸਾਂ ਚਲਦੀਆਂ ਸਨ, ਉਥੇ ਕੰਡਕਟਰ ਸਾਰੀ ਦੀ ਸਾਰੀ ਬੱਸ ਦੀਆਂ ਟਿਕਟਾਂ ਨਹੀਂ ਕੱਟਦੇ ਸਨ ਕਿਉਂਕਿ ਉਥੇ ਉਨ੍ਹਾਂ ਦੀ ਚੈਕਿੰਗ ਲਈ ਜਾਣਾ ਔਖਾ ਹੁੰਦਾ ਸੀ। ਨਿਰੰਜਨ ਸਿੰਘ ਗਰੇਵਾਲ ਮੋਟਰ ਸਾਈਕਲ 'ਤੇ ਅਜਿਹੇ ਰੂਟਾਂ 'ਤੇ ਜਾ ਕੇ ਚੈਕਿੰਗ ਕਰਕੇ ਚੋਰੀ ਪਕੜਦਾ ਸੀ। ਕਈ ਕਈ ਰਾਤਾਂ ਘਰੋਂ ਬਾਹਰ ਰਹਿਣਾ ਪੈਂਦਾ ਸੀ। ਉਹ ਬੱਸਾਂ ਦੇ ਸਪੇਅਰ ਪਾਰਟਸ ਦੀ ਖ੍ਰੀਦ ਵਿੱਚ ਹੁੰਦੀ ਹੇਰਾ ਫੇਰੀ ਬਾਰੇ ਵੀ ਅਧਿਕਾਰੀਆਂ ਨੂੰ ਦੱਸ ਦਿੰਦਾ ਸੀ। ਪੀ।ਆਰ।ਟੀ।ਸੀ। ਵਿੱਚ ਭਰਿਸ਼ਟਾਚਾਰ ਸਿਖ਼ਰਾਂ 'ਤੇ ਸੀ, ਜਿਸ ਕਰਕੇ ਉਹ ਆਰਥਿਕ ਤੌਰ 'ਤੇ ਕਮਜ਼ੋਰ ਹੁੰਦੀ ਗਈ। ਬਹੁਤੇ ਡਿਪੂਆਂ ਦੇ ਅਧਿਕਾਰੀ ਵੀ ਗਰੇਵਾਲ ਤੋਂ ਖ਼ਾਰ ਖ਼ਾਂਦੇ ਸਨ। ਭਰਿਸ਼ਟ ਕੰਡਕਟਰਾਂ ਅਤੇ ਅਧਿਕਾਰੀਆਂ ਵਿੱਚ ਗਰੇਵਾਲ ਦਾ ਡਰ ਬਣਿਆਂ ਰਹਿੰਦਾ ਸੀ।



ਨਿਰੰਜਨ ਸਿੰਘ ਗਰੇਵਾਲ ਨੇ ਗ਼ਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਫ਼ੀਸਾਂ ਦੇ ਕੇ ਮਾਡਲ ਸਕੂਲਾਂ ਵਿੱਚ ਪੜ੍ਹਾਇਆ। ਇਸ ਤੋਂ ਇਲਾਵਾ ਆਪਣੇ ਪਿੰਡ ਦੇ ਹਾਇਰ ਸੈਕੰਡਰੀ ਸਕੂਲ ਦੀ ਆਪਣੇ ਖ਼ਰਚੇ 'ਤੇ ਨੁਹਾਰ ਬਦਲਕੇ ਰੱਖ ਦਿੱਤੀ ਸੀ। ਬੱਚਿਆਂ ਦੇ ਬੈਠਣ ਲਈ ਬੈਂਚ ਖ੍ਰੀਦਕੇ ਦਿੱਤੇ। ਸਰਕਾਰੀ ਨੌਕਰੀ ਦੇ ਨਾਲ ਉਹ ਖੇਤੀ ਵੀ ਕਰਵਾਉਂਦੇ ਸਨ। ਆਪਣੇ ਸੀਰੀ ਮੰਗੂ ਅਤੇ ਉਸਦੇ ਪਰਿਵਾਰ ਨਾਲ ਗੂੜ੍ਹਾ ਸੰਬੰਧ ਬਣਾਕੇ ਰੱਖਿਆ। 44 ਸਾਲ ਆਪਣੇ ਸੀਰੀ ਨੂੰ ਮਹਿਸੂਸ ਹੀ ਨਹੀਂ ਹੋਣ ਦਿੱਤਾ ਕਿ ਉਹ ਉਨ੍ਹਾਂ ਦਾ ਸੀਰੀ ਹੈ। ਭਾਵੇਂ ਉਨ੍ਹਾਂ ਹੁਣ ਖੇਤੀ ਕਰਨੀ ਛੱਡ ਦਿੱਤੀ ਸੀ ਪ੍ਰੰਤੂ ਮੰਗੂ ਦੇ ਪਰਿਵਾਰ ਦੇ ਹਰ ਦੁੱਖ ਸੁੱਖ ਵਿੱਚ ਸਹਾਈ ਹੁੰਦੇ ਸਨ। ਮੰਗੂ ਦੇ ਪਰਿਵਾਰ ਨੂੰ ਉਹ ਆਪਣਾ ਪਰਿਵਾਰ ਸਮਝਦੇ ਸਨ। ਨਿਰੰਜਨ ਸਿੰਘ ਗਰੇਵਾਲ ਨੇ ਮੁੱਢਲੀ ਪੜ੍ਹਾਈ ਪ੍ਰਾਇਮਰੀ ਸਕੂਲ ਸਕਰੌਦੀ ਅਤੇ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਭਵਾਨੀਗੜ੍ਹ ਤੋਂ ਪ੍ਰਾਪਤ ਕੀਤੀ। ਕਬੱਡੀ ਦੇ ਵੀ ਉਹ ਬਿਹਤਰੀਨ ਖਿਡਾਰੀ ਸਨ। ਉਹ ਵਧੀਆ ਜਾਫੀ ਅਤੇ ਰੇਡਰ ਦੇ ਤੌਰ ਤੇ ਮਸ਼ਹੂਰ ਸਨ, ਉਨ੍ਹਾਂ ਦੀ ਚੁਸਤੀ ਅਤੇ ਫੁਰਤੀ ਕਰਕੇ ਕਬੱਡੀ ਪ੍ਰੇਮੀ ਉਨ੍ਹਾਂ ਨੂੰ ਟੈਣੀ ਕਹਿਣ ਲੱਗ ਪਏ ਸਨ। ਕਬੱਡੀ ਜਗਤ ਵਿੱਚ ਉਹ ਟੈਣੀ ਦੇ ਨਾਮ ਨਾਲ ਜਾਣੇ ਜਾਂਦੇ ਸਨ। ਕੰਡਕਟਰ ਦੀ ਨੌਕਰੀ ਕਰਦਿਆਂ ਸੰਗਰੂਰ ਜ਼ਿਲ੍ਹੇ ਦੀ ਕਬੱਡੀ ਟੀਮ ਦੇ ਮੈਂਬਰ ਹੁੰਦਿਆਂ ਦੂਰ ਦੁਰਾਡੇ ਕਬੱਡੀ ਖੇਡਣ ਲਈ ਛੁੱਟੀ ਲੈ ਕੇ ਜਾਂਦੇ ਰਹੇ ਸਨ। ਪਿਛਲੇ ਤਿੰਨ ਮਹੀਨੇ ਤੋਂ ਜਿਗਰ ਦੀ ਬਿਮਾਰੀ ਕਰਕੇ ਬਿਮਾਰ ਸਨ। 17 ਅਗਸਤ 2024 ਨੂੰ 83 ਸਾਲ ਦੀ ਉਮਰ ਭੋਗ ਕੇ ਉਹ ਸਵਰਗ ਸਿਧਾਰ ਗਏ। ਉਹ ਆਪਣੇ ਪਿਛੇ ਦੋ ਲੜਕੇ ਪਰਦੁਮਣ ਸਿੰਘ ਗਰੇਵਾਲ, ਪਰਵਿੰਦਰ ਸਿੰਘ ਗਰੇਵਾਲ, ਤਿੰਨ ਲੜਕੀਆਂ ਪਰਮਜੀਤ ਕੌਰ ਸਿੱਧੂ, ਅਮਨਜੀਤ ਕੌਰ ਵੜੈਚ, ਰੁਪਿੰਦਰ ਕੌਰ ਚਾਹਲ ਅਤੇ ਪੋਤਰੇ, ਪੋਤਰੀਆਂ ਤੇ ਦੋਹਤੇ ਦੋਹਤਰੀਆਂ ਨੂੰ ਛੱਡ ਗਏ ਹਨ। ਉਨ੍ਹਾਂ ਦੀ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਪਤਾਹਕ ਪਾਠ ਦਾ ਭੋਗ ਤੇ ਅੰਤਮ ਅਰਦਾਸ ਸੰਗਰੂਰ ਜ਼ਿਲ੍ਹੇ ਦੇ ਪਿੰਡ ਸਕਰੌਦੀ ਦੇ ਗੁਰਦੁਆਰਾ ਸਾਹਿਬ ਵਿੱਚ 25 ਅਗਸਤ 2024 ਨੂੰ ਦੁਪਹਿਰ 12.00 ਤੋਂ 1.00 ਵਜੇ ਤੱਕ ਹੋਵੇਗੀ।

### ਸਕੂਲੀ ਵਿਦਿਆਰਥੀਆਂ ਲਈ ਵਿਸ਼ੇਸ਼

# ਰੋਜ਼ਾਨਾ ਜੀਵਨ ਵਿਚ ਗਣਿਤ ਦਾ ਮਹੱਤਵ !



ਸੁਖਵੀਰ ਕੌਰ
91-98725-54776

ਆਮ ਤੌਰ 'ਤੇ ਗਣਿਤ (ਮੈਥੇਮੈਟਿਕਸ) ਅਤੇ ਖਾਸ ਕਰਕੇ ਰੇਖਾ-ਗਣਿਤ (ਅਲਜਬਰਾ) ਉੱਤੇ ਤਨਜ਼ ਕੱਸੀ ਜਾਂਦੀ ਹੈ ਕਿ ਇਹ ਰੋਜ਼ਾਨਾ ਜੀਵਨ ਵਿਚ ਵਰਤੋਂ 'ਚ ਤਾਂ ਆਉਂਦੇ ਨਹੀਂ। ਇਹ ਨੁਕਤਾ ਵਿਦਿਆਰਥੀਆਂ ਦੇ ਮਨ ਵਿਚ ਵੀ ਜ਼ਰੂਰ ਆਉਂਦਾ ਹੋਵੇਗਾ, ਜਦੋਂ ਉਨ੍ਹਾਂ ਨੂੰ ਸਕੂਲੀ ਪੜ੍ਹਾਈ ਮੁਕੰਮਲ ਹੋ ਜਾਣ ਮਗਰੋਂ ਅਗਲੇਰੀ ਪੜਾਈ ਲਈ ਗਣਿਤ ਵਿਸ਼ਾ ਚੁਣਨ ਦੀ ਸਲਾਹ ਦਿੱਤੀ ਜਾਂਦੀ ਹੋਵੇ ਗੀ। ਚੱਲੋ ਅੱਜ ਆਪਾਂ ਰੋਜ਼ਾਨਾ ਜਨ-ਜੀਵਨ ਵਿਚ ਵਰਤੇ ਜਾਂਦੇ ਗਣਿਤ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰੀਏ।

ਦਿਨ ਦੀ ਸ਼ੁਰੂਆਤ-ਜਦੋਂ ਤੁਸੀਂ ਆਪਣੀ ਘੜੀ ਦਾ ਅਲਾਰਮ ਸੁਣ ਕੇ ਉੱਠਦਿਆਂ ਪਹਿਲਾਂ ਘੜੀ ਤੇ ਸਮਾਂ ਦੇਖਦੇ ਹੋ ਤਾਂ ਯਾਦ ਕਰਦੇ ਹੋ ਕਿ ਤੁਸੀਂ ਅੱਜ ਸਕੂਲ 7.45 ਤੱਕ ਪਹੁੰਚਣਾ ਹੈ!ਉਸ ਵੇਲੇ ਤੁਸੀਂ ਸਭ ਤੋਂ ਪਹਿਲਾਂ ਟਾਈਮ ਦੀ ਗਿਣਤੀ-ਮਿਣਤੀ ਕਰਦੇ ਹੋ ਕਿ ਤੁਹਾਡੇ ਕੋਲ ਤਿਆਰ ਹੋ ਕੇ ਸਕੂਲ ਪਹੁੰਚਣ ਲਈ ਕਿੰਨਾ ਕੁ ਸਮਾਂ ਹੈ, ਜਿਸ ਲਈ ਤੁਸੀਂ ਅਚਨਚੇਤ ਘਟਾਉ ਦਾ ਉਪਯੋਗ ਕਰਦੇ ਹੋ !

ਅਗਲੀ ਉਦਾਹਰਣ-ਜੇਕਰ ਤੁਸੀਂ ਤਿੰਨ ਭੈਣ-ਭਰਾ ਹੋ ਅਤੇ ਤੁਹਾਡੀ ਮਾਤਾ ਜੀ ਨੇ ਤੁਹਾਡੇ ਵਾਸਤੇ 15 ਚਾਕਲੇਟ ਰੱਖੀਆਂ ਹਨ ਅਤੇ ਤੁਹਾਨੂੰ ਬਰਾਬਰ ਲੈਣ ਲਈ ਕਿਹਾ ਹੈ, ਤਾਂ ਉਥੇ ਫਿਰ ਤੁਸੀਂ ਸੁਤੇ ਸਿਧ ਭਾਗ (ਤਕਸੀਮ) ਦੀ ਵਰਤੋਂ ਕਰਦੇ ਹੋਏ ਆਪਸ ਵਿੱਚੀਂ 5-5 ਚਾਕਲੇਟ ਵੰਡ ਲੈਂਦੇ ਹੋ।

ਹੁਣ ਤੁਸੀਂ ਸੋਚ ਰਹੇ ਹੋਵੇਗਾ ਕਿ ਚੱਲੋ ਮੰਨਿਆ ਕਿ ਜੋੜ, ਘਟਾਉ, ਗੁਣਾ ਅਤੇ ਭਾਗ ਦੀ ਲੋੜ ਸਾਨੂੰ ਹੈ ਪਰ ਮੈਥ ਦੇ ਕਈ ਹੋਰ ਫਾਰਮੂਲੇ ਜਿਵੇਂ ਕਿ ਗਤੀ, ਦੂਰੀ,ਖੇਤਰਫਲ, ਆਇਤਨ ਆਦਿ ਦੀ ਕੀ ਲੋੜ ਪੈਂਦੀ ਹੈ? ਤਾਂ ਮੈਂ ਤੁਹਾਨੂੰ ਯਾਦ ਦਿਲਾ ਦੇਵਾਂ ਕਿ ਜੇਕਰ ਤੁਹਾਡਾ ਸਕੂਲ ਘਰ ਤੋਂ 8 ਕਿ।ਮੀ। ਦੀ ਦੂਰੀ 'ਤੇ ਹੈ ਅਤੇ ਤੁਸੀਂ 15 ਮਿੰਟ ਵਿਚ ਇਹ ਦੂਰੀ ਤੈਅ ਕਰਨੀ ਹੈ ਤਾਂ ਤੁਹਾਡੇ ਵਾਹਨ ਨੂੰ ਲਗਭਗ 32 ਕਿ.ਮੀ. ਪ੍ਰਤੀ ਘੰਟਾ ਦੀ ਗਤੀ ਨਾਲ ਚੱਲਣਾ ਪਵੇਗਾ। ਜੇਕਰ ਕਿਸੇ ਦਿਨ ਤੁਸੀਂ 5 ਮਿੰਟ ਲੇਟ ਹੋ ਜਾਵੋ ਤਾਂ ਤੁਹਾਨੂੰ ਆਪਣੇ ਵਾਹਨ ਦੀ ਗਤੀ ਲਗਭਗ 48 ਕਿ।ਮੀ। ਫੀ ਘੰਟਾ ਕਰਨੀ ਪਵੇਗੀ ਤਾਂ ਜੋ ਤੁਸੀਂ ਸਮੇਂ ਸਿਰ ਸਕੂਲ ਪਹੁੰਚ ਸਕੋ। ਜਿਸਦੀ ਗਣਨਾ ਕਰਨ ਲਈ ਤੁਸੀਂ 'ਗਤੀ ਦੇ ਨਿਯਮ' ਦਾ ਉਪਯੋਗ ਕਰ ਰਹੇ ਹੁੰਦੇ ਹੋ।

ਇਸੇ ਤਰਾਂ ਦੀਆਂ ਆਮ ਵਰਤੋਂ-ਵਿਹਾਰ ਨਾ਼ਲ ਸਬੰਧਿਤ ਹੋਰ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਜਿਵੇਂ ਕਿ ਘਰ ਵਿਚ ਫਰਸ਼ ਨੂੰ ਟਾਇਲਾਂ ਲਗਾਉਣ ਵੇਲੇ ਟਾਇਲਾਂ ਦੀ ਗਿਣਤੀ ਪਤਾ ਕਰਨ ਲਈ ਖੇਤਰਫਲ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ। ਇਸੇ ਤਰਾਂ ਬੈਂਕ ਵਿਚ ਪੈਸੇ ਜਮ੍ਹਾਂ ਕਰਵਾਉਣ ਜਾਂ ਕਢਵਾਉਣ, ਬਾਜ਼ਾਰ ਤੋਂ ਸਮਾਨ ਖਰੀਦਣ, ਨਵਾਂ ਘਰ ਬਣਾਉਣ, ਅਲੱਗ-ਅਲੱਗ ਤਰਾਂ ਦੇ ਹੱਥੀਂ ਕਿੱਤੇ ਦੇ ਰੋਜ਼ਗਾਰ ਆਦਿ ਵਿਚ ਵੀ ਗਣਿਤ ਦੀ ਬਹੁਤ ਅਤੇ ਵਾਰ ਵਾਰ ਲੋੜ ਪੈਂਦੀ ਹੈ।

ਅਜੇ ਵੀ ਸ਼ਾਇਦ ਕਿਤੇ ਤੁਹਾਡੇ ਮਨ ਵਿਚ ਆ ਰਿਹਾ ਹੋਵੇਗਾ ਕਿ ਮੰਨਿਆ ਕਿ ਗਣਿਤ ਵਿਸ਼ੇ ਦੀ ਤੁਹਾਨੂੰ ਲੋੜ ਤਾਂ ਹੈ ਪਰ ਫਿਰ ਵੀ ਇਹ ਉਕਤਾ ਦੇਣ ਵਾਲਾ ਰੁੱਖਾ ਵਿਸ਼ਾ ਹੈ ਤਾਂ ਮੈਂ ਕਹਾਂਗੀ ਕਿ ਇੱਕ ਵਾਰ ਇਕਾਗਰ ਚਿੱਤ ਹੁੰਦਿਆਂ ਇਸ ਵਿਸ਼ੇ ਨੂੰ ਪੂਰੀ ਤਨਦੇਹੀ ਨਾਲ ਅਪਣਾ ਕੇ ਸਿੱਖਣ ਦੀ ਕੋਸ਼ਿਸ਼ ਕਰੋ।ਜਦੋਂ ਇਹ ਤੁਹਾਨੂੰ ਸਮਝ ਆਉਣ ਲੱਗ ਪਵੇ ਗਾ ਤਾਂ ਤੁਹਾਨੂੰ ਇਸ ਦੀ ਖੂਬਸੂਰਤੀ ਵੀ ਜ਼ਰੂਰ ਮਹਿਸੂਸ ਹੋਵੇ ਗੀ!ਤੁਸੀਂ ਜਾਣੋ ਗੇ ਕਿ ਗਣਿਤ ਤਾਂ ਫੁੱਲਾਂ ਵਿਚ, ਇਮਾਰਤਾਂ ਵਿਚ ਅਕਾਰਾਂ ਵਿਚ, ਪੂਰੀ ਕਾਇਨਾਤ ਵਿਚ ਮੌਜੂਦ ਹੈ।

ਪਿਆਰੇ ਵਿਦਿਆਰਥੀਓ,ਸਭ ਤੋਂ ਉਪਰ ਇਸ ਦੀ ਖੂਬਸੂਰਤੀ ਜੋ ਕਿ ਮੈਂ ਨਿੱਜੀ ਤੌਰ 'ਤੇ ਮਹਿਸੂਸ ਕੀਤੀ ਹੈ,ਉਹ ਇਹ ਹੈ ਕਿ ਜਦੋਂ ਇਸ ਵਿਸ਼ੇ ਨੂੰ ਤੁਸੀਂ ਤਨੋਂ-ਮਨੋ ਅਪਣਾਉਂਦੇ ਹੋ ਤਾਂ ਇਹ ਵੀ ਛੇਤੀ ਹੀ ਤੁਹਾਨੂੰ 'ਆਪਣਾ' ਬਣਾ ਲੈਂਦਾ ਹੈ ਅਤੇ ਯਕੀਨ ਮੰਨਿਉਂ ਕਿ ਇਸ ਦੀਆਂ ਸਮੱਸਿਆਵਾਂ ਦੇ ਹੱਲ ਤੁਹਾਡਾ ਦਿਮਾਗ ਸੁਤੇ-ਸਿੱਧ ਹੀ ਹੱਲ ਕਰਨ ਲਗ ਜਾਂਦਾ ਹੈ। ਉਦੋਂ ਤੁਹਾਡੇ ਲਈ ਮੈਥ ਇਕ ਰੁੱਖਾ ਵਿਸ਼ਾ ਨਹੀਂ ਸਗੋਂ ਤੁਹਾਡਾ ਮਨਭਾਉਂਣਾ ਦਿਲਚਸਪ ਵਿਸ਼ਾ ਬਣ ਜਾਂਦਾ ਹੈ ਜੋ ਤੁਹਾਡੇ ਗਿਆਨ 'ਚ ਵਾਧਾ ਕਰਨ ਦੇ ਨਾ਼ਲ ਨਾ਼ਲ ਇਕ ਤਰਾਂ ਦਾ ਮਨੋਰੰਜਨ ਵੀ ਕਰਦਾ ਹੈ!

# ਸੁਰਿੰਦਰਜੀਤ ਮਖਸੂਦਪੁਰੀ ਆਪਣੇ ਨਵੇਂ ਸਿੰਗਲ ਟ੍ਰੈਕ 'ਤੂੰ ਵੀ ਭੁੱਲ ਜਾਹ' ਨਾਲ ਫਿਰ ਹੋਇਆ ਸਰਗਰਮ

## ਮਕਸੂਦਪੁਰੀ ਸਰੋਤਿਆਂ ਨੂੰ ਦੇ ਚੁੱਕਾ ਦਰਜਨਾਂ ਹਿੱਟ ਗੀਤ

**ਵੈਨਕੂਵਰ (ਕੁਲਦੀਪ ਚੁੰਬਰ)–** ਉਂਝ ਤਾਂ ਸੰਗੀਤ ਨੂੰ ਇੱਕ ਵਿਸ਼ਾਲ ਸਮੁੰਦਰ ਦਾ ਨਾਮ ਦਿੱਤਾ ਗਿਆ ਹੈ, ਜਿਸ ਵਿੱਚ ਨਿੱਤ ਦਿਨ ਨਵੇਂ ਨਵੇਂ ਸੰਗੀਤ ਦੇ ਫ਼ਨਕਾਰ ਸੁਰੀਲੀਆਂ ਸੁਰਾਂ ਜਨਮ ਲੈਂਦੀਆਂ ਹਨ ਅਤੇ ਆਪਣੀਆਂ ਮੰਜ਼ਿਲਾਂ ਸਮੇਂ ਨਾਲ ਤੈਅ ਕਰਦੀਆਂ ਉੱਚ ਉਚਾਈਆਂ ਨੂੰ ਛੂਹ ਲੈਂਦੀਆਂ ਹਨ। ਪਰ ਕਈ ਕਲਾਕਾਰ ਇਸ ਸੰਗੀਤ ਨੁਮਾ ਸਮੁੰਦਰ ਵਿੱਚ ਅਜਿਹੇ ਹੁੰਦੇ ਹਨ ਜਿਹਨਾਂ ਨੂੰ ਜਿਵੇਂ ਪਰਮਾਤਮਾ ਵਲੋਂ ਹੀ ਸੰਗੀਤ ਦੀ ਸੁਰ ਪ੍ਰਦਾਨ ਹੋਈ ਹੁੰਦੀ ਹੈ ਤੇ ਉਹਨਾਂ ਦੇ ਗਲੇ ਵਿੱਚ ਅਜਿਹੀ ਮਿਠਾਸ ਸਰਸਵਤੀ ਨੇ ਭਰੀ ਹੁੰਦੀ ਹੈ ਕਿ ਉਹ ਹਰ ਕਿਸੇ ਨੂੰ ਕੀਲ ਲੈਣ ਦੀ ਸਮਰੱਥਾ ਰੱਖਦੇ ਹਨ। ਅੱਜ ਜਿਸ ਲੋਕ ਗਾਇਕ ਦੀ ਮੇਰੀ ਕਲਮ ਗੱਲ ਕਰਨ ਜਾ ਰਹੀ ਹੈ ਉਸ ਲੋਕ ਗਾਇਕ ਨੂੰ ਪੰਜਾਬੀ ਸੰਗੀਤ ਦੇ ਨੀਲੇ ਗਗਨ ਵਿੱਚ ਸੁਰੀਲੀ ਸੁਰ ਜਿਵੇਂ ਖੰਡ ਤੇ ਮਿਸ਼ਰੀ ਦਾ ਸੁਮੇਲ ਹੋਵੇ ਸੁਰਿੰਦਰਜੀਤ ਮਕਸੂਦਪੁਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ,ਜਿਸ ਦਾ ਨਾਮ ਅੱਜ ਹਰ ਪੰਜਾਬੀ ਦੀ ਜੁਬਾਨ ਤੇ ਸੁਰੀਲੇ ਗਾਇਕਾਂ ਦੀ ਕਤਾਰ ਦੇ ਪਹਿਲੇ ਤੇ ਸਥਾਪਿਤ ਕਲਾਕਾਰਾਂ ਵਜੋਂ ਗੂੰਜਦਾ ਹੈ। ਸੁਰਿੰਦਰਜੀਤ ਮਕਸੂਦਪੁਰੀ ਬਚਪਨ ਤੋਂ ਹੀ ਗਾਇਕੀ ਦੀ ਸੁਰੀਲੀ ਮੁਹਾਰਤ ਰੱਖਣ ਵਾਲਾ ਕਲਾਕਾਰ ਹੈ, ਜਿਸ ਨੇ ਹੁਣ ਤੱਕ ਦਰਜਨਾਂ ਹਿੱਟ ਗੀਤ ਪੰਜਾਬੀ ਸਰੋਤਿਆਂ ਦੀ ਝੋਲੀ ਪਾਏ। ਉਸ ਦਾ ਕਹਿਣਾ ਹੈ ਕਿ 'ਜਿਹਦੇ ਮੂੰਹ ਨੂੰ ਯਾਰੋ ਲੱਗ ਜਾਵੇ ਖੰਡ ਮਿਸ਼ਰੀ ਉੱਥੇ ਲੂਣ ਦੀਆਂ ਡਲੀਆਂ ਨੂੰ ਕੌਣ ਪੁੱਛਦਾ''' ਗੀਤ ਉਸ ਦੀ ਪਹਿਚਾਣ ਦਾ ਗੀਤ ਹੈ, ਜਿਸ ਗੀਤ ਨੇ ਉਸ ਦੀ ਸੁਰੀਲੀ ਸੁਰ ਨੂੰ ਮਣਾਂ ਮੂੰਹੀਂ ਮੁਹੱਬਤਾਂ ਦੇ ਨਾਲ ਓਤ ਪੋਤ ਕਰ ਦਿੱਤਾ। ਇਸ ਗੀਤ ਨੇ ਉਸ ਦੀ ਗਾਇਕੀ ਖੇਤਰ ਵਿੱਚ ਮਕਬੂਲੀਅਤ ਸਿੱਧੀ ਫਰਸ਼ ਤੋਂ ਅਰਸ਼ ਤੱਕ ਪਹੁੰਚਾ ਦਿੱਤੀ। ਉਸ ਦਾ ਜਨਮ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਮਕਸੂਦਪੁਰ (ਨੇੜੇ ਭੁਲੱਥ) ਵਿੱਚ ਮਾਤਾ ਸ਼੍ਰੀਮਤੀ ਮਹਿੰਦਰ ਕੌਰ ਦੀ ਕੁੱਖੋਂ ਪਿਤਾ ਸ਼੍ਰੀਮਾਨ ਗੁਲਜ਼ਾਰ ਮਸੀਹ ਦੇ ਗ੍ਰਿਹ ਵਿਖੇ ਹੋਇਆ। ਮੁੱਢਲੀ ਵਿੱਦਿਆ ਉਸ ਨੇ ਪਿੰਡ ਤੋਂ ਹਾਸਲ ਕਰਕੇ ਗੌਰਮਿੰਟ ਰਣਧੀਰ ਕਾਲਜ ਕਪੂਰਥਲਾ ਤੋਂ ਬਾਰਵੀਂ ਤੱਕ ਦੀ ਪੜ੍ਹਾਈ ਕੀਤੀ। ਡੀ ਏ ਵੀ ਕਾਲਜ ਜਲੰਧਰ ਵਿੱਚ ਭੰਗੜੇ ਦੀ ਟੀਮ ਦੀ ਕਪਤਾਨੀ ਕਰਦਿਆਂ ਉਸ ਨੇ ਗ੍ਰੈਜੂਏਸ਼ਨ ਵਿੱਚ ਦਾਖਲਾ ਲਿਆ। ਇੱਥੇ ਪੜ੍ਹਦਿਆਂ ਹੀ ਉਸ ਨੂੰ ਪ੍ਰਸਿੱਧ ਸੰਗੀਤ ਅਹਿਲਕਾਰ ਪ੍ਰੋਫੈਸਰ ਬੀ ਐਸ ਨਾਰੰਗ ਜੀ ਦੀ ਪਾਰਖੂ ਅੱਖ ਨੇ ਦੇਖਿਆ, ਬਸ ਫਿਰ ਕੀ ਸੀ ਕਿਸਮਤ ਅਤੇ ਸੁਰ ਦਾ ਸੁਰੀਲਾ ਸਿਤਾਰਾ ਚਮਕ ਉਠਿਆ, ਮਕਸੂਦਪੁਰੀ ਨੇ ਸੰਗੀਤ ਦੇ ਮਹਾਨ ਧਨੰਤਰ ਉਸਤਾਦ ਪ੍ਰੋਫੈਸਰ ਬੀ ਐਸ ਨਾਰੰਗ ਜੀ ਨੂੰ ਆਪਣਾ ਉਸਤਾਦ ਬਣਾ ਲਿਆ ਤੇ ਸੰਗੀਤ ਦੇ ਪਿੜ ਵਿੱਚ ਕੁੱਦ ਉਤਰਿਆ। ਉਸ ਦੀ ਗਾਇਕੀ ਦੇ ਸਫ਼ਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਲਗਾਤਾਰ ਤਿੰਨ ਸਾਲ ਲੋਕ ਗੀਤ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਤਹਿਲਕਾ ਮਚਾ ਦਿੱਤਾ। ਇੰਟਰਵਸਟੀ ਮੁਕਾਬਲਿਆਂ ਵਿੱਚ ਦਿੱਲੀ ਪੰਜਾਬੀ ਅਕੈਡਮੀ ਵਿੱਚੋਂ ਵੀ ਪਹਿਲਾ ਸਥਾਨ ਲਿਆ। ਉਸ ਦੀਆਂ ਪ੍ਰਾਪਤੀਆਂ ਤੋਂ ਖੁਸ਼ ਹੋ ਕੇ ਡੀ ਏ ਵੀ ਕਾਲਜ ਦੀ ਮੈਨੇਜਮੈਂਟ ਵਲੋਂ ਉਸਨੂੰ ਅਨੇਕਾਂ ਵਾਰ ਕਈ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਜਲੰਧਰ ਦੂਰਦਰਸ਼ਨ ਦੇ ਵਰਾਇਟੀ ਪ੍ਰੋਗਰਾਮ 'ਸ਼ਾਮ ਸੰਧੂਰੀ' ਵਿੱਚ ਉਸ ਤੇ ਆਏ ਗੀਤ "ਜਿਹਦੇ ਮੂੰਹ ਨੂੰ ਲੱਗ ਜਾਵੇ ਯਾਰੋ ਖੰਡ ਮਿਸ਼ਰੀ, ਉਥੇ ਲੂਣ ਦੀਆਂ ਡਲੀਆਂ ਨੂੰ ਕੌਣ ਪੁੱਛਦਾ" ਨੇ ਸੰਗੀਤਕ ਖੇਤਰ ਵਿੱਚ ਅਜਿਹੀ ਤਰਥੱਲੀ ਮਚਾਈ ਕੇ ਉਸ ਨੂੰ ਦਿਨ ਚੜ੍ਹਦਿਆਂ ਹੀ ਲੋਕਾਂ ਨੇ ਹੱਥਾਂ ਤੇ ਚੁੱਕ ਲਿਆ ਜਾਂ ਇੰਝ ਕਹਿ ਲਓ ਕਿ ਇਹ ਗੀਤ "ਖੰਡ ਮਿਸ਼ਰੀ" ਉਸ ਦੀ ਪਹਿਚਾਣ ਬਣਾਉਣ ਵਿੱਚ ਸੋਲਾਂ ਆਨੇ ਸੰਪੂਰਨ ਕਲਾ ਦਾ ਰੋਲ ਨਿਭਾ ਗਿਆ। ਪ੍ਰਸਿੱਧ ਸੰਗੀਤ ਸਮਰਾਟ ਉਸਤਾਦ ਚਰਨਜੀਤ ਅਹੂਜਾ ਨੇ ਉਸ ਦੀ ਟੇਪ 1996 ਵਿੱਚ "ਲੋਂਗ ਬੁਰਜੀਆਂ ਵਾਲਾ" ਦੇ ਟਾਈਟਲ ਹੇਠ ਰਿਲੀਜ ਕੀਤੀ। ਜਿਸ ਦੇ ਗਾਣਿਆਂ ਨੂੰ ਲੋਕਾਂ ਨੇ ਮੋਹ ਦੀਆਂ ਤਲੀਆਂ ਤੇ ਰੱਖ ਕੇ ਮੁਹੱਬਤਾਂ ਦਾ ਤਾਜ ਪਹਿਨਾ ਦਿੱਤਾ। ਉਸ ਦੀਆਂ ਲਗਾਤਾਰ ਆਈਆਂ ਟੇਪਾਂ ਵਿੱਚ "ਆਹ ਪਿੰਡ ਸੱਜਣਾਂ ਦਾ" "ਕੋਸ਼ਿਸ਼" 'ਪੀਂਘ ਸਾਡੀ ਤੇ ਹੁਲਾਰਾ ਕਿਸੇ ਹੋਰ ਦਾ, 'ਸਾਥੋਂ ਕੀ ਛੁਪਾਉਂਦੀ ਵੈਰਨੇ,' ਤੇਰੇ ਪਿਆਰ ਨੇ ਸਿਖਾਇਆ ਸਾਨੂੰ ਰੋਣਾ ਨਹੀਂ ਸੀ ਆਉਂਦਾ, 'ਭੁੱਲ ਨਹੀਂ ਸਕਦੀ ਤੈਨੂੰ ਦਿਲ ਤੋਂ ਲਾ ਕੇ ਬਹਿ ਗਈ ਆਂ ,ਮੈਂ ਤੇਰੇ ਲਈ ਜਾਨ ਦੁੱਖਾਂ ਵਿੱਚ ਪਾ ਕੇ ਬਹਿ ਗਈ ਆਂ" 'ਦਿਨ ਰਾਤੀਂ ਵੇ ਸੱਜਣਾ ਤੇਰੀ ਯਾਦ ਸਤਾਉਂਦੀ ਏ ' "ਹਾਲ ਚਾਲ ਤੇ ਠੀਕ ਜਿਹਾ ਪਰ ਪਹਿਲਾਂ ਵਰਗਾ ਨਹੀਂ, "ਮੋਰੀ ਦੀ ਨੀ ਲੱਗਦੀ ਇੱਟ ਚੁਬਾਰੇ ਨੂੰ" 'ਕਿਹੜੀ ਘੜੀ ਅਸੀਂ ਤੈਨੂੰ ਪਿਆਰ ਕਰ ਬੈਠੇ ਹਾਂ ' "ਤੱਕਣੀ" "ਕੰਡਿਆਂ ਤੋਂ ਬਚਦੇ ਫਿਰਦੇ ਸੀ ਫੁੱਲਾਂ ਤੋਂ ਜਖਮੀ ਹੋ ਗਏ ਆਂ" "ਸੋਚਿਆ ਵੀ ਨਾ ਮੇਰੇ ਦਿਲ ਦੀ ਰਾਣੀ ਦੂਰ ਹੋ ਗਈ" "ਮਰ ਜਾਣੀਏ ਤੂੰ ਆਉਣ ਦਾ ਵਾਅਦਾ ਕਰਕੇ ਤੇ ਸਹੀ, ਸਾਰੀ ਉਮਰ ਉਡੀਕਾਂ ਕਰ ਲਾਂ ਗੇ, ਅਨੇਕਾਂ ਸੁਪਰ ਡੁਪਰ ਹਿੱਟ ਗੀਤ ਟੇਪਾਂ ਰਾਹੀਂ ਪੰਜਾਬੀਆਂ ਦੀ ਝੋਲੀ ਪਾਏ। ਉਹ ਆਪਣੇ ਫਰੈਂਡ ਸਰਕਲ ਵਿੱਚ ਗੀਤਕਾਰ ਨਰਿੰਦਰ ਜੱਗੀ, ਪ੍ਰੋਫੈਸਰ ਗੁਰਨਾਮ ਸਿੰਘ, ਅਮਰਦੀਪ ਗਿੱਲ, ਜਸਵੀਰ ਗੁਣਾਚੌਰੀਆ, ਸੱਤਾ ਕੋਟਲੀ ਵਾਲਾ, ਸਾਜਨ ਕੁਹਾੜ, ਉਂਕਾਰ ਬਲਵੰਤ, ਬੱਲ ਬੁਤਾਲੇ ਵਾਲਾ, ਜੱਸਾ ਫਤਿਹਪੁਰੀਆ, ਬਿੱਲੂ ਬਲੀਪੁਰੀਆ ਸਮੇਤ ਕਈ ਹੋਰ ਸੱਜਣਾਂ ਦਾ ਤਹਿ ਦਿਲ ਤੋਂ ਧੰਨਵਾਦੀ ਰਿਹਾ, ਜਿਨਾਂ ਨੇ ਉਸ ਦੇ ਸਮੇਂ ਸਮੇਂ ਬਾਂਹ ਫੜਕੇ ਉਸ ਨੂੰ ਕਾਮਯਾਬੀ ਦੀ ਮੰਜ਼ਿਲ ਵੱਲ ਤੋਰਿਆ। ਪੰਜਾਬ ਵਿੱਚ ਲੱਗਣ ਵਾਲੇ ਅਨੇਕਾਂ ਸੱਭਿਆਚਾਰਕ ਮੇਲਿਆਂ ਵਿੱਚ ਉਸਦਾ ਮਾਣ ਸਨਮਾਨ ਆਪਣੇ ਆਪ ਵਿੱਚ ਇੱਕ ਪਹਿਚਾਣ ਹੈ। ਇਸ ਤੋਂ ਇਲਾਵਾ ਵੱਖ-ਵੱਖ ਮੁਲਕਾਂ ਵਿੱਚ ਉਸਨੇ ਆਪਣੀ ਗਾਇਕੀ ਦੀ ਧਾਂਕ ਜਮਾਈ ਅਤੇ ਅਨੇਕਾਂ ਕੰਟਰੀਆਂ ਵਿੱਚ ਉਸਨੇ ਸਟੇਜ ਸ਼ੋਅ ਕਰਕੇ ਆਪਣੇ ਸੰਗੀਤ ਦਾ ਜਾਦੂ ਪੰਜਾਬੀ ਸਰੋਤਿਆਂ ਦੇ ਦਿਲਾਂ ਵਿੱਚ ਬਖੇਰਿਆ। ਹਾਲ ਹੀ ਵਿੱਚ ਉਸ ਨੇ ਆਪਣੀ ਚੁੱਪ ਤੋੜਦਿਆਂ ਇੱਕ ਖੂਬਸੂਰਤ ਟ੍ਰੈਕ ਆਰ ਜੇ ਬੀਟਸ ਯੂਐਸਏ ਅਤੇ ਪ੍ਰੋਡਿਊਸਰ ਰਾਮ ਭੋਗਪੁਰੀਆ ਦੀ ਅਗਵਾਈ ਹੇਠ "ਤੂੰ ਵੀ ਭੁੱਲ ਜਾਹ" ਟਾਈਟਲ ਹੇਠ ਰਿਲੀਜ਼ ਕੀਤਾ। ਜਿਸ ਦੀ ਪ੍ਰਮੋਸ਼ਨ ਲਈ ਪੰਜਾਬ ਦੇ ਸਮੁੱਚੇ ਸੀਨੀਅਰ ਕਲਾਕਾਰਾਂ ਨੇ ਆਪਣੀਆਂ ਸ਼ੁਭਕਾਮਨਾਵਾਂ ਸੋਸ਼ਲ ਮੀਡੀਆ ਰਾਹੀਂ ਗਾਇਕ ਸੁਰਿੰਦਰਜੀਤ ਮਕਸੂਦਪੁਰੀ ਨੂੰ ਦਿੱਤੀਆਂ। ਉਸ ਦੇ ਇਸ ਖੂਬਸੂਰਤ ਟ੍ਰੈਕ ਨੂੰ ਤਾਰੀ ਬੀਟ ਬਰੇਕਰਸ ਦੇ ਮਿਊਜਿਕ ਨੇ ਸ਼ਿੰਗਾਰਿਆ ਤੇ ਇਸ ਨੂੰ ਡਿੰਪਾ ਚੀਮਾ ਬਾਠ ਨੇ ਕਲਮਬੱਧ ਕੀਤਾ। ਮੁਨੀਸ਼ ਸ਼ਰਮਾ ਇਸ ਟਰੈਕ ਦੇ ਡਾਇਰੈਕਟਰ ਬਣੇ ਅਤੇ ਲੋਕ ਕਚਹਿਰੀ ਵਿੱਚ ਇਸ ਗੀਤ ਨੂੰ ਪ੍ਰਵਾਨਗੀ ਲਈ ਪੇਸ਼ ਕੀਤਾ। ਅੱਜਕੱਲ੍ਹ ਸੁਰਿੰਦਰਜੀਤ ਮਕਸੂਦਪੁਰੀ ਪੱਕੇ ਤੌਰ ਤੇ ਕਨੇਡਾ ਦੇ ਮੋਂਟਰਿਅਲ ਸ਼ਹਿਰ ਵਿੱਚ ਪ੍ਰਵਾਸ ਕਰ ਚੁੱਕਾ ਹੈ ਅਤੇ ਪਰਿਵਾਰ ਨਾਲ ਆਪਣੀ ਸਕੂਨ ਭਰੀ ਜਿੰਦਗੀ ਬਿਤਾਉਂਦਿਆਂ ਪੰਜਾਬੀ ਮਾਂ ਬੋਲੀ ਦੀ ਸੇਵਾ ਆਪਣੀ ਗਾਇਕੀ ਰਾਹੀਂ ਕਰ ਰਿਹਾ ਹੈ। ਮਕਸੂਦਪੁਰੀ ਦਾ ਕਹਿਣਾ ਹੈ ਕਿ ਉਹ ਹੁਣ ਲਗਾਤਾਰ ਨਾਨ ਸਟਾਪ ਆਪਣੇ ਨਵੇਂ ਗੀਤਾਂ ਰਾਹੀਂ ਸਰੋਤਿਆਂ ਦੇ ਰੂਬਰੂ ਹੁੰਦਾ ਰਹੇਗਾ। ਪ੍ਰਮਾਤਮਾ ਕਰੇ ਉਸ ਦੀ ਗਾਇਕੀ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਦੀ ਪਹਿਲਾਂ ਵਾਂਗ ਸਰੋਤਿਆਂ ਦੇ ਦਿਲਾਂ ਤੇ ਅਮਿੱਟ ਛਾਪ ਛੱਡਦੀ ਰਹੇ। ਮੇਰੀ ਇਹੀ ਦਿਲੀ ਦੁਆ ਹੈ, ਆਮੀਨ।



# 'ਗੁਰਬਾਣੀ ਮੁਤਾਬਿਕ ਗੁਰੂਆਂ ਭਗਤਾਂ ਵਿੱਚ ਕੋਈ ਫ਼ਰਕ ਨਹੀਂ'



ਮੇਜਰ ਸਿੰਘ 'ਬੁਢਲਾਡਾ'
94176 42327

'ਗੁਰੂ-ਭਗਤ' ਦਾ ਮਸਲਾ ਕ ਈ ਸਾਲਾਂ ਤੋਂ ਉਭਰਦਾ ਆ ਰਿਹਾ ਹੈ। ਅਸਲ ਵਿੱਚ 'ਭਗਤ' ਸ਼ਬਦ ਨੂੰ ਅਖੌਤੀ ਨੀਵੀਂ ਜਾਤ ਨਾਲ ਸਬੰਧਤ ਮਹਾਂਪੁਰਖਾਂ ਦੇ ਵਿਰੋਧੀਆਂ ਨੇ, 'ਗੁਰੂ' ਅਤੇ 'ਭਗਤ' ਸ਼ਬਦ ਨੂੰ ਇਸ ਢੰਗ ਨਾਲ ਪ੍ਰਚਾਰਿਆ, ਕਿ ਲੋਕਾਂ ਨੂੰ ਇਹ ਮਹਿਸੂਸ ਹੋਵੇ 'ਗੁਰੂ' ਵੱਡੇ ਹੁੰਦੇ ਹਨ 'ਭਗਤ' ਛੋਟੇ।

ਗੁਰਬਾਣੀ ਤੋਂ ਅਣਜਾਣ ਬਹੁਤੇ ਪ੍ਰਚਾਰਕਾਂ ਸਮੇਤ ਆਮ ਲੋਕਾਂ ਨੇ ਭਗਤਾਂ ਦੇ ਵਿਰੋਧੀ ਲੋਕਾਂ ਦੇ ਇਸ (ਗੁਰੂ ਵੱਡੇ,ਭਗਤ ਛੋਟੇ ਵਾਲੇ) ਝੂਠ ਨੂੰ, ਸੱਚ ਮੰਨ ਲਿਆ ਜਿਸ ਕਰਕੇ ਇਹ 'ਗੁਰੂ ਤੇ ਭਗਤ' ਵਾਲਾ ਮਸਲਾ ਖੜ੍ਹਾ ਹੋਇਆ ਹੈ ਜੋ ਕਿ ਸੱਚ ਨਹੀਂ ਹੈ।

ਭਾਵੇਂ ਇਹਨਾਂ ਪੰਦਰਾਂ ਭਗਤਾਂ ਨੂੰ ਜ਼ਾਤ ਮੁਤਾਬਿਕ ਮੰਨਣ ਵਾਲਿਆਂ ਵਿੱਚੋਂ ਹੋਰਾਂ ਨੇ ਤਾਂ ਕਦੇ ਕੋਈ ਇਤਰਾਜ਼ ਨਹੀਂ ਕੀਤਾ ਪਰ ਰਵਿਦਾਸ ਜੀ ਨੂੰ ਮੰਨਣ ਵਾਲਿਆਂ ਨੇ ('ਭਗਤ' ਸ਼ਬਦ ਨੂੰ ਛੋਟਾ ਸਮਝਕੇ) ਇਤਰਾਜ਼ ਕਰਨਾ ਸ਼ੁਰੂ ਕਰ ਦਿੱਤਾ ਅਤੇ ਕੁਝ ਲੋਕਾਂ ਵੱਲੋਂ ਬੇਸਮਝੀ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਤਿਆਰ ਕਰਨ ਵਾਲੇ ਗੁਰੂ ਅਰਜਨ ਸਾਹਿਬ ਜੀ ਤੇ ਵੀ ਉਂਗਲ ਉਠਾਉਣ ਦੀ ਗੁਸਤਾਖ਼ੀ ਕੀਤੀ ਜਾ ਰਹੀ ਹੈ, ਕਿ ਗੁਰੂ ਰਵਿਦਾਸ ਜੀ ਨੂੰ ਭਗਤ ਕਿਉਂ ਲਿਖਿਆ।

ਜੇ ਕਿਤੇ ਸਿੱਖ ਕੌਮ ਦੇ ਆਗੂਆਂ ਅਤੇ ਪ੍ਰਚਾਰਕਾਂ ਨੇ ਗੁਰਬਾਣੀ ਨੂੰ ਸਹੀ ਢੰਗ ਨਾਲ ਸਮਝਿਆ ਤੇ ਪ੍ਰਚਾਰਿਆ ਹੁੰਦਾ, ਜਾ ਲੋਕਾਂ ਨੂੰ ਗੁਰਬਾਣੀ ਦੀ ਸਮਝ ਹੁੰਦੀ
ਨਾ ਤਾਂ ਇਹ ਮਸਲਾ ਖੜ੍ਹਾ ਹੋਣਾ ਸੀ ਅਤੇ ਨਾ ਕੋਈ ਹੋਰ।

ਸਿੱਖ ਕੌਮ ਦੀ ਸਿਰਮੌਰ ਜਥੇਬੰਦੀ ਅਤੇ ਅਕਾਲ ਤਖ਼ਤ ਦੇ ਕਿਸੇ ਵੀ ਜਥੇਦਾਰ ਨੇ ਕਦੇ ਇਹ ਗੱਲ ਦਾ ਨੋਟਿਸ ਤਾਂ ਕੀ ਲੈਣਾ ਸੀ,ਸਗੋਂ ਇਹਨਾਂ ਨੇ ਵੀ ਇਹਨਾਂ ਮਹਾਂਪੁਰਖਾਂ ਨੂੰ ਬਣਦਾ ਸਤਿਕਾਰ ਨਹੀਂ ਦਿਤਾ, ਨਾ ਤਾਂ ਇਹਨਾਂ ਦੇ ਨਾਮ ਤੇ ਕੋਈ ਯਾਦਗਾਰ ਨਾ ਬਣਾਈ, ਨਾ ਕਦੇ ਇਹਨਾਂ ਦੇ ਜਨਮ ਦਿਹਾੜੇ ਆਦਿ ਹੀ ਮਨਾਏ ਅਤੇ ਨਾ ਹੀ ਦਲਿਤ ਵਰਗਾਂ ਲਈ ਇਹਨਾਂ ਕਦੇ ਕੋਈ ਹਮਦਰਦੀ ਦਿਖਾਕੇ ਸਿੱਖੀ ਨਾਲ ਜੋੜਨ ਲਈ ਕੋਈ ਵਿਸ਼ੇਸ਼ ਉਪਰਾਲਾ ਕੀਤਾ।ਜਿਸ ਕਰਕੇ ਇਹਨਾਂ ਰਹਿਬਰਾਂ ਨੂੰ ਮੰਨਣ ਵਾਲਿਆਂ ਦੇ ਮਨਾਂ ਅੰਦਰ ਰੋਸ ਉਤਪੰਨ ਹੋਣਾ ਕੁਦਰਤੀ ਹੈ।

ਆਓ ਹੁਣ ਆਪਾਂ ਗੁਰਬਾਣੀ ਰਾਹੀਂ 'ਭਗਤ' ਸ਼ਬਦ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।ਗੁਰੂ ਅਰਜਨ ਸਾਹਿਬ ਜੀ ਦੀ ਨਿਗਾਹ ਵਿੱਚ 'ਭਗਤ' ਕੌਣ ਹੈ ? ਇਹ ਗੱਲ ਸਭ ਤੋਂ ਪਹਿਲਾਂ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਪਹਿਲੇ ਗੁਰੂ ਨਾਨਕ ਸਾਹਿਬ ਲਈ 'ਭਗਤ' ਸ਼ਬਦ ਵਰਤਕੇ ਸਾਫ਼ ਕਰ ਦਿੱਤਾ ਸੀ ਕਿ 'ਭਗਤ' ਕੌਣ ਹੈ? ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ -
''ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੩॥'' (ਪੰਨਾ 1386)

ਜਿਸ ਦੀ ਵਿਆਖਿਆ ਮੁਤਾਬਿਕ - ਜਨ ਨਾਨਕ ਪ੍ਰਮਾਤਮਾ ਦੀ ਭਗਤੀ ਕਾਰਨ ਅਕਾਲ ਪੁਰਖ ਦੇ ਦਰ ਪ੍ਰਵਾਨ ਹੋ ਗਿਆ ਅਤੇ ਉਹ ਪ੍ਰਮਾਤਮਾ ਦਾ ਹੀ ਰੂਪ ਹੋ ਗਿਆ , ਇਸ ਲਈ ਮੇਰੀ ਜੀਭ ਉਸਦੀ ਵਡਿਆਈ ਕਿਵੇਂ ਕਰ ਸਕਦੀ ਹੈ, ਇਸ ਲਈ ਉਹ ਭਗਤ ਹੈ, ਜਿਸ ਦਾ ਪ੍ਰਮਾਤਮਾ ਨਾਲ ਮੇਲ ਹੋਣ ਤੇ ਜ਼ੋ ਪ੍ਰਮਾਤਮਾ ਦਾ ਹੀ ਰੂਪ ਹੋ ਜਾਵੇ, ਪ੍ਰਮਾਤਮਾ ਤੇ ਭਗਤ ਵਿੱਚ ਕੋਈ ਫਰਕ ਹੀ ਨਾ ਰਹੇ।(ਪ੍ਰੋ ਸਾਹਿਬ ਸਿੰਘ)

ਫਿਰ ਭੱਟ 'ਕਲ੍ਹ' ਜੀ ਵੱਲੋਂ ਗੁਰੂ ਅਰਜਨ ਸਾਹਿਬ ਲਈ ਵੀ ਗੁਰੂ ਗ੍ਰੰਥ ਸਾਹਿਬ ਅੰਦਰ ਭਗਤ ਸ਼ਬਦ ਵਰਤਿਆ ਗਿਆ ਹੈ :-
''ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥
(ਪੰਨਾ 1407)

ਭਗਤ ਸ਼ਬਦ ਸਬੰਧੀ ਗੁਰੂ ਅਮਰਦਾਸ ਜੀ ਕਹਿੰਦੇ ਹਨ:- "ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ, ਜਿਸਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ॥ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤਰ ਹਮ ਕਉ, ਸਭ ਸਮ ਦ੍ਰਿਸਟਿ ਦਿਖਾਈ॥" (ਪੰਨਾ-594) ਗੁਰੂ ਅਮਰਦਾਸ ਜੀ ਤਾਂ ਸਿਧਾ ਹੀ 'ਭਗਤਾਂ' ਨੂੰ 'ਸਤਿਗੁਰੂ'ਅਤੇ 'ਸਤਿਗੁਰਾਂ' ਨੂੰ 'ਭਗਤ' ਕਹਿੰਦੇ ਨੇ, ਕਿ ਅਸੀ ਹਰਿ ਦੇ ਭਗਤ ਸਤਿਗੁਰ ਦੀ ਸੇਵਾ ਤੇ ਹਰਿ (ਪ੍ਰਮਾਤਮਾ) ਨਾਮ ਨਾਲ ਲਿਵ ਲਾਈ ਹੈ।

ਜੇ ਗੁਰੂ ਤੇ ਭਗਤ ਵਿੱਚ ਫਰਕ ਹੁੰਦਾ, ਫਿਰ ਗੁਰੂ ਅਮਰਦਾਸ ਜੀ ਨੇ ਵੀ ਭਗਤ ਸ਼ਬਦ ਤੋਂ ਗ਼ੁਰੇਜ਼ ਕਰਕੇ ਗੁਰੂ ਸ਼ਬਦ ਵਰਤਣਾ ਸੀ। ਇਹਨਾਂ ਤੋਂ ਬਾਅਦ ਗੁਰੂ ਰਾਮਦਾਸ ਜੀ ਕਹਿੰਦੇ ਹਨ:- "ਭਗਤ ਜਨਾ ਕੀ ਉਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ॥ ਸਫਲ ਜਨਮ ਭਇਆ ਤਿਨ ਕੇਰਾ, ਆਪ ਤਰੇ ਸਗਲੀ ਕੁਲ ਤਾਰੀ॥" (ਪੰਨਾ-507) ਕੀ ਹੁਣ ਇਹ ਸਮਝਿਆ ਜਾਵੇ, ਇਕਲੇ 'ਭਗਤ ਸਹਿਬਾਨਾਂ' ਦੀ ਹੀ ਬਾਣੀ ਉਤਮ ਹੈ, ਗੁਰੂਆਂ ਦੀ ਨਹੀਂ?

**ਜੇ ਗੁਰੂ ਰਾਮਦਾਸ ਜੀ ਆਦਿ ਦੇ ਮਨ ਵਿੱਚ ਗੁਰੂ ਵੱਡੇ, ਭਗਤ ਛੋਟੇ ਹੁੰਦੇ ਫਿਰ ਤਾਂ ਉਹਨਾਂ ਨੇ ਐਦਾਂ ਥੋੜਾ ਲਿਖਣਾ ਸੀ ? ਫਿਰ ਤਾਂ ਬਾਣੀ ਵਿੱਚ ਇਹ ਲਿਖਦੇ 'ਗੁਰੂ ਜਨਾ ਦੀ ਉੱਤਮ ਬਾਣੀ ਜਾਂ ਫਿਰ ਗੁਰੂ ਸਹਿਬਾਨਾਂ ਦੀ ਉੱਤਮ ਬਾਣੀ'। ਹੋਰ ਬਹੁਤ ਸਾਰੇ ਸ਼ਬਦ ਹਨ ਜਿਵੇਂ 'ਭਗਤ, ਸੰਤ, ਸਾਧ, ਆਦਿ ਜਿਹਨਾਂ ਦੀ ਧੂੜ ਮੱਥੇ ਨਾਲ ਲਾਉਣ ਲਈ ਫੁਰਮਾਣ ਮਿਲਦੇ ਹਨ। ਇਸ ਲਈ ਸੰਤ, ਸਾਧੂ, ਭਗਤ, ਬ੍ਰਹਮਗਿਆਨੀ, ਸਤਿਗੁਰੂ' ਆਦਿ ਵਿਚ ਕੋਈ ਫਰਕ ਹੀ ਨਹੀਂ ਹੈ। ਇਹ ਗੱਲ ਗੁਰਬਾਣੀ ਵਿਚ ਸਾਡੇ ਗੁਰੂ ਸਹਿਬਾਨਾਂ ਵੱਲੋਂ ਵਰਤੇ ਸ਼ਬਦ ਸਪਸ਼ਟ ਕਰਦੇ ਹਨ। ਇਸ ਲਈ 'ਗੁਰੂਆਂ' ਅਤੇ 'ਭਗਤਾਂ' ਵਿਚੋਂ ਸਾਨੂੰ ਕੋਈ ਵੀ ਵੱਡਾ-ਛੋਟਾ ਨਜਰ ਨਹੀਂ ਆਉਣਾ ਚਾਹੀਂਦਾ। ਕਿਉਂਕਿ ਇਹਨਾਂ ਸਾਰਿਆ ਦੀ ਇਕ ਹੀ ਵਿਚਾਰਧਾਰਾ ਹੈ, ਇਕ ਹੀ ਮਿਸ਼ਨ ਹੈ ਅਤੇ ਇਹਨਾਂ ਸਾਰੇ ਮਹਾਂਪੁਰਸ਼ਾ ਨੇ ਕੁਰਾਹੇ ਪਏ ਲੋਕਾਂ ਨੂੰ ਜ਼ਾਤ-ਪਾਤ, ਵਹਿਮਾਂ-ਭਰਮਾਂ ਅਤੇ ਝੂਠ ਦੀ ਦਲ ਦਲ ਵਿਚ ਗਲ ਤੱਕ ਫਸਿਆਂ ਲੋਕਾਂ ਨੂੰ ਬਾਹਰ ਕੱਢਕੇ 'ਇਕ' ਨਾਲ ਜੋੜਨ ਦਾ ਜ਼ੋਰਦਾਰ ਯਤਨ ਕੀਤਾ ਹੈ ਅਤੇ ਮਜਲੂਮਾਂ ਦੇ ਹੱਕਾਂ ਲਈ ਹੱਕ-ਸੱਚ ਦੀ ਅਵਾਜ ਬੁਲੰਦ ਕੀਤੀ।**

ਜੇ ਗੁਰੂ ਰਾਮਦਾਸ ਜੀ ਆਦਿ ਦੇ ਮਨ ਵਿੱਚ ਗੁਰੂ ਵੱਡੇ, ਭਗਤ ਛੋਟੇ ਹੁੰਦੇ ਫਿਰ ਤਾਂ ਉਹਨਾਂ ਨੇ ਐਦਾਂ ਥੋੜਾ ਲਿਖਣਾ ਸੀ ? ਫਿਰ ਤਾਂ ਬਾਣੀ ਵਿੱਚ ਇਹ ਲਿਖਦੇ 'ਗੁਰੂ ਜਨਾ ਦੀ ਉੱਤਮ ਬਾਣੀ ਜਾਂ ਫਿਰ ਗੁਰੂ ਸਹਿਬਾਨਾਂ ਦੀ ਉੱਤਮ ਬਾਣੀ'।

ਹੋਰ ਬਹੁਤ ਸਾਰੇ ਸ਼ਬਦ ਹਨ ਜਿਵੇਂ 'ਭਗਤ, ਸੰਤ, ਸਾਧ, ਆਦਿ ਜਿਹਨਾਂ ਦੀ ਧੂੜ ਮੱਥੇ ਨਾਲ ਲਾਉਣ ਲਈ ਫੁਰਮਾਣ ਮਿਲਦੇ ਹਨ। ਇਸ ਲਈ ਸੰਤ, ਸਾਧੂ, ਭਗਤ,

ਬ੍ਰਹਮਗਿਆਨੀ, ਸਤਿਗੁਰੂ' ਆਦਿ ਵਿਚ ਕੋਈ ਫਰਕ ਹੀ ਨਹੀਂ ਹੈ। ਇਹ ਗੱਲ ਗੁਰਬਾਣੀ ਵਿਚ ਸਾਡੇ ਗੁਰੂ ਸਹਿਬਾਨਾਂ ਵੱਲੋਂ ਵਰਤੇ ਸ਼ਬਦ ਸਪਸ਼ਟ ਕਰਦੇ ਹਨ। ਇਸ ਲਈ 'ਗੁਰੂਆਂ' ਅਤੇ 'ਭਗਤਾਂ' ਵਿਚੋਂ ਸਾਨੂੰ ਕੋਈ ਵੀ ਵੱਡਾ-ਛੋਟਾ ਨਜਰ ਨਹੀਂ ਆਉਣਾ ਚਾਹੀਂਦਾ। ਕਿਉਂਕਿ ਇਹਨਾਂ ਸਾਰਿਆ ਦੀ ਇਕ ਹੀ ਵਿਚਾਰਧਾਰਾ ਹੈ, ਇਕ ਹੀ ਮਿਸ਼ਨ ਹੈ ਅਤੇ ਇਹਨਾਂ ਸਾਰੇ ਮਹਾਂਪੁਰਸ਼ਾ ਨੇ ਕੁਰਾਹੇ ਪਏ ਲੋਕਾਂ ਨੂੰ ਜ਼ਾਤ-ਪਾਤ, ਵਹਿਮਾਂ-ਭਰਮਾਂ ਅਤੇ ਝੂਠ ਦੀ ਦਲ ਦਲ ਵਿਚ ਗਲ ਤੱਕ ਫਸਿਆਂ ਲੋਕਾਂ ਨੂੰ ਬਾਹਰ ਕੱਢਕੇ 'ਇਕ' ਨਾਲ ਜੋੜਨ ਦਾ ਜ਼ੋਰਦਾਰ ਯਤਨ ਕੀਤਾ ਹੈ ਅਤੇ ਮਜਲੂਮਾਂ ਦੇ ਹੱਕਾਂ ਲਈ ਹੱਕ-ਸੱਚ ਦੀ ਅਵਾਜ ਬੁਲੰਦ ਕੀਤੀ।

ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਗਰੰਥ ਸਹਿਬ ਅੰਦਰ ਇਕੱਤਰ ਕੀਤੀ ਬਾਣੀ ਆਪਣਿਆਂ ਦੀ ਹੀ ਦਰਜ ਕੀਤੀ ਹੈ; ਗੈਰਾਂ ਦਾ ਇਸ ਵਿਚ ਕੀ ਕੰਮ? ਇਸ ਲਈ ਸਾਡੇ ਗੁਰੂ ਸਹਿਬਾਨਾਂ ਦੀਆਂ ਨਜਰਾਂ ਵਿਚ ਕੋਈ ਵੱਡਾ-ਛੋਟਾ ਨਹੀਂ ਸੀ। ਫਿਰ ਜਦ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੋ ਗਿਆ ਤਾਂ ਇਸ ਵਿਚਲੀ ਸਾਰੀ ਬਾਣੀ ਹੀ ਗੁਰੂ ਦੀ ਬਾਣੀ ਬਣ ਗ ਈ ਹੈ ਇਹਦੇ ਵਿੱਚ ਕਾਹਦਾ ਫਰਕ ਹੈ?

ਇਹਨਾਂ ਗੁਰੂ ਸਹਿਬਾਨਾਂ ਤੋਂ ਇਲਾਵਾ ਸੰਤ/ਭਗਤ/ਗੁਰੂ ਰਵਿਦਾਸ ਜੀ ਨੇ ਵੀ ਆਪਣੀ ਬਾਣੀ ਅੰਦਰ 'ਭਗਤ' ਸ਼ਬਦ ਦੀ ਵਰਤਕੇ ਕਰਕੇ ਸਪਸ਼ਟ ਕੀਤਾ ਹੈ ਕਿ 'ਭਗਤ' ਤੋਂ ਵੱਡਾ ਕੋਈ ਨਹੀਂ ਹੈ-
''ਜਿਹ ਕੁਲ ਸਾਧੁ ਬੈਸਨੌ ਹੋਇ ॥ ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ॥

ਜਿਸ ਕਿਸੇ ਭੀ ਕੁਲ ਵਿਚ ਪਰਮਾਤਮਾ ਦਾ ਬੈਸਨੌ (ਭਗਤ) ਜੰਮ ਪਏ, ਚਾਹੇ ਉਹ ਕਿਸੇ ਵੀ ਜਾਤ ਦਾ ਹੈ ਚਾਹੇ ਨੀਵੀਂ ਜਾਤ ਦਾ, ਚਾਹੇ ਕੰਗਾਲ ਹੈ ਚਾਹੇ ਧਨਾਢ, ਹੈ,ਉਹ 'ਭਗਤ' ਜਗਤ ਵਿਚ ਨਿਰਮਲ ਸੋਭਾ ਵਾਲਾ ਮਸ਼ਹੂਰ ਹੁੰਦਾ ਹੈ। ਨੋਟ ਕਰਨ ਵਾਲੀ ਗੱਲ ਹੈ ਇਥੇ ਵੀ 'ਭਗਤ' ਦੀ ਵਡਿਆਈ ਕੀਤੀ ਹੈ, 'ਭਗਤ' ਵਡਿਆਈ ਯੋਗ ਹੈ।

ਬ੍ਰਹਮਨ ਬੈਸ ਸੂਦ ਅਰੁ ਖੵਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥ ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥ ਕੋਈ ਬ੍ਰਾਹਮਣ ਹੋਵੇ, ਖੱਤ੍ਰੀ ਹੋਵੇ, ਡੂਮ ਚੰਡਾਲ ਜਾਂ ਮਲੀਨ ਮਨ ਵਾਲਾ ਹੋਵੇ, ਪਰਮਾਤਮਾ ਦੇ ਭਜਨ ਨਾਲ ਮਨੁੱਖ ਪਵਿਤ੍ਰ ਹੋ ਜਾਂਦਾ ਹੈ; ਉਹ ਆਪ ਵੀ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ ਅਤੇ ਆਪਣੀਆਂ ਦੋਵੇਂ ਕੁਲਾਂ ਭੀ ਤਾਰ ਲੈਂਦਾ ਹੈ।
ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥ ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥

ਸੰਸਾਰ ਵਿਚ ਉਹ ਪਿੰਡ ਮੁਬਾਰਿਕ ਹੈ, ਉਹ ਥਾਂ ਧੰਨ ਹੈ, ਉਹ ਪਵਿਤ੍ਰ ਕੁਲ ਭਾਗਾਂ ਵਾਲੀ ਹੈ, (ਜਿਸ ਵਿਚ ਜੰਮ ਕੇ) ਕਿਸੇ ਨੇ ਪਰਮਾਤਮਾ ਦੇ ਨਾਮ ਦਾ ਸ੍ਰੇਸ਼ਟ ਰਸ ਪੀਤਾ ਹੈ, ਹੋਰ (ਮੰਦੇ) ਰਸ ਛਡੇ ਹਨ, ਤੇ, ਪ੍ਰਭੂ ਦੇ ਨਾਮ-ਰਸ ਵਿਚ ਮਸਤ ਹੋ ਕੇ (ਵਿਕਾਰ-ਵਾਸ਼ਨਾ ਦਾ) ਜ਼ਹਿਰ (ਆਪਣੇ ਅੰਦਰੋਂ) ਨਾਸ ਕਰ ਦਿੱਤਾ ਹੈ।੨।
ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥ ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥
(ਪੰਨਾ-858)

ਪੰਡਿਤ ਚਾਹੇ ਜਿੱਡਾ ਵੱਡਾ ਵਿਦਵਾਨ ਹੋਵੇ, ਚਾਹੇ ਕੋਈ ਸੂਰਮਾ ਹੋਵੇ, ਚਾਹੇ ਕੋਈ ਛੱਤਰਪਤੀ ਰਾਜਾ ਹੋਵੇ। ਕੋਈ ਭੀ ਮਨੁੱਖ ਪਰਮਾਤਮਾ ਦੇ 'ਭਗਤ' ਦੇ ਬਰਾਬਰ ਦਾ ਨਹੀਂ ਹੋ ਸਕਦਾ। ਰਵਿਦਾਸ ਆਖਦਾ ਹੈ-ਭਗਤਾਂ ਦਾ ਹੀ ਜੰਮਣਾ ਜਗਤ ਵਿਚ ਮੁਬਾਰਿਕ ਹੈ (ਉਹ ਪ੍ਰਭੂ ਦੇ ਚਰਨਾਂ ਵਿਚ ਰਹਿ ਕੇ ਹੀ ਜੀਉ ਸਕਦੇ ਹਨ) , ਜਿਵੇਂ ਚੁਪੱਤੀ ਪਾਣੀ ਦੇ ਨੇੜੇ ਰਹਿ ਕੇ ਹੀ (ਹਰੀ) ਰਹਿ ਸਕਦੀ ਹੈ।(ਪ੍ਰੋ ਸਾਹਿਬ ਸਿੰਘ)

ਇਸ ਸ਼ਬਦ ਤੋਂ ਸਾਫ ਹੁੰਦਾ ਹੈ ਜੇ ਭਗਤ ਤੇ ਗੁਰੂ ਵਿੱਚ ਕੋਈ ਫਰਕ ਹੁੰਦਾ, ਜਾਂ ਗੁਰੂ ਵੱਡਾ ਹੁੰਦਾ, ਤਾਂ ਫਿਰ ਰਵਿਦਾਸ ਜੀ ਨੇ ਤਾਂ ਇਹ ਕਹਿਣਾ ਸੀ - 'ਪੰਡਿਤ ਸੂਰ ਛਤ੍ਰਪਤਿ ਰਾਜਾ ਗੁਰੂ ਬਰਾਬਰਿ ਅਉਰੁ ਨ ਕੋਇ।' ਫਿਰ 'ਭਗਤ' ਸ਼ਬਦ ਦੀ ਥਾਂ 'ਗੁਰੂ' ਸ਼ਬਦ ਦੀ ਵਰਤੋਂ ਕਰਨੀ ਸੀ,ਪਰ ਐਸਾ ਕੋਈ ਮਸਲਾ ਹੈ ਨਹੀਂ ਹੈ।

ਗੁਰਬਾਣੀ ਦੇ ਫੁਰਮਾਨ ਮੁਤਾਬਿਕ ਤਾਂ ਕਿਹਾ ਜਾ ਸਕਦਾ ਜਿਸ ਨੂੰ ਗੁਰੂ, ਭਗਤ,ਸਤਿਗੁਰੂ, ਬਾਬਾ, ਸੰਤ ਆਦਿ ਜਿਹੜਾ ਵੀ ਸ਼ਬਦ ਵਧੀਆ ਚੰਗਾ ਲਗਦਾ ਹੈ ਉਹ ਬੜੇ ਸ਼ੌਕ ਤੇ ਮਾਣ ਨਾਲ ਵਰਤੇ, ਕਿਸੇ ਨੂੰ ਵੀ ਕਿਸੇ ਸ਼ਬਦ ਤੇ ਇਤਰਾਜ਼ ਨਹੀਂ ਹੋਣਾ ਚਾਹੀਦਾ।

ਇਸ ਤੋਂ ਅਗਲੀ ਗੱਲ 'ਗੁਰੂ ਗ੍ਰੰਥ ਸਾਹਿਬ' ਵਿੱਚ ਪੰਦਰਾਂ ਮਹਾਂਪੁਰਖਾਂ ਲਈ 'ਭਗਤ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ।ਨਾਮਦੇਵ ਜੀ, ਕਬੀਰ ਜੀ ਸੈਣ ਜੀ ਆਦਿ ਨੂੰ ਮੰਨਣ ਵਾਲਿਆਂ ਨੂੰ ਭਗਤ ਸ਼ਬਦ ਤੇ ਕੋਈ ਇਤਰਾਜ਼ ਨਹੀਂ, ਕੋਈ ਕਿੰਤੂ ਪ੍ਰੰਤੂ ਨਹੀਂ ਹੈ। ਇਤਰਾਜ਼ ਸਿਰਫ ਭਗਤ/ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਕਰਦੇ ਹਨ , ਜਿਹਨਾਂ ਵਿੱਚ ਬਹੁਗਿਣਤੀ ਉਹਨਾਂ ਦੀ ਹੈ, ਜੋ ਪੰਦਰਾਂ ਪਚਾਸੀ ਦੀ ਅਤੇ ਬਹੁਜਨ ਸਮਾਜ ਬਣਾਉਣ ਦੀ ਗੱਲ ਕਰਦੇ ਹਨ, ਜਿਹੜੇ ਲਿਖਤਾਂ ਵਿੱਚ ਭਾਸ਼ਣਾ ਵਿੱਚ ਸੈਣ ਜੀ, ਨਾਮਦੇਵ ਜੀ, ਕਬੀਰ ਜੀ ਆਦਿ ਨੂੰ ਵੀ ਰਵਿਦਾਸ ਜੀ ਦੇ ਬਰਾਬਰ ਆਪਣਾ ਰਹਿਬਰ ਦਸਦੇ ਹਨ, ਪਰ 'ਗੁਰੂ ਭਗਤ' ਦੇ ਮਸਲੇ ਤੇ ਇਤਰਾਜ਼ ਸਿਰਫ਼ ਤੇ ਸਿਰਫ਼ ਆਪਣੇ ਗੁਰੂ 'ਰਵਿਦਾਸ ਜੀ' ਦੇ ਸਬੰਧ ਵਿੱਚ ਕਰਦੇ ਹਨ। ਦੂਜੇ ਰਹਿਬਰਾਂ ਦੇ ਨਾਂ ਨਾਲ ਭਗਤ ਸ਼ਬਦ ਦਾ ਵਿਰੋਧ ਨਾ ਕਰਨਾ, ਕੀ ਲੋਕਾਂ ਵਿੱਚ ਇਹ ਸੰਦੇਸ਼ ਨਹੀਂ ਜਾਵੇਗਾ, ਭਾਸ਼ਣਾ ਵਿੱਚ ਨਾਮਦੇਵ ਜੀ ਕਬੀਰ ਜੀ ਆਦਿ ਮਹਾਂਪੁਰਖਾਂ ਨੂੰ ਆਪਣੇ ਰਹਿਬਰ ਗੁਰੂ ਦੱਸਣ ਵਾਲੇ ਇਕੱਲੇ ਰਵਿਦਾਸ ਜੀ ਨੂੰ ਗੁਰੂ ਬਣਾਉਣ ਤੇ ਕਿਉਂ ਲੱਗੇ ਹੋਏ ਹਨ ? ਦੂਜਿਆਂ ਰਹਿਬਰਾਂ ਲਈ ਐਸਾ ਕਿਉਂ ਨਹੀਂ ਕਰਦੇ ਇਹ ਲੋਕ, ਆਦਿ ਆਦਿ?

ਕਿਤੇ ਇਸ ਪਿਛੇ ਕੋਈ ਸਾਜ਼ਿਸ਼ ਤਾਂ ਨਹੀਂ ਖੇਡੀ ਜਾ ਰਹੀ?ਬਹੁਜਨ ਸਮਾਜ ਬਣਾਉਣ ਦਾ ਹੋਕਾ ਦੇਣ ਵਾਲਿਆਂ ਲਈ ਕਿਤੇ ਕੰਡੇ ਤਾਂ ਨਹੀਂ ਬੀਜੇ ਜਾ ਰਹੇ? ਸਿੱਖੀ (ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ) ਅਤੇ ਦਲਿਤ ਵਰਗ ਦਾ ਸਾਂਝਾ ਦੁਸ਼ਮਣ ਹੱਦੋਂ ਵਧਕੇ ਬੜਾ ਤੇਜ਼-ਤਰਾਰ ਹੈ, ਇਹ ਸਿੱਖਾਂ ਵਿੱਚ ਸਿੱਖਾਂ ਦੇ ਭੇਸ ਵਿੱਚ ਵਿਚਰ ਰਿਹਾ ਹੈ ਅਤੇ ਦਲਿਤਾਂ ਵਿੱਚ ਦਲਿਤਾਂ ਦੇ ਭੇਸ ਵਿੱਚ ਵਿਚਰ ਰਿਹਾ ਹੈ, ਸਾਰਿਆਂ ਨੂੰ ਸੂਝ ਬੂਝ ਤੋਂ ਕੰਮ ਲੈਕੇ ਸੰਭਲਕੇ ਚੱਲਣ ਦੀ ਲੋੜ ਹੈ।

***

## ਗਜ਼ਲ

ਬਸਤੀ ਦੀ ਕਮਜ਼ੋਰ ਅਵਸਥਾ ਕੀ ਕਹਿੰਦੀ।
ਪ੍ਰਸ਼ਾਸਨ ਦੀ ਚੋਰ ਅਵਸਥਾ ਕੀ ਕਹਿੰਦੀ।
ਗੁੱਡੀ ਨੂੰ ਤਾਂ ਇੱਕ ਸਹਾਰਾ ਚਾਹੀਦਾ,
ਟੁੱਟੀ ਹੋਈ ਡੋਰ ਅਵਸਥਾ ਕੀ ਕਹਿੰਦੀ।
ਕਿੰਨੀ ਪੀਤੀ ਝੱਟ ਪਤਾ ਲਗ ਜਾਵੇਗਾ,
ਪੈਰ੍ਹਾਂ ਵਿਚਲੀ ਲੋਰ ਅਵਸਥਾ ਕੀ ਕਹਿੰਦੀ।
ਜੰਗਲ ਦੀ ਖ਼ੁਸ਼ਹਾਲੀ ਆਪੇ ਦਿਸ ਪੈਂਦੀ,
ਮੋਰਾਂ ਵਿਚਲੀ ਮੋਚ ਅਵਸਥਾ ਕੀ ਕਹਿੰਦੀ।
ਇਕ ਕਾਨੂੰਨ ਨਿਯਮ ਦੀ ਸਾਰੀ ਗੱਲ ਨਹੀਂ,
ਬਾਕੀ ਵੀ ਕੁਝ ਹੋਰ ਅਵਸਥਾ ਕੀ ਕਹਿੰਦੀ।
ਕੁਝ ਨਾ ਕੁਝ ਤਾਂ ਮੁਮਕਿਨ ਹੋਇਆ ਲਗਦਾ ਏ,
ਚੀਕ ਚਿਹਾੜਾ ਸ਼ੋਰ ਅਵਸਥਾ ਕੀ ਕਹਿੰਦੀ।
ਬਾਰਿਸ਼ ਅਪਣੀ ਹੋਂਦ ਵਿਖਾਵੇਗੀ ਕਿਧਰੇ,
ਬੱਦਲਾਂ ਦੀ ਘਨਘੋਰ ਅਵਸਥਾ ਦੀ ਕਹਿੰਦੀ।
ਜੀਵਨ ਕੇਵਲ ਸੁੱਖਾਂ ਨਾਲ ਹੀ ਚਲਦਾ ਨਈਂ,
ਕੰਡਿਆਂ ਵਾਲੀ ਥੋਰ ਅਵਸਥਾ ਕੀ ਕਹਿੰਦੀ।
ਕਿੰਨੇ ਲੋਕਾਂ ਨੂੰ ਇਸ ਨੇ ਖ਼ੁਸ਼ ਕੀਤਾ ਹੈ,
ਝਾਂਜਰ ਦੀ ਕਮਜ਼ੋਰ ਅਵਸਥਾ ਕੀ ਕਹਿੰਦੀ।
ਇੱਕ ਕਰਾਂਤੀ ਜਲਦੀ ਆਵਣ ਵਾਲੀ ਹੈ,
'ਬਾਲਮ' ਜ਼ੋਰਾ ਜ਼ੋਰ ਅਵਸਥਾ ਕੀ ਕਹਿੰਦੀ।

## ਗਜ਼ਲ

ਦਰਦ ਕਿਸੇ ਨੂੰ ਦੱਸੀ ਨਾ ਪਛਤਾਏਂਗਾ।
ਗ਼ੈਰਾਂ ਦੇ ਵਿਚ ਹੱਸੀ ਨਾ ਪਛਤਾਏਂਗਾ।
ਕੱਖਾਂ ਵਿਚ ਚਿੰਗਾਰੀ ਧੁਖਦੀ ਵੇਖੀ ਊ,
ਵੇਖੀ ਏ ਤਾਂ ਦੱਸੀ ਨਾ ਪਛਤਾਏਂਗਾ।
ਸਾਰਾ ਤਨ ਹੀ ਨੀਲਾ-ਨੀਲਾ ਹੋ ਜਾਊ,
ਵਰਮੀਂ ਵਿਚ ਹੱਥ ਧੱਸੀ ਨਾ ਪਛਤਾਏਂਗਾ।
ਚਾਰ ਚੁਫੇਰੇ ਕੰਡੇ-ਕੰਡੇ ਹੋ ਜਾਂਦੇ,
ਥੋਰਾਂ ਦੇ ਵਿਚ ਵੱਸੀ ਨਾ ਪਛਤਾਏਂਗਾ।
ਤੇਰੀ ਛਾਤੀ ਦੇ ਵਿਚ ਟਾਂਕੇ ਕੱਚੇ ਨੇ,
ਤੀਰ ਕਮਾਨੇਂ ਕੱਸੀ ਨਾ ਪਛਤਾਏਂਗਾ।
ਅਪਣੀ ਸਾਰੀ ਹੋਂਦ ਗਵਾ ਕੇ ਬੈਠੇਂਗਾ,
ਭੀੜ 'ਚ ਐਵੇਂ ਫੱਸੀ ਨਾ ਪਛਤਾਏਂਗਾ।
ਖੂਹ ਦੇ ਉਤੇ ਏਦਾਂ ਜਾਣ ਦਾ ਕੀ ਫਾਇਦਾ,
ਡੋਲੂ ਹੈ ਪਰ ਰੱਸੀ ਨਾ ਪਛਤਾਏਂਗਾ।
ਸਾਹਿਤ ਦੇ ਮੈਦਾਨ 'ਚ ਜੇਕਰ ਡੱਟਿਆ ਏਂ,
'ਬਾਲਮ ਛਡ ਕੇ ਨੱਸੀ ਨਾ ਪਛਤਾਏਂਗਾ।

ਬਲਵਿੰਦਰ ਬਾਲਮ
ਗੁਰਦਾਸਪੁਰ
91-98156-25409



## ਕਾਵਿ ਵਿਅੰਗ
## ਤੀਹ ਅਗਸਤ 'ਤੇ ਨਜ਼ਰਾਂ!

ਸਾਰੇ ਚਾਹੁੰਦੇ ਨੇ ਢਿੱਲ ਨਾ ਵਰਤਣੇ ਦੀ
ਜਥੇਦਾਰਾਂ ਤੱਕ ਗੱਲ ਪਹੁੰਚਾਈ ਜਾਵੇ।
ਗੁਨਾਹਗਾਰਾਂ ਦਾ ਪੱਖ ਨਾ ਪੂਰ ਕੇ ਜੀ
ਤਖਤ ਸਾਹਿਬ ਦੀ ਸ਼ਾਨ ਵਧਾਈ ਜਾਵੇ।
ਕਿਤੇ ਝੁਕਣ ਨਾ 'ਭਾਗੋ' ਦੇ ਫੇਰ ਮੋਹਰੇ
ਬਹੁਤੇ ਲੋਕਾਂ ਨੂੰ ਡਰ ਇਹ ਖਾਈ ਜਾਵੇ।
ਫੂਲਾ ਸਿੰਘ ਕਿ ਬਣੂ ਗੁਰਬਚਨ ਸਿੰਘ ਹੀ
ਸਿੱਖ ਪੰਥ ਕਿਆਸ ਇਹ ਲਾਈ ਜਾਵੇ।
ਵੈਸੇ ਪਤਾ 'ਹਕੀਕਤ' ਦਾ ਸਾਰਿਆਂ ਨੂੰ
ਕੱਦ ਬੌਣੇ ਪਰ ਪਦਵੀਆਂ ਵੱਡੀਆਂ ਨੇ।
ਫਿਰ ਵੀ ਭਲੇ ਦੀ ਰੱਖ ਕੇ 'ਆਸ' ਯਾਰੋ
ਨਜ਼ਰਾਂ ਤੀਹ ਅਗਸਤ 'ਤੇ ਗੱਡੀਆਂ ਨੇ !



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਬਾਪੂ ਦੀਆਂ ਗਲਾਂ

ਬਾਪੂ ਦੀਆਂ ਗਲਾਂ ਤਾਂ ਮੈਨੂੰ ਚੇਤੇ ਆਉਂਦੀਆਂ ਨੇ,
ਉਹ ਵਿੱਚ ਸੁਪਨੇ ਦੇ ਆ ਮੈਨੂੰ ਸਮਝਾਉਂਦੀਆਂ ਨੇ ।
ਕਹਿੰਦਾ ਸੀ ਮੈਨੂੰ ਬਾਪੂ ਛੱਡ ਦੇ ਪੁੱਤ ਝਗੜੇ ਝੇੜੇ ,
ਰਹਿਣਾ ਤਾਂ ਮਿਲ ਕੇ ਚੰਗਾ ਤੂੰ ਐਂਵੇ ਪੰਗੇ ਸਹੇੜੇ ।
ਉਹ ਤਾਂ ਹੁਣ ਆ ਮੈਨੂੰ ਸੁੱਤੇ ਨੂੰ ਜਗਾਉਂਦੀਆਂ ਨੇ ,
ਬਾਪੂ ਦੀਆਂ ਗਲਾਂ ਤਾਂ ਮੈਨੂੰ ਚੇਤੇ ਆਉਂਦੀਆਂ ਨੇ ।

ਬਾਪੂ ਦੇ ਹੁੰਦਿਆਂ ਤੇ ਕੋਈ ਫ਼ਿਕਰ ਨਾ ਫ਼ਾਕਾ ਸੀ,
ਥੋੜਾ ਵੀ ਦੁੱਖ ਜੇ ਆਵੇ ਦੌੜੇ ਆਉਂਦੇ ਪਾਪਾ ਸੀ ।
ਕੌਲ ਵੇਖ ਕੇ ਉਸਨੂੰ ਦਿਲ ਹੌਸਲਾ ਆ ਜਾਂਦਾ ਸੀ ,
ਉਸਦੇ ਹੁੰਦਿਆਂ ਕੋਈ ਆ ਡਰ ਨਾ ਸਤਾਉਂਦਾ ਸੀ ।
ਯਾਦਾਂ ਉਹ ਆ ਕੇ ਹੁਣ ਦਿਲ ਤੜਫਾਉਂਦੀਆਂ ਨੇ,
ਬਾਪੂ ਦੀਆਂ ਗਲਾਂ ਤਾਂ ਮੈਨੂੰ ਚੇਤੇ ਆਉਂਦੀਆਂ ਨੇ ।

ਤੁਰ ਗਿਆ ਸੀ ਛੱਡ ਕੇ ਬਾਪੂ ਤਣੀ ਹੋਈ ਤਾਣੀ ਨੂੰ ,
ਮੈਨੂੰ ਤਾਂ ਆ ਪੈ ਗਿਆ ਪੰਗਾ ਉਮਰ ਨਿਆਣੀ ਨੂੰ ।
ਪਾਣੀ ਨਾ ਢੋਹਣ ਟਿੰਡਾਂ, ਸੁੱਕੀ ਜਾ ਰਿਹਾ ਖੂਹ ਸੀ ,
ਬੀਜੀ ਹੋਈ ਫ਼ਸਲ , ਖੇਤਾਂ ਵਿੱਚ ਹੋ ਰਹੀ ਲੂਹ ਸੀ ।
ਉੱਤੋਂ ਪੈਂਦੀਆਂ ਕਿਰਨਾ ਪਿੰਡੇ ਅੱਗ ਲਾਉਂਦੀਆਂ ਨੇ ,
ਬਾਪੂ ਦੀਆਂ ਗਲਾਂ ਤਾਂ ਮੈਨੂੰ ਚੇਤੇ ਆਉਂਦੀਆਂ ਨੇ ।

ਬਦਲ ਗਿਆ ਸਭ ਕੁਝ ਮੈਂ ਹੋਉਂਕੇ ਰਿਹਾ ਭਰਦਾ ,
ਪਾਣੀ ਨਾ ਲਗੇ ਫ਼ਸਲਾਂ ਨੂੰ ਮੈਂ ਵੀ ਰਿਹਾ ਸੜਦਾ ।
ਰਾਤਾਂ ਦੀ ਨੀਂਦ ਉਡ ਗਈ ਦਿਲ ਦਾ ਚੈਨ ਗਿਆ,
ਆਏ ਨਾ ਨੇੜੇ ਯਾਰ ਬੇਲੀ ਕੋਈ ਨਾ ਫੈਨ ਰਿਹਾ ।
ਬੀਤੀਆਂ ਘੜੀਆਂ ਹੁਣ ਮਨ ਤਰਸਾਉਂਦੀਆਂ ਨੇ,
ਬਾਪੂ ਦੀਆਂ ਗਲਾਂ ਤਾਂ ਮੈਨੂੰ ਚੇਤੇ ਆਉਂਦੀਆਂ ਨੇ ।

ਬਾਪੂ ਤੋਂ ਵੱਡਾ ਨਾ ਕੋਈ ਹੁੰਦਾ ਏ ਹਿਤਾਇਸ਼ੀ ਓਏ,
ਕਰੋ ਨਾ ਬਾਪੂ ਦੇ ਸਿਰੋਂ ਸਿਰਫ ਅਜਾਇਸ਼ੀ ਓਏ ।
ਸਮਝ ਲਓ ਉਸ ਤੋਂ ਸਮੇਂ ਸਿਰ ਕੰਮ ਤੇ ਕਾਰ ਓਏ,
ਉਸ ਦੀਆਂ ਗਲਾਂ ਨੂੰ ਸੁਣ ਦੇਵੋ ਨਾ ਨਾਕਾਰ ਓਏ ।
ਹੋਈਆਂ ਗਲਤੀਆਂ ਫਿਰ ਬੜਾ ਸਤਾਉਂਦੀਆਂ ਨੇ
ਬਾਪੂ ਦੀਆਂ ਗਲਾਂ ਤਾਂ ਮੈਨੂੰ ਚੇਤੇ ਆਉਂਦੀਆਂ ਨੇ ।

ਰਬਿੰਦਰ ਸ਼ਰਮਾ
919814667682



# ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ’ਤੇ ਇੱਕ ਝਾਤ




ਪ੍ਰਮੋਦ ਧੀਰ, ਜੈਤੋ
91-98550-31081

7 ਅਗਸਤ 1972 ਨੂੰ ਫਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲਾ ਬਣਾਇਆ ਗਿਆ ਸੀ ਅਤੇ ਇਸਨੂੰ ਬਣੇ ਹੋਏ ਅੱਜ 50 ਸਾਲ ਹੋ ਗਏ ਹਨ ਇਸ ਲਈ ਅੱਜ ਅਸੀਂ ਫ਼ਰੀਦਕੋਟ ਜ਼ਿਲ੍ਹੇ ਦੀ ਗੋਲਡਨ ਜੁਬਲੀ ਵਰ੍ਹੇਗੰਢ ਬਣਾ ਰਹੇ ਹਾਂ । ਇਹ ਜ਼ਿਲ੍ਹਾ ਪਹਿਲਾਂ ਬਹੁਤ ਵੱਡਾ ਸੀ ਪਰ ਨਵੰਬਰ 1995 ਵਿੱਚ ਫਰੀਦਕੋਟ ਜ਼ਿਲੇ ਵਿਚੋਂ ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਅਲੱਗ ਨਵੇਂ ਜ਼ਿਲੇ ਬਣਾ ਦਿੱਤੇ ਗਏ ਜਿਸ ਕਾਰਣ ਫਰੀਦਕੋਟ ਜ਼ਿਲੇ ਦਾ ਖੇਤਰ ਕਾਫ਼ੀ ਘਟ ਗਿਆ। ਇਸਦਾ ਕੁੱਲ ਖੇਤਰਫ਼ਲ 1475.70 ਵਰਗ ਕਿਲੋਮੀਟਰ ਹੈ। ਇਸ ਜ਼ਿਲੇ ਵਿੱਚ ਇੱਕ ਲੋਕ ਸਭਾ ਦੀ ਸੀਟ ਅਤੇ ਕੁੱਲ ਤਿੰਨ ਅਸੈਂਬਲੀ ਸੀਟਾਂ ਫਰੀਦਕੋਟ,ਕੋਟਕਪੂਰਾ ਅਤੇ ਜੈਤੋ ਹਨ। ਫਰੀਦਕੋਟ ਦੇ ਕੁੱਲ 181 ਪਿੰਡ ਅਤੇ 3 ਨਗਰ ਕੌਂਸਲਾਂ ਹਨ। ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਵੀ ਬਣੀ ਹੋਈ ਹੈ ਜਿੱਥੇ ਡਾਕਟਰੀ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਦੇ ਖੇਤਰ ਪੱਖੋਂ ਫਰੀਦਕੋਟ ਹੁਣ ਕਾਫੀ ਤਰੱਕੀ ਕਰ ਚੁੱਕਾ ਹੈ। ਆਓ ਇਸਦੀ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ਬਾਰੇ ਜਾਣਦੇ ਹਾਂ।






12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਦੇਸ਼ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫ਼ਰੀਦਕੋਟ ਦੀ ਸਿੱਖ ਰਿਆਸਤ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਹੈ। 12ਵੀਂ ਸਦੀ ਤੱਕ ਫ਼ਰੀਦਕੋਟ ਨੂੰ ਮੋਕਲ ਨਗਰ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ, ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸ਼ਕ ਸੀ ਅਤੇ ਉਹਨਾਂ ਨੇ ਬਾਬਾ ਫ਼ਰੀਦ ਜੀ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਮ ਫ਼ਰੀਦਕੋਟ ਰੱਖਿਆ। ਫ਼ਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿੱਚ ਰਿਹਾ। ਅੰਤ ਵਿੱਚ ਇਸ ’ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ ’ਤੇ ਕਬਜਾ ਰਿਹਾ। ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਹਿਚਾਣ ਵਾਲੀ ਫ਼ਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲੇ ਕੰਡੇ ’ਤੇ ਸਥਾਪਿਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗ਼ਲ ਰਾਜਭਾਗ ਦੀ ਸਮਾਪਤੀ ਤੋਂ ਬਾਅਦ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜਾ ਹੋ ਗਿਆ। 1849 ਵਿੱਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫ਼ਰੀਦਕੋਟ ਸਿੱਖ ਰਿਆਸਤ ’ਤੇ ਰਾਜਭਾਗ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਬਿਕਰਮ ਸਿੰਘ ਨੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਈ 25 ਹਜ਼ਾਰ ਰੁਪਏ ਖਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫ਼ਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸ਼ਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਰੀਜੰਸੀ ਦਾ ਕਬਜ਼ਾ ਰਿਹਾ। 1916 ਵਿੱਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫ਼ਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਹਨਾਂ ਫ਼ਰੀਦਕੋਟ ਰਿਆਸਤ ਵਿੱਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਪਹਿਲਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜ਼ੀ ਜਵਾਨ ਵੀ ਭੇਜੇ ਜਿਸ ਤੋਂ ਉਹਨਾਂ ਦੇ ਬ੍ਰਿਟਿਸ਼ ਸਰਕਾਰ ਨਾਲ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ 1918 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ। ਬਰਾੜ ਵੰਸ਼ ਦੇ ਆਖਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫ਼ਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਹਨਾਂ ਨੇ ਆਪਣੇ ਸਮੇਂ ਵਿੱਚ ਫ਼ਰੀਦਕੋਟ ਸਿੱਖ ਰਿਆਸਤ ਵਿੱਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫ਼ਰੀਦਕੋਟ ਵਿੱਚ ਹੀ ਮੌਜ਼ੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ ਬ੍ਰਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ ਉਸ ਸਮੇਂ ਫ਼ਰੀਦਕੋਟ ਰਿਆਸਤ ਵਿੱਚ 8 ਹਾਈ ਸਕੂਲ ਅਤੇ ਹਰ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ। ਫ਼ਰੀਦਕੋਟ ਵਿੱਚ ਤਿੰਨ ਦਰਜਨ ਤੋਂ ਵੱਧ ਖ਼ੂਬਸੂਰਤ ਇਮਾਰਤਾਂ ਦੇ ਨਿਰਮਾਣ ਨੇ ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆਂ ਵਿੱਚ ਖ਼ੂਬ ਪ੍ਰਸਿੱਧੀ ਦਿਵਾਈ। ਹਾਲਾਂਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫ਼ਰੀਦਕੋਟ ਰਿਆਸਤ ਦੀਆਂ ਖ਼ੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿੱਚ ਵੀ ਹਨ। ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਹਨਾ ਨੇ ਆਪਣੀ ਰਿਆਸਤ ਵਿੱਚ ਭੀਖ ਮੰਗਣ ’ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ਼ ਦੇ ਬਟਵਾਰੇ ਸਮੇਂ ਉਸਨੇ ਆਪਣੀ ਰਿਆਸਤ ਵਿੱਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜਭਾਗ ਦੌਰਾਨ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿੱਚ ਉਸ ਨੇ ਫ਼ਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ। ਭਾਰਤ ਸਰਕਾਰ ਨੇ 15 ਜੁਲਾਈ 1948 ਨੂੰ ਫ਼ਰੀਦਕੋਟ ਰਿਆਸਤ ਨੂੰ ਖਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਪੰਜਾਬ ਸਰਕਾਰ ਨੇ ਫ਼ਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜੇ ਵਿੱਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦਕੋਟ ਰਿਆਸਤ ਦੇ ਆਖਰੀ ਰਾਜਾ ਸਨ ਅਤੇ ਉਹਨਾਂ ਦਾ 16 ਅਕਤੂਬਰ 1989 ਨੂੰ ਦੇਹਾਂਤ ਹੋ ਗਿਆ ਸੀ। ਉਹਨਾਂ ਦੀਆਂ ਤਿੰਨ ਬੇਟੀਆਂ ਅਤੇ ਇੱਕ ਬੇਟਾ ਸਨ। ਇਨ੍ਹਾਂ ਦੇ ਪੁੱਤਰ ਪਿੰਸ ਹਰਮੋਹਿੰਦਰ ਸਿੰਘ ਦਾ ਦੇਹਾਂਤ 1981 ਵਿੱਚ ਹੀ ਹੋ ਗਿਆ ਸੀ। ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ ’ਤੇ ਮਨਾਹੀ ਹੈ ਜੋ ਸ਼ਾਇਦ ਆਉਣ ਵਾਲੇ ਸਮੇਂ ਵਿੱਚ ਸ਼ੁਰੂ ਹੋ ਸਕਦੀ ਹੈ। ਰਾਜ ਮਹਿਲ ਆਪਣੇ ਆਪ ਵਿੱਚ ਦੁਨੀਆਂ ਦੇ ਖ਼ੂਬਸੂਰਤ ਮਹਿਲਾਂ ਵਿੱਚੋਂ ਇੱਕ ਹੈ। ਸ਼ਾਹੀ ਕਿਲੇ ਦੇ ਤੋਸ਼ਖਾਨੇ ਵਿੱਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ਼੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ ਜੋ ਉਹਨਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ। ਫ਼ਰੀਦਕੋਟ ਰਿਆਸਤ ਵਿੱਚ ਬਣਾਏ ਸਵਾਗਤੀ ਦਰਵਾਜੇ ਦੁਨੀਆਂ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਇਸ ਸ਼ਹਿਰ ਵਿੱਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸਦੀ ਵਿਰਾਸਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿੱਚ ਬਣੇ ਟਿੱਲ੍ਹਾ ਬਾਬਾ ਫ਼ਰੀਦ ਵਿਖੇ ਦੁਨੀਆਂ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇਥੇ ਆਉਂਦੇ ਹਨ ਅਤੇ ਉਹਨਾਂ ਦੀ ਯਾਦ ਵਿੱਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ। ਇਸ ਸਾਲ ਵੀ 19 ਤੋਂ 23 ਸਤੰਬਰ 2023 ਨੂੰ ਬਾਬਾ ਫਰੀਦ ਆਗਮਨ ਪੁਰਬ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਪ੍ਰਸਾਸ਼ਨ ਵੱਲੋਂ ਜੋਰਾਂ ਸ਼ੋਰਾਂ ਨਾਲ ਸ਼ੁਰੂ ਹਨ। ਇਸ ਮੌਕੇ ਵਿਸ਼ਾਲ ਪੁਸਤਕ ਮੇਲਾ, ਸਭਿਆਚਾਰਕ ਮੇਲਾ, ਕੌਮੀ ਲੋਕ ਨਾਚ, ਕਵੀ ਦਰਬਾਰ, ਕਵਾਲੀਆਂ ਵੱਖ ਵੱਖ ਖੇਡਾਂ ਦੇ ਟੂਰਨਾਮੈਂਟ, ਕਬੱਡੀ ਸੁਪਰ 7 (ਨੈਸ਼ਨਲ ਕਬੱਡੀ) ਦੇ ਸ਼ਾਨਦਾਰ ਟੂਰਮੈਂਟ ਮਿਤੀ 21,22,23 ਸਤੰਬਰ ਸ਼ਾਮ 5 ਵਜੇ ਤੋਂ 10 ਵਜੇ ਤੱਕ ਨਹਿਰੂ ਸਟੇਡੀਅਮ ਫਰੀਦਕੋਟ ਵਿਖੇ ਕਰਵਾਏ ਜਾਣਗੇ।




**ਵਿਰਾਸਤੀ ਰੁੱਖਾਂ ਦੀ ਬਲੀ:-**ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿੱਚ ਘੁਗਿਆਣਾ ਅਤੇ ਸਿੱਖਾਂਵਾਲੇ ਦਾ ਬੀੜ ਵੀ ਸ਼ਾਮਿਲ ਸੀ ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿੱਚ ਪਹਾੜੀ ਕਿੱਕਰ ਹੀ ਬਾਕੀ ਰਹਿ ਗਏ ਹਨ।

**ਚਸ਼ਮਦੀਦਾਂ ਦੀ ਜੁਬਾਨੀ:-** ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲੇ ਬਜ਼ੁਰਗਾਂ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸ਼ਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ ’ਤੇ ਇਨਸਾਫ਼ ਦਿੱਤਾ ਜਾਂਦਾ ਸੀ। ਉਹਨਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਹਨਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ, ਪੜ੍ਹੇ-ਲਿਖੇ ਅਤੇ ਅਗਾਂਹ ਵਧੂ ਸ਼ਾਸ਼ਕ ਸਨ।

**ਸ਼ਾਹੀ ਸਮਾਧਾਂ:-** ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ।

ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ। ਮੇਰੀ ਦਿਲੋਂ ਪ੍ਰਮਾਤਮਾ ਅੱਗੇ ਇਹੀ ਦੁਆ ਹੈ ਕਿ ਸ਼ੇਖ ਫਰੀਦ ਜੀ ਦੀ ਚਰਨ ਸ਼ੋ ਪ੍ਰਾਪਤ ਇਹ ਧਰਤੀ ਅਤੇ ਸਮੁੱਚਾ ਜ਼ਿਲਾ ਫ਼ਰੀਦਕੋਟ ਹੋਰ ਤਰੱਕੀ ਕਰੇ ਅਤੇ ਇਥੋਂ ਦੇ ਲੋਕਾਂ ਵਿੱਚ ਪਿਆਰ, ਨਿਮਰਤਾ, ਮਿਲਵਰਤਨ, ਭਾਈਚਾਰਾ, ਸ਼ਹਿਨਸ਼ੀਲਤਾ ਆਦਿ ਗੁਣ ਘਰ ਕਰ ਜਾਣ ।

# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

### ਕਰਮ ਸੋਹਣੇ ਨੇ ਕਰਮ ਕੌਰ ਦੇ



ਸਾਂਵਲੀ ਸੁੰਦਰਤਾ ਦੇ ਮਾਮਲੇ 'ਚ ਕਰਮ ਕੌਰ ਦੂਜੀ ਸਮਿਤਾ ਪਾਟਿਲ ਹੈ ਤੇ ਪੰਜਾਬੀ ਸਿਨੇ ਸੰਸਾਰ ਦੀ ਇਹ ਕਲੀ ਹੁਣ 'ਧੁਨਕੀ' ਨਾਂਅ ਦੀ ਹਿੰਦੀ ਫ਼ਿਲਮ ਵੀ ਕਰ ਰਹੀ ਹੈ । ਕਲਰ ਟੀ.ਵੀ. ਤੋਂ ਡੀ.ਡੀ. ਪੰਜਾਬੀ ਤੇ 'ਤੇਰੀ ਮੇਰੀ ਜੋੜੀ' ਤੋਂ 'ਦੁਵਿਧਾ ਤੱਕ ਬਹੁਤ ਸ਼ਾਨਦਾਰ ਕੰਮ ਕਰ ਚੁੱਕੀ ਕਰਮ ਕੌਰ ਦਾ ਅਗਲਾ ਨਿਸ਼ਾਨਾ ਸਾਊਥ ਸਿਨੇਮਾ ਹੈ । ਕਰਮ ਕੌਰ ਨੇ ਕਈ ਵਿਗਿਆਪਨ ਤੇ ਸਰਕਾਰੀ ਇਸ਼ਤਿਹਾਰੀ ਫ਼ਿਲਮਾਂ ਕਰ ਦੱਸ ਦਿੱਤਾ ਹੈ ਕਿ ਆਖਿਰ ਉਸ 'ਚ ਕੁਝ ਤਾਂ ਹੈ।

### ਬਾਲੀਵੁੱਡ-ਪਾਲੀਵੁੱਡ ਸੰਗੀਤ ਇੱਕ ਹੀ - ਡੀ.ਜੇ. ਰਿੰਕਸ



ਆਧੁਨਿਕ ਸਮੇਂ 'ਚ ਡੀ.ਜੇ. ਦਾ ਕੰਮ ਵਿਦੇਸ਼ 'ਚ ਬਹੁਤ ਹੈ ਤੇ ਇਥੇ ਵੀ ਤੇ ਰਿੰਕਸ ਇਸ ਕਿੱਤੇ ਦਾ ਮਾਹਿਰ ਬਣ ਅੱਜ ਸੰਗੀਤਕਾਰ ਵੀ ਬਣ ਚੁੱਕਾ ਹੈ। ਖੁਦ ਸੰਗੀਤ ਕੰਪਨੀ ਵੀ ਚਲਾ ਰਿਹਾ ਹੈ। ਗਾਇਕ-ਭੰਗੜਾ ਸਰਦਾਰ ਤੇ ਅਭਿਨੇਤਾ ਬਾਲੀ ਸੱਗੂ ਨੇ ਕਿਹਾ ਹੈ ਕਿ ਰਿੰਕਸ ਦਾ ਸੰਗੀਤ ਪੰਜਾਬੀ ਤੇ ਹਿੰਦੀ ਫ਼ਿਲਮਾਂ ਦੀ ਸ਼ਾਨ ਬਣੇਗਾ। ਰਿੰਕਸ ਨੇ ਫ਼ਿਓਮਪ;ਲਮ ਗਾਇਕ ਰਮੇਸ਼ ਲੁਧਿਆਣਵੀ ਦੇ ਕਈ ਗੀਤ ਰੀਮਿਕਸ ਤੇ ਰਿਕਾਰਡ ਵੀ ਕੀਤੇ ਹਨ।

### ਕਾਰੋਬਾਰ-ਘਰ ਪਰਿਵਾਰ ਸਭ ਨੂੰ ਪਹਿਲ-ਗਿੱਪੀ ਗਰੇਵਾਲ



ਸੁਪਰ ਸਟਾਰ ਗਿੱਪੀ ਗਰੇਵਾਲ 'ਕੈਰੀ ਆਨ ਜੱਟਾ-3' ਨਾਲ ਕਾਮਯਾਬ ਹਨ। ਪਾਕਿਸਤਾਨ ਤੱਕ ਫ਼ਿਲਮ ਦੀ ਬੱਲੇ-ਬੱਲੇ ਹੈ। ਫ਼ਿਲਮੀ ਕੰਮ 'ਚ ਸਫ਼ਲ ਗਿੱਪੀ ਘਰ ਲਈ ਪੂਰਾ ਸਮਾਂ ਦਿੰਦੇ ਨੇ ਤੇ ਸ਼ਿੰਦਾ-ਗੁਰਬਾਜ਼ ਲਈ ਸਮਾਂ, ਜੀਵਨ ਸਾਥਣ ਗੁਰਪ੍ਰੀਤ-ਨਾਲ ਗਿੱਪੀ ਨੂੰ ਮੁਬਾਰਕ ਦਿੱਤੀ ਤੇ 'ਕੈਰੀ ਆਨ ਜੱਟਾ-3' ਦਾ ਪ੍ਰੀਮੀਅਰ ਵੀ ਦੇਖਿਆ।

### ਇੰਗਲੈਂਡ ਵਾਲੇ ਕਰਦੇ ਜੇ ਗਾਇਕਾਂ ਨੂੰ ਪਿਆਰ - ਗੁਰਦੇਵ ਪੱਧਰੀ



ਮਾਨਸ਼ਾਕੀਆ ਵੱਲੋਂ ਆਯੋਜਿਤ ਮਨੋਰੰਜਨ ਸ਼ੋਅਜ਼ ਵਿੱਚ ਪੰਜਾਬ ਦੇ ਨੌਜਵਾਨ ਗਾਇਕ ਗੁਰਦੇਵ ਪੱਧਰੀ ਦੇ ਗੀਤਾਂ ਤੇ ਵਲੈਤੀਏ-ਪੰਜਾਬੀ ਝੂਮਦੇ ਹਨ। ਗੁਰਦੇਵ ਪੱਧਰੀ ਅਸਲ 'ਚ ਲੋਕ ਤੱਥ-ਲੋਕ ਗਾਇਕੀ ਦਾ ਬਾਦਸ਼ਾਹ ਹੈ।

ਗੁਰਦੇਵ ਪੱਧਰੀ ਨੇ ਰਣਜੀਤ ਕੌਰ, ਬਿੱਕਰ ਨਾਲ ਜੋੜੀ ਬਣਾ ਕਿ ਗਾਇਕੀ 'ਚ ਚਰਚਾ ਲਈ ਹੈ। ਅੱਜ ਕੱਲ ਉਹ ਯੂ.ਕੇ. ਗਾਇਕੀ ਸੋਅਜ਼ ਕਰ ਰਿਹਾ ਹੈ। ਗੁਰਦੇਵ ਪੱਧਰੀ ਅਨੁਸਾਰ ਯੂ.ਕੇ. ਵਾਲੇ ਗਾਇਕੀ ਦੇ ਮੁਰੀਦ ਹਨ।

### ਪੂਨਮ ਸੂਦ ਨੇ ਕਿਹਾ ਰੀਅਲ ਸਟਾਰ ਏ ਸੰਧੂ



ਸਟਾਰ ਅਭਿਨੇਤਰੀ ਹੈ ਪੂਨਮ ਸੂਦ ਜੋ ਬਹੁਤ ਘੱਟ ਬੋਲਦੀ ਹੈ ਸਿਰਫ਼ਓਮਪ; ਕੰਮ ਨਾਲ ਮਤਲਬ ਪਰ ਗੁਰਦੀਪ ਸੰਧੂ ਤੋਂ ਐਨਾ ਪ੍ਰਭਾਵਿਤ ਹੋਈ ਕਿ ਬੌਬੀ ਬਾਜਵਾ ਦੇ ਸ਼ੋਅ 'ਸਟਾਰ ਪੰਜਾਬ ਦੇ' ਤੇ ਉਸ ਕਿਹਾ ਕਿ ਗੁਰਦੀਪ ਸੰਧੂ 'ਕਭੀ ਤੂੰ ਸਤੀਸ਼ ਕੌਲ ਲੱਗਤਾ ਹੈ, ਕਭੀ ਤੂੰ ਜਤਿੰਦਰ ਲੱਗਤਾ ਹੈ, ਜੋ ਭੀ ਹੈ ਅੱਛਾ ਲੱਗਤਾ ਹੈ। ਬੇਮਿਸਾਲ ਕੁਮੈਂਟ ਸੰਧੂ ਨੂੰ ਹੋਰ ਅਭਿਨੈ ਉਤਸ਼ਾਹ ਦੇ ਗਏ ।

### ਰਸ਼ਪਿੰਦਰ ਕੌਰ, ਬਣੇਗੀ ਫ਼ਿਲਮੀ ਟੌਹਰ



ਸੋਚਾਂ ਦੀ ਪੀਂਘ ਅੰਬਰਾਂ ਤੇ ਚੜ੍ਹ ਜਾਂਦੀ ਹੈ। ਰਸ਼ਪਿੰਦਰ ਕੌਰ ਗਿੱਲ ਦੀ ਰਚਨਾ ਕਿਸੇ ਵੀ ਫ਼ਿਲਮ ਦੀ ਕਹਾਣੀ ਦਾ ਚੰਗਾ ਆਈਡੀਆ ਬਣਨ ਯੋਗ ਹੈ । ਪੰਜਾਬੀ ਵੈਬ ਸੀਰੀਜ਼, ਲਘੂ ਫਿਲਮਾਂ ਵਾਲੇ ਰਸ਼ਪਿੰਦਰ ਗਿੱਲ ਦੀਆਂ ਸਾਹਿਤਕ ਰਚਨਾਵਾਂ ਦਾ ਲਾਹਾ ਲੈਣ ਤਾਂ ਕਯਾ ਬਾਤ ਹੈ।

## ਰਫਤਾਰ, ਗੁਫਤਾਰ, ਦਸਤਾਰ ਸਾਡੀ ਸ਼ਖਸ਼ੀਅਤ ਦੇ ਲਿਖਾਇਕ ਬਣਦੇ ਹਨ - ਬਲਜਿੰਦਰ ਮਾਨ

**ਮਾਹਿਲਪੁਰ (ਮਾਨ)** ਰਫਤਾਰ, ਗੁਫਤਾਰ ਅਤੇ ਦਸਤਾਰ ਸਾਡੀ ਸ਼ਖਸ਼ੀਅਤ ਦੇ ਲਿਖਾਇਕ ਬਣਦੇ ਹਨ। ਇਹ ਵਿਚਾਰ ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਸਰਕਾਰੀ ਸੈਕੰਡਰੀ ਸਕੂਲ ਨੰਗਲ ਖੁਰਦ ਵਿਖੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਆਖੇ। ਉਹਨਾਂ ਅੱਗੇ ਕਿਹਾ ਕਿ ਜਿਹੜੇ ਵਿਦਿਆਰਥੀ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੇ ਕਹਿਣੇਕਾਰ ਹੁੰਦੇ ਹਨ ਉਹ ਜ਼ਿੰਦਗੀ ਵਿੱਚ ਸਫਲਤਾ ਦੀਆਂ ਪੌੜੀਆਂ ਚੜ੍ਹਦੇ




ਜਾਂਦੇ ਹਨ। ਉਹਨਾਂ ਸਾਹਿਤ ਸਿਰਜਣਾ ਦੇ ਗੁਰ ਸਮਝਾਉਂਦਿਆਂ ਆਖਿਆ ਕਿ ਲਿਖਣ ਤੋਂ ਪਹਿਲਾਂ ਸਾਨੂੰ ਆਪਣੀ ਰੁਚੀ ਅਨੁਸਾਰ ਸਾਹਿਤ ਦੀਆਂ ਵੰਨ ਸੁਵੰਨੀਆਂ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ। ਸਾਨੂੰ ਵੱਡਿਆਂ ਨੂੰ ਸਤਿਕਾਰਨ,ਬਰਾਬਰ ਦਿਆਂ ਨੂੰ ਵਿਚਾਰਨ ਅਤੇ ਨਵਿਆਂ ਨੂੰ ਦੁਲਾਰਨ ਦੇ ਗੁਰ ਹਮੇਸ਼ਾ ਅਪਨਾਉਣੇ ਚਾਹੀਦੇ ਹਨ। ਮਿਹਨਤ, ਹਿੰਮਤ, ਲਗਨ ਅਤੇ ਸਹਿਣਸ਼ੀਲਤਾ ਆਦਿ ਗੁਣ ਸਾਨੂੰ ਆਦਰਸ਼ ਨਾਗਰਿਕ ਬਣਾਉਂਦੇ ਹਨ। ਅਜਿਹੇ ਗੁਣ ਉੱਚੀਆਂ ਅਤੇ ਸੁੱਚੀਆਂ ਸੋਚਾਂ ਦੇ ਮਾਲਕ ਸੰਗੀ ਸਾਥੀਆਂ ਵਿੱਚੋਂ ਹਾਸਿਲ ਕੀਤੇ ਜਾ ਸਕਦੇ ਹਨ। ਪ੍ਰਿੰਸੀਪਲ ਹਰਵਿੰਦਰ ਕੌਰ ਨੇ ਸਵਾਗਤ ਕਰਦਿਆਂ ਆਖਿਆ ਕਿ ਉਹਨਾਂ ਨੂੰ ਬਲਜਿੰਦਰ ਮਾਨ ਤੇ ਮਾਣ ਹੈ ਜਿਨਾਂ ਨੇ ਬਾਲ ਸਾਹਿਤ ਦੇ ਖੇਤਰ ਵਿੱਚ ਸੰਦਲੀ ਪੈੜਾਂ ਪਾਈਆਂ ਹਨ। ਜਿਵੇਂ ਉਹ ਹਰਮਨ ਪਿਆਰੇ ਅਧਿਆਪਕ ਰਹੇ ਹਨ ਉਸੇ ਤਰ੍ਹਾਂ ਉਹ ਸਤਿਕਾਰੇ ਜਾਣ ਵਾਲੇ ਬਾਲ ਸਾਹਿਤਕਾਰ ਹਨ। ਉਹਨਾਂ ਸਕੂਲ ਵੱਲੋਂ ਬਲਜਿੰਦਰ ਮਾਨ ਨੂੰ ਸਨਮਾਨਿਤ ਵੀ ਕੀਤਾ। ਮਾਨ ਹੋਰਾ ਆਪਣੀਆਂ ਬਾਲ ਪੁਸਤਕਾਂ ਦਾ ਇੱਕ ਸੈਟ ਸਕੂਲ ਦੀ ਲਾਇਬਰੇਰੀ ਨੂੰ ਭੇਟ ਕੀਤਾ। ਮਿੰਨੀ ਕਹਾਣੀਕਾਰ ਸੁਰਜੀਤ ਮੰਨਣਹਾਨੀ ਅਤੇ ਤਕਨੀਕੀ ਮਾਹਿਰ ਸਤਵੰਤ ਸਿੰਘ ਨੇ ਉਹਨਾਂ ਦੀ ਜੀਵਨ ਪ੍ਰਾਪਤੀਆਂ ਤੇ ਰੌਸ਼ਨੀ ਪਾਈ। ਇਸ ਮੌਕੇ ਸਟਾਫ ਮੈਂਬਰ ਉਪਿੰਦਰਜੀਤ ਕੌਰ, ਕੁਲਦੀਪ ਸਿੰਘ, ਨਿਰਮਲ ਸਿੰਘ, ਮੀਨਾਕਸ਼ੀ, ਗੁਰਪ੍ਰੀਤ ਸਿੰਘ, ਰਾਜਵੀਰ ਕੌਰ, ਅੰਜਲੀ, ਸਰਬਜੀਤ ਕੌਰ ਅਤੇ ਰਜਨੀ ਤੋਂ ਇਲਾਵਾ ਐਸ ਐਮ ਸੀ ਮੈਂਬਰ ਸ਼ਾਮਿਲ ਹੋਏ।

# 'ਵਾਟ ਹਯਾਤੀ ਦੀ' ਗ਼ਜ਼ਲ ਸੰਗ੍ਰਹਿ ਸਮਾਜਿਕ ਹਕੀਕੀ ਦਾ ਵਰਨਣ

ਪੁਸਤਕ: ਵਾਟ ਹਯਾਤੀ ਦੀ ਗ਼ਜ਼ਲ ਸੰਗ੍ਰਹਿ
ਸ਼ਾਇਰ: ਤ੍ਰਿਲੋਕ ਸਿੰਘ ਢਿੱਲੋਂ
ਸੰਪਰਕ:9855461644
ਪੰਨੇ :95 ,ਮੁੱਲ :200/-ਰੁਪਏ
ਪਬਲਿਸ਼ਰ: ਸ਼ਬਦਾਂਜਲੀ ਪਬਲੀਕੇਸ਼ਨਜ਼ ਪਟਿਆਲਾ




ਪੰਜਾਬੀ ਸ਼ਾਇਰ ਅਤੇ ਸਾਹਿਤਕ ਲੇਖਕ ਤ੍ਰਿਲੋਕ ਸਿੰਘ ਢਿੱਲੋਂ ਦਾ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਉੱਘਾ ਅਤੇ ਜ਼ਿਕਰਯੋਗ ਨਾਮ ਹੈ।ਉਹ ਗੀਤ, ਕਵਿਤਾ, ਲੇਖ, ਗ਼ਜ਼ਲ ਆਦਿ ਸਾਹਿਤਕ ਵਿਧਾਵਾਂ ਦੀ ਗੂੜ੍ਹੀ ਤਕਨੀਕੀ ਜਾਣਕਾਰੀ ਰੱਖਦਾ ਹੈ। ਇਸੇ ਕਰਕੇ ਉਹਦੀਆਂ ਰਚਨਾਵਾਂ ਕੱਚ ਘਰੜ ਨਹੀਂ, ਸਗੋਂ ਸਾਹਿਤਕ ਨਿਯਮਾਵਲੀ ਚ ਬੱਝੀਆਂ ਅਤੇ ਗੰਭੀਰ ਚਿੰਤਨਧਾਰਾ ਦੀਆਂ ਹਾਮੀ ਹੁੰਦੀਆਂ ਹਨ। ਰਚਨਾਵਾਂ ਦਾ ਕਲਾਤਮਿਕ ਅਤੇ ਰਚਨਾਤਮਕ ਪੱਖ ਬਹੁਤ ਹੀ ਕਮਾਲ ਦਾ ਹੈ। ਉਹਨਾਂ ਦੀਆਂ ਪਹਿਲਾਂ ਵੀ ਕਲਾਤਮਿਕ ਅਤੇ ਸਾਹਿਤਕ ਪੱਖ ਤੋਂ ਮਜ਼ਬੂਤ ਰਚਨਾਵਾਂ ਦੀਆਂ ਪੁਸਤਕਾਂ ਮੰਜ਼ਰ-ਏ-ਆਮ ਤੇ ਦਸਤਕ ਦੇ ਚੁੱਕੀਆਂ ਹਨ,ਜੋ ਪਾਠਕ ਮਨਾਂ ਨੂੰ ਪ੍ਰਭਾਵਿਤ ਕਰਨ ਵਿੱਚ ਬਹੁਤ ਕਾਮਯਾਬ ਰਹੀਆਂ ਹਨ। ਉਹਨਾਂ ਵਤਨ ਦੇ ਗੀਤ (ਕਾਵਿ ਸੰਗ੍ਰਹਿ), ਪਤ ਝੜੇ ਪੁਰਾਣੇ (ਸੰਪੂਰਨ ਨਾਟਕ), ਬਾਰ ਪਰਾਏ ਬੈਸਣਾ (ਇਕਾਂਗੀ/ਨਾਟਕ), ਪੰਜਾਬੀ ਸਾਹਿਤ ਦਾ ਇਤਿਹਾਸ (ਪ੍ਰਸ਼ਨ ਉੱਤਰ), ਸਮੇਂ ਦੇ ਹਾਣੀ (ਸੰਪਾਦਿਤ ਕਾਵਿ ਸੰਗ੍ਰਹਿ), ਹਵਨ ਕੁੰਡ (ਸੰਪਾਦਿਤ ਕਵਿਤਾਵਾਂ ਅਤੇ ਲਲਿਤ ਨਿਬੰਧ ਸੰਗ੍ਰਹਿ), ਸੁਪਨਿਆਂ ਦੇ ਆਰ ਪਾਰ( ਗ਼ਜ਼ਲਾਂ ਅਤੇ ਕਵਿਤਾਵਾਂ ਦਾ ਸੰਗ੍ਰਹਿ), ਤਰੀ ਵਾਲੇ ਕਰੇਲੇ (ਹਾਸ ਵਿਅੰਗ) ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਕੀਤੀਆਂ ਹਨ, ਇਸ ਤੋਂ ਇਲਾਵਾ ਪੰਜਾਬੀ ਸਾਹਿਤ ਦਾ ਲਾਡਲਾ ਇਹ ਸਾਹਿਤਕਾਰ ਸਾਂਝੇ ਸੰਗ੍ਰਹਿਆਂ ਸ਼ਤਾਬਦੀ ਪੰਜਾਬੀ ਸਾਹਿਤ, ਸਾਂਝ ਅਮੁੱਲੀ ਬੋਲੀ ਦੀ, ਜੁਗਨੂੰਆਂ ਦੀ ਸੱਥ, ਕਲਮ ਦੀ ਆਵਾਜ਼, ਅਣਕਹੇ ਜਜ਼ਬਾਤ, ਇਬਾਦਤ, ਸ਼ਬਦਾਂ ਦੀ ਖੁਸ਼ਬੋਈ ਆਦਿ ਵਿੱਚ ਵੀ ਭਰਵੀਂ ਹਾਜ਼ਰੀ ਲਗਵਾਈ ਹੈ। ਹਥਲੀ ਪੁਸਤਕ 'ਵਾਟ ਹਯਾਤੀ ਦੀ' ਉਸਦਾ ਗ਼ਜ਼ਲ ਸੰਗ੍ਰਹਿ ਹੈ, ਜਿਸ ਵਿੱਚ 72 ਗ਼ਜ਼ਲਾਂ ਹਨ।

ਵਿਸ਼ੇ ਪੱਖ ਤੋਂ ਉਸਨੇ ਸਮਾਜ਼ ਦੇ ਹਰ ਪੱਖ ਨੂੰ ਛੂਹਿਆ ਹੈ, ਜੋ ਇਕ ਸੂਝਵਾਨ ਅਤੇ ਬੁੱਧੀਜੀਵੀ ਸਾਹਿਤਕਾਰ ਦੇ ਗੁਣ ਨੂੰ ਦਰਸਾਉਂਦਾ ਹੈ। ਉਸਨੇ ਆਪਣੀਆਂ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਮੁਖੌਟਾਧਾਰੀ ਇਨਸਾਨਾਂ ਉੱਪਰ ਗੰਭੀਰ ਗਹਿਰੀਆਂ ਟਕੋਰਾਂ ਕੀਤੀਆਂ ਹਨ। ਇਸ ਤੋਂ ਇਲਾਵਾ ਵਿਸ਼ਾ ਵਸਤੂ ਅਤੇ ਮੌਜੂਦਾ ਪ੍ਰਧਾਨ ਵਿਚਾਰਧਾਰਾਵਾਂ ਬਾਬਤ ਲਿਖਦਿਆਂ ਉਹਨਾਂ ਚਿੰਤਾ ਜ਼ਾਹਿਰ ਕੀਤੀ ਹੈ:

ਬੋਝ ਥੱਲੇ ਦਬ ਗਿਐ ਸਾਰੇ ਦਾ ਸਾਰਾ ਹੀ ਵਜੂਦ,
ਤੂੰ ਗ਼ਮਾਂ ਦੀ ਸਿਰ ਤੇ ਟੋਕਰੀ ਰੱਖੀ ਹੋਈ ਹੈ ਕਿਉਂ?

ਸਮਾਜਿਕ ਵੰਡੀਆਂ, ਸਾਜ਼ਿਸ਼ਾਂ,ਹਉਮੈ, ਪ੍ਰਤੀ ਵੀ ਲੇਖਕ ਦਾ ਨਜ਼ਰੀਆ ਬਹੁਤ ਹੀ ਚਿੰਤਾਜਨਕ ਜਾਪਦਾ ਹੈ , ਤਾਹੀਓਂ ਉਹ ਲਿਖਦਾ ਹੈ;

ਜਦ ਤਾਕਤ ਤੇ ਹਉਮੈ ਮਿਲਕੇ ਸਾਜ਼ਿਸ਼ ਰਚਦੇ ਨੇ
ਬੰਦਾ ਫਿਰ ਬੰਦਾ ਨਹੀਂ ਦਿਸਦਾ ਜਾਬਰ ਦਿਸਦਾ ਹੈ..

ਔਰਤ ਜ਼ਾਤ ਤੇ ਹੁੰਦੇ ਜ਼ੁਲਮ ਦੀਆਂ ਸਮਾਜ ਵਿਚ ਵਾਪਰਦੀਆਂ ਅਣਹੋਣੀਆਂ ਘਟਨਾਵਾਂ ਮਾਪਿਆਂ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੰਦੀਆਂ ਹਨ, ਉਸ ਅੰਦਰੂਨੀ ਪੀੜ ਦੇ ਦਰਦ ਨੂੰ ਸ਼ਾਇਰ ਮਹਿਸੂਸ ਕਰਦਾ ਹੈ ਅਤੇ ਆਪਣੇ ਸ਼ਬਦਾਂ ਵਿੱਚ ਬਿਆਨ ਕਰਦਿਆਂ ਲਿਖ ਦਿੰਦਾ ਹੈ:

ਖ਼ਬਰ ਸੁਣ ਕੇ ਕਿ ਇਸਮਤ ਧੀ ਦੀ ਲੀਰੋ ਲੀਰ ਹੋਈ ਹੈ,
ਅਭਾਗਾ ਬਾਪ ਅੱਖੀਆਂ ਵਿੱਚ ਕਿਵੇਂ ਸੰਭਾਲਦਾ ਪਾਣੀ?



ਇੰਜੀ. ਸਤਨਾਮ ਸਿੰਘ ਮੱਟੂ
97797-08257

ਲੇਖਕ ਨੇ ਆਪਣੀ ਇਸ ਪੁਸਤਕ ਵਿੱਚ ਸਮਾਜਿਕ, ਸੱਭਿਆਚਾਰਕ, ਧਾਰਮਿਕ, ਰਾਜਨੀਤਕ, ਆਰਥਿਕ ਪੱਖਾਂ ਨੂੰ ਉਜਾਗਰ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਆਪਣੀ ਜ਼ਿੰਦਗੀ ਦੇ ਲੰਮੇ ਤਜਰਬੇ ਅਤੇ ਸਮਾਜੀ ਰਿਸ਼ਤਿਆਂ ਚੋਂ ਮਹਿਸੂਸ ਕੀਤੀਆਂ ਪ੍ਰਸਥਿਤੀਆਂ ਨੂੰ ਸ਼ਾਇਰ ਨੇ ਪ੍ਰਸਤੁਤ ਕਰਨ ਲਈ ਆਪਣੇ ਭਰਪੂਰ ਗਿਆਨ ਨੂੰ ਅਲਫਾਜ਼ ਰੂਪੀ ਸ਼ਬਦਾਂ ਨਾਲ ਗਜਲ ਰੂਪੀ ਮਾਲਾ ਚ ਪ੍ਰੋਣ ਦੇਣ ਕੋਸ਼ਿਸ਼ ਨਾਲ ਲੇਖਕ ਵਧਾਈ ਦਾ ਪਾਤਰ ਬਣ ਜਾਂਦਾ ਹੈ।

***

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# NSB Insurance

# NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928



# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

# Dil Nijjar REALTOR ®

CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd # 100 Sacramento, CA 95834



# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets




# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

# KASH FABRICS



ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138